ਮੰਗਲਵਾਰ, 4 ਅਗਸਤ, 2026
20 ਸਾਉਣ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 64

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 4 AUGUST, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਭਾਜਪਾ ਨੇ ਕੌਮੀ ਪ੍ਰਧਾਨ ਵੱਲੋਂ ਛੱਡੀ ਸੀਟ ਗੁਆਈ

## ਬਾਂਕੀਪੁਰ ਤੋਂ ਜਿੱਤ ਨਾਲ ਪੀ ਕੇ ਦੀ ਧਮਾਕੇਦਾਰ ਐਂਟਰੀ, ਦਤੀਆ 'ਚ ਵੀ ਭਾਜਪਾ ਹਾਰੀ, ਗੁਜਰਾਤ ਦੀ ਮੰਜਾਲਪੁਰ ਸੀਟ 'ਤੇ ਕਬਜ਼ਾ ਬਰਕਰਾਰ

**ਨਵੀਂ ਦਿੱਲੀ (ਨ ਜ਼ ਸ)**
ਜਨ ਸੁਰਾਜ ਪਾਰਟੀ ਦੇ ਬਾਨੀ ਪ੍ਰਸ਼ਾਂਤ ਕਿਸ਼ੋਰ ਉਰਫ ਪੀ ਕੇ ਨੇ ਸੋਮਵਾਰ ਵੱਡਾ ਉਲਟਫੇਰ ਕਰਦਿਆਂ ਬਿਹਾਰ ਅਸੈਂਬਲੀ ਦੀ ਬਾਂਕੀਪੁਰ ਸੀਟ ਦੀ ਉਪ ਚੋਣ ਵਿੱਚ ਭਾਜਪਾ ਉਮੀਦਵਾਰ ਨੀਰਜ ਕੁਮਾਰ ਨੂੰ 19324 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਕਿਸ਼ੋਰ ਨੂੰ 63,946 ਵੋਟਾਂ ਮਿਲੀਆਂ, ਜਦੋਂ ਕਿ ਨੀਰਜ ਕੁਮਾਰ ਨੂੰ 44,700 ਵੋਟਾਂ ਮਿਲੀਆਂ। ਬਾਂਕੀਪੁਰ ਸੀਟ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਦੀ ਰਵਾਇਤੀ ਸੀਟ ਸੀ। ਉਹ ਲਗਾਤਾਰ ਪੰਜ ਵਾਰ ਇੱਥੋਂ ਵਿਧਾਇਕ ਰਹੇ। ਰਾਜ ਸਭਾ ਮੈਂਬਰ ਬਣਨ 'ਤੇ ਉਨ੍ਹਾ ਇਹ ਸੀਟ ਖਾਲੀ ਕੀਤੀ ਸੀ। ਨਬੀਨ ਨੇ 2025 ਦੀਆਂ ਅਸੈਂਬਲੀ ਚੋਣਾਂ ਵਿੱਚ 51,936 ਤੋਂ ਵੱਧ ਵੋਟਾਂ ਨਾਲ ਇਹ ਸੀਟ ਜਿੱਤੀ ਸੀ। ਬਾਂਕੀਪੁਰ ਸੀਟ 'ਤੇ ਭਾਜਪਾ ਦਾ 22 ਸਾਲਾਂ ਤੋਂ ਕਬਜ਼ਾ ਸੀ। ਜਨ ਸੁਰਾਜ ਪਾਰਟੀ ਦੇ ਸੂਬਾ ਪ੍ਰਧਾਨ ਮਨੋਜ ਭਾਰਤੀ ਨੇ ਕਿਹਾ, 'ਇਹ ਸਾਡੀ ਪਾਰਟੀ ਲਈ ਇੱਕ ਸੁਨਹਿਰੀ ਯੁੱਗ ਦੀ ਸ਼ੁਰੂਆਤ ਹੈ। ਲੋਕਤੰਤਰ ਵਿੱਚ ਲੋਕਾਂ ਦੀ ਇੱਛਾ ਸਰਵਉੱਚ ਹੁੰਦੀ ਹੈ। ਇਹ ਫੈਸਲਾ ਉਨ੍ਹਾਂ ਪਾਰਟੀਆਂ ਅਤੇ ਨੇਤਾਵਾਂ ਲਈ ਇੱਕ ਸੰਦੇਸ਼ ਹੈ, ਜੋ ਹੰਕਾਰੀ ਢੰਗ ਨਾਲ ਹਲਕਿਆਂ ਨੂੰ ਜਗੀਰ ਸਮਝਦੇ ਹਨ।'

ਮੱਧ ਪ੍ਰਦੇਸ਼ ਦੀ ਦਤੀਆ ਸੀਟ ਕਾਂਗਰਸ ਦੇ ਘਣਸ਼ਿਆਮ ਸਿੰਘ ਨੇ 6,016 ਵੋਟਾਂ ਦੇ ਫਰਕ ਨਾਲ ਜਿੱਤ ਲਈ ਹੈ। ਭਾਜਪਾ ਨੇ ਸਾਬਕਾ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਦੀ ਥਾਂ ਆਸ਼ੂਤੋਸ਼ ਤਿਵਾੜੀ ਨੂੰ ਉਮੀਦਵਾਰ ਬਣਾਇਆ ਸੀ। ਭਾਜਪਾ ਨਰੋਤਮ ਦੇ ਬੂਥ ਨੰਬਰ 121 ਤੋਂ ਵੀ ਹਾਰ ਗਈ। ਇੱਥੇ ਕਾਂਗਰਸ ਨੂੰ 291 ਅਤੇ ਭਾਜਪਾ ਨੂੰ 264 ਵੋਟਾਂ ਮਿਲੀਆਂ। ਗੁਜਰਾਤ ਦੀ ਮੰਜਾਲਪੁਰ ਸੀਟ 'ਤੇ ਭਾਜਪਾ

• ਬਾਕੀ ਸਫਾ 2 'ਤੇ



### ਭਾਜਪਾ ਆਪਣਾ ਕੁੱਤਾ-ਬਿੱਲੀ ਜਿਤਾ ਰਹੀ ਸੀ !

ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਹਲਕੇ ਵਿੱਚ ਚੋਣ ਪ੍ਰਚਾਰ ਦੌਰਾਨ ਕਿਹਾ ਸੀ, 'ਜੇ ਅਸੀਂ ਬਾਂਕੀਪੁਰ ਵਿੱਚ ਭਾਜਪਾ ਦੀ ਟਿਕਟ 'ਤੇ ਕੁੱਤੇ ਜਾਂ ਬਿੱਲੀ ਨੂੰ ਵੀ ਖੜ੍ਹਾ ਕਰਦੇ ਹਾਂ, ਤਾਂ ਵੀ ਉਹ ਜਿੱਤ ਜਾਵੇਗਾ।' ਪ੍ਰਸਾਦ ਨੇ ਬਾਅਦ ਵਿੱਚ ਇਸ ਟਿੱਪਣੀ ਤੋਂ ਇਨਕਾਰ ਕੀਤਾ ਸੀ।

### ਲੱਡੂ ਵੱਟੇ ਰਹਿ ਗਏ



**ਪਟਨਾ :** ਪੀ ਕੇ ਦੀ ਜਿੱਤ ਤੋਂ ਬਾਅਦ ਭਾਜਪਾ ਦੇ ਲੱਡੂ ਧਰੇ-ਧਰਾਏ ਰਹਿ ਜਾਣ 'ਤੇ ਇੱਕ ਸੋਸ਼ਲ ਮੀਡੀਆ ਯੂਜ਼ਰ ਨੇ ਲਿਖਿਆ : ਇਹ ਲੱਡੂ ਹੁਣ ਪੀ ਕੇ ਦੇ ਦਫਤਰ ਭੇਜੋ। ਇੱਕ ਹੋਰ ਨੇ ਲਿਖਿਆ, 'ਬੱਸ ਉਤਸੁਕਤਾ ਦੇ ਕਾਰਨ, ਆਮ ਤੌਰ 'ਤੇ ਉਨ੍ਹਾਂ ਲੱਡੂਆਂ ਦਾ ਕੀ ਹੁੰਦਾ ਹੈ, ਜੋ ਪਾਰਟੀਆਂ ਜਾਂ ਉਮੀਦਵਾਰ ਚੋਣ ਹਾਰ ਜਾਣ 'ਤੇ ਜਿੱਤ ਦੀ ਉਮੀਦ ਵਿੱਚ ਬਣਾਉਂਦੇ ਹਨ? ਕੀ ਉਹ ਕਿਤੇ ਵੰਡੇ ਜਾਂਦੇ ਹਨ, ਦਾਨ ਕੀਤੇ ਜਾਂਦੇ ਹਨ ਜਾਂ ਬਰਬਾਦ ਹੋ ਜਾਂਦੇ ਹਨ?'

# ਮੋਦੀ ਸਰਕਾਰ ਨੇ ਕਰੋੜਾਂ ਵਿਦਿਆਰਥੀਆਂ ਦੇ ਸੁਪਨੇ ਚਕਨਾਚੂਰ ਕੀਤੇ : ਮਾਨ

## ਵਿਦਿਆਰਥੀਆਂ 'ਤੇ ਜਬਰ : ਅਸੈਂਬਲੀ 'ਚ ਕੇਂਦਰ ਸਰਕਾਰ ਖਿਲਾਫ ਨਿੰਦਾ ਮਤਾ ਪਾਸ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)**
ਪੰਜਾਬ ਵਿਧਾਨ ਸਭਾ ਨੇ ਸੋਮਵਾਰ ਜੈਨ-ਜ਼ੀ ਨਾਲ ਦ੍ਰਿੜ੍ਹਤਾ ਨਾਲ ਖੜ੍ਹਦਿਆਂ ਅਤੇ ਦੇਸ਼ ਦੇ ਨੌਜਵਾਨਾਂ 'ਤੇ ਹੋ ਰਹੇ ਜ਼ੁਲਮਾਂ ਵਿਰੁੱਧ ਆਵਾਜ਼ ਬੁਲੰਦ ਕਰਦੇ ਹੋਏ ਦੇਸ਼ ਭਰ ਵਿੱਚ ਇੱਕ ਤੋਂ ਬਾਅਦ ਇੱਕ ਪੇਪਰ ਲੀਕ ਦੇ ਮਾਮਲਿਆਂ ਵਿਰੁੱਧ ਜ਼ੁਬਾਨੀ ਵੋਟ ਨਾਲ ਨਿੰਦਾ ਮਤਾ ਪਾਸ ਕੀਤਾ। ਮਤੇ 'ਤੇ ਬਹਿਸ ਨੂੰ ਸਮੇਟਦਿਆਂ ਅਤੇ ਫਿਰ ਮੀਡੀਆ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਰਾਜ ਵਿੱਚ ਵਾਰ-ਵਾਰ ਹੋ ਰਹੇ ਪੇਪਰ ਲੀਕ ਦੇ ਮਾਮਲਿਆਂ ਨੇ ਕਰੋੜਾਂ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਚਕਨਾਚੂਰ ਕਰ ਦਿੱਤਾ ਹੈ, ਜਦਕਿ ਇਨਸਾਫ਼ ਮੰਗਣ ਵਾਲਿਆਂ ਨੂੰ ਜਵਾਬਦੇਹੀ ਦੀ ਬਜਾਏ ਅੱਥਰੂ ਗੈਸ ਦੇ ਗੋਲਿਆਂ, ਪੈਲਟ ਗੰਨਾਂ ਅਤੇ ਪੁਲਸ ਕਾਰਵਾਈ ਦਾ ਸਾਹਮਣਾ ਕਰਨਾ ਪਿਆ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਇਹ ਨਿੰਦਾ ਮਤਾ ਪ੍ਰਧਾਨ ਮੰਤਰੀ ਦਫ਼ਤਰ, ਕੇਂਦਰੀ ਸਿੱਖਿਆ ਮੰਤਰਾਲੇ ਅਤੇ



ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜੇਗੀ, ਜਿਸ ਵਿੱਚ ਕੇਂਦਰ ਨੂੰ ਪੇਪਰ ਲੀਕ ਦੇ ਮਾਮਲਿਆਂ ਨੂੰ ਰੋਕਣ ਅਤੇ ਦੇਸ਼ ਦੀ ਸਿੱਖਿਆ ਪ੍ਰਣਾਲੀ ਦੀ ਮਜ਼ਬੂਤੀ ਲਈ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਮਤੇ 'ਤੇ ਬਹਿਸ ਦੌਰਾਨ ਕਾਂਗਰਸ ਨੇ ਸਦਨ 'ਚੋਂ ਵਾਕਆਊਟ ਕਰ ਦਿੱਤਾ।

ਮਾਨ ਨੇ ਕਿਹਾ, 'ਪੂਰੀ ਦੁਨੀਆ ਵਿੱਚ ਪੈਲਟ ਗੰਨਾਂ 'ਤੇ ਪਾਬੰਦੀ ਹੈ, ਪਰ ਕੇਂਦਰ ਸਰਕਾਰ ਨੇ ਨਿਰਦੋਸ਼ ਵਿਦਿਆਰਥੀਆਂ ਵਿਰੁੱਧ ਬੇਰਹਿਮੀ ਨਾਲ ਇਹਨਾਂ ਦੀ ਵਰਤੋਂ ਕੀਤੀ ਹੈ।' ਮਾਨ ਨੇ

• ਬਾਕੀ ਸਫਾ 2 'ਤੇ

## ਸਾਂਝ ਕੇਂਦਰਾਂ 'ਚ ਆਧਾਰ ਕਾਰਡ ਵੈਧ




**ਚੰਡੀਗੜ੍ਹ :** ਪੰਜਾਬ ਪੁਲਸ ਨੇ ਸੋਮਵਾਰ ਨੂੰ ਸਪੱਸ਼ਟ ਕੀਤਾ ਕਿ ਸੂਬੇ ਭਰ ਦੇ ਸਾਰੇ 'ਸਾਂਝ ਕੇਂਦਰਾਂ' ਵਿੱਚ ਆਧਾਰ ਕਾਰਡ ਨੂੰ ਸਰਕਾਰ ਵੱਲੋਂ ਜਾਰੀ ਕੀਤੇ ਗਏ ਪਛਾਣ ਤੇ ਪਤੇ ਦੇ ਵੈਧ ਸਬੂਤ ਵਜੋਂ ਸਵੀਕਾਰ ਕੀਤਾ ਜਾਂਦਾ ਰਹੇਗਾ। ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਸ (ਕਮਿਊਨਿਟੀ ਅਫੇਅਰਜ਼ ਡਵੀਜ਼ਨ) ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਪੰਜਾਬ ਪੁਲਸ ਵੱਲੋਂ ਇਸ ਦੇ ਉਲਟ ਕੋਈ ਨਿਰਦੇਸ਼ ਜਾਰੀ ਨਹੀਂ ਕੀਤਾ ਗਿਆ। ਇਹ ਸਪੱਸ਼ਟੀਕਰਨ ਇੱਕ ਰਿਪੋਰਟ ਤੋਂ ਬਾਅਦ ਆਇਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਸੂਬੇ ਦੇ ਕਈ ਹਿੱਸਿਆਂ ਵਿੱਚ ਸਾਂਝ ਕੇਂਦਰ ਆਧਾਰ ਕਾਰਡ ਨੂੰ ਪਛਾਣ ਦੇ ਵੈਧ ਦਸਤਾਵੇਜ਼ ਵਜੋਂ ਸਵੀਕਾਰ ਨਹੀਂ ਕਰ ਰਹੇ। ਸਾਂਝ ਕੇਂਦਰਾਂ ਦੇ ਮੁਲਾਜ਼ਮਾਂ ਨੇ ਦੱਸਿਆ ਸੀ ਕਿ ਉਨ੍ਹਾਂ ਨੂੰ ਆਪਣੇ ਮੁੱਖ ਦਫ਼ਤਰ ਤੋਂ ਆਧਾਰ ਕਾਰਡ ਨੂੰ ਪਛਾਣ ਦੇ ਵੈਧ ਸਬੂਤ ਵਜੋਂ ਸਵੀਕਾਰ ਨਾ ਕਰਨ ਬਾਰੇ ਸੁਨੇਹਾ ਮਿਲਿਆ ਹੈ। ਸਾਂਝ ਕੇਂਦਰ ਦੇ ਅਧਿਕਾਰੀਆਂ ਨੇ ਲੋਕਾਂ ਨੂੰ ਦੱਸਿਆ ਸੀ ਕਿ ਵੋਟਰ ਕਾਰਡ ਜਾਂ ਪਛਾਣ ਪੱਤਰ ਦਾ ਕੋਈ ਹੋਰ ਰੂਪ ਜਿਵੇਂ ਕਿ ਡਰਾਈਵਿੰਗ ਲਾਇਸੰਸ ਜਾਂ ਪਾਸਪੋਰਟ ਵੈਧ ਹਨ।

## ਕਲੋਰੀਨ ਲੀਕ ਹੋਣ ਨਾਲ ਦਹਿਸ਼ਤ

**ਰੋਪੜ :** ਨੰਗਲ ਕਸਬੇ ਵਿੱਚ ਸਥਿਤ 'ਪ੍ਰੀਮੋ ਕੈਮੀਕਲਜ਼' ਪਲਾਂਟ ਵਿੱਚੋਂ ਸੋਮਵਾਰ ਸਵੇਰੇ ਕਲੋਰੀਨ ਗੈਸ ਲੀਕ ਹੋਣ ਕਾਰਨ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਕਲੋਨੀਆਂ ਵਿੱਚ ਰਹਿੰਦੇ ਲੋਕਾਂ ਨੇ ਦੱਸਿਆ ਕਿ ਬਦਬੂ ਉਨ੍ਹਾਂ ਦੇ ਘਰਾਂ ਤੱਕ ਪਹੁੰਚ ਗਈ। ਗੈਸ ਲੀਕੇਜ ਦਾ ਅਸਰ ਸਿਰਫ ਨੰਗਲ ਕਸਬੇ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਨੇੜਲੇ ਪਿੰਡਾਂ ਵਿੱਚ ਵੀ ਬਦਬੂ ਮਹਿਸੂਸ ਕੀਤੀ ਗਈ। ਦੂਜੇ ਪਾਸੇ, 'ਪ੍ਰੀਮੋ ਕੈਮੀਕਲਜ਼' ਦੇ ਡਿਪਟੀ ਜਨਰਲ ਮੈਨੇਜਰ ਅਤੇ ਬੁਲਾਰੇ ਭਗਵਤੀ ਪ੍ਰਸਾਦ ਨੇ ਪਲਾਂਟ ਦੇ ਅੰਦਰ ਕਲੋਰੀਨ ਗੈਸ ਲੀਕ ਹੋਣ ਦੀ ਪੁਸ਼ਟੀ ਕੀਤੀ, ਪਰ ਨਾਲ ਹੀ ਕਿਹਾ ਕਿ ਇਸ 'ਤੇ ਤੁਰੰਤ ਕਾਬੂ ਪਾ ਲਿਆ ਗਿਆ ਸੀ। ਕਲੋਰੀਨ ਦੀ ਪਾਈਪ ਲਾਈਨ ਵਿੱਚ ਇੱਕ ਬਾਰੀਕ ਲੀਕੇਜ ਸੀ, ਜਿਸ ਨੂੰ ਠੀਕ ਕਰ ਦਿੱਤਾ ਗਿਆ ਹੈ। ਲੀਕੇਜ ਕਾਰਨ ਆਮ ਲੋਕਾਂ ਦੀ ਜਾਨ ਨੂੰ ਕੋਈ ਖਤਰਾ ਨਹੀਂ। ਨੇੜਲੇ ਪਿੰਡਾਂ ਦੇ ਲੋਕਾਂ ਨੇ ਪਹਿਲਾਂ ਵੀ ਕਈ ਵਾਰ ਦੋਸ਼ ਲਾਏ ਹਨ ਕਿ ਇਸ ਪਲਾਂਟ ਤੋਂ ਨਿਕਲਣ ਵਾਲੇ ਧੂੰਏਂ ਅਤੇ ਗੈਸਾਂ ਨਾਲ ਫਸਲਾਂ ਦਾ ਨੁਕਸਾਨ ਹੁੰਦਾ ਹੈ ਅਤੇ ਧਰਤੀ ਹੇਠਲਾ ਪਾਣੀ ਵੀ ਦੂਸ਼ਤ ਹੋ ਰਿਹਾ ਹੈ। ਹਾਲਾਂਕਿ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀਆਂ ਨੇ ਪਹਿਲਾਂ ਹੋਈਆਂ ਜਾਂਚਾਂ ਦੇ ਹਵਾਲੇ ਨਾਲ ਕਿਹਾ ਸੀ ਕਿ ਫਸਲਾਂ ਦੇ ਨੁਕਸਾਨ ਜਾਂ ਪਾਣੀ ਦੂਸ਼ਤ ਹੋਣ ਦੇ ਦੋਸ਼ਾਂ ਦਾ ਕੋਈ ਠੋਸ ਸਬੂਤ ਨਹੀਂ ਮਿਲਿਆ।

## ਕਾਂਵੜੀਆਂ ਦਾ ਸਕੂਲ ਵੈਨ 'ਤੇ ਹਮਲਾ

**ਲਖਨਊ :** ਸੋਮਵਾਰ ਸਵੇਰੇ ਲਖਨਊ ਵਿੱਚ ਮਾਮੂਲੀ ਟੱਕਰ ਤੋਂ ਬਾਅਦ ਤਿੰਨ ਮੋਟਰਸਾਈਕਲਾਂ 'ਤੇ ਸਵਾਰ ਛੇ ਕਾਂਵੜੀਆਂ ਨੇ ਛੋਟੇ ਬੱਚਿਆਂ ਨੂੰ ਸਕੂਲ ਲਿਜਾ ਰਹੀ ਸਕੂਲ ਵੈਨ 'ਤੇ ਹਮਲਾ ਕਰ ਦਿੱਤਾ। ਘਟਨਾ ਚੌਕ ਇਲਾਕੇ ਦੇ ਚਰਕ ਕਰਾਸਿੰਗ 'ਤੇ ਵਾਪਰੀ, ਜਿਸ ਕਾਰਨ ਬੱਚੇ ਡਰ ਗਏ। ਪੁਲਸ ਨੇ ਦੱਸਿਆ ਕਿ ਕਾਂਵੜੀਆਂ ਨੇ ਵੈਨ ਦੇ ਪਿਛਲੀ ਵਿੰਡਸ਼ੀਲਡ ਅਤੇ ਸਾਈਡ ਸ਼ੀਸ਼ੇ ਨੂੰ ਹੱਥਾਂ ਨਾਲ ਮਾਰਿਆ, ਜਿਸ ਨਾਲ ਦੋਵਾਂ ਨੂੰ ਨੁਕਸਾਨ ਪਹੁੰਚਿਆ ਅਤੇ ਫਿਰ ਮੌਕੇ ਤੋਂ ਭੱਜ ਗਏ।

## ਸਵਾਤ ਆਤਮਘਾਤੀ ਹਮਲੇ 'ਚ ਮ੍ਰਿਤਕਾਂ ਦੀ ਗਿਣਤੀ 17 ਹੋਈ

**ਇਸਲਾਮਾਬਾਦ :** ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਵਿੱਚ ਰੈਲੀ ਦੌਰਾਨ ਥਾਣੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਆਤਮਘਾਤੀ ਹਮਲੇ ਵਿੱਚ ਜਾਨ ਗੁਆਉਣ ਵਾਲਿਆਂ ਦੀ ਗਿਣਤੀ ਵਧ ਕੇ 17 ਹੋ ਗਈ ਹੈ। ਪੁਲਸ ਨੇ ਸੋਮਵਾਰ ਦੱਸਿਆ ਕਿ ਸਵਾਤ ਜ਼ਿਲ੍ਹੇ ਦੇ ਕਬਾਲ ਕਸਬੇ ਵਿੱਚ ਥਾਣੇ ਦੇ ਬਿਲਕੁਲ ਸਾਹਮਣੇ ਐਤਵਾਰ ਨੂੰ ਸਵਾਤ ਸ਼ਾਂਤੀ ਰੈਲੀ ਦੌਰਾਨ ਧਮਾਕਾ ਹੋਇਆ ਸੀ। ਹਮਲੇ ਵਿੱਚ ਪੰਜ ਸੁਰੱਖਿਆ ਜਵਾਨਾਂ ਸਮੇਤ ਘੱਟੋ-ਘੱਟ 14 ਲੋਕਾਂ ਦੀ ਮੌਤ ਹੋ ਗਈ ਸੀ। ਇਲਾਜ ਦੌਰਾਨ ਤਿੰਨ ਹੋਰ ਜ਼ਖ਼ਮੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਸੱਤ ਪੁਲਸ ਮੁਲਾਜ਼ਮ ਅਤੇ 10 ਆਮ ਨਾਗਰਿਕ ਹਨ। ਹੁਣ ਤੱਕ ਕਿਸੇ ਵੀ ਸੰਗਠਨ ਜਾਂ ਵਿਅਕਤੀ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ।

# ਬ੍ਰਿਜ ਭੂਸ਼ਣ ਜਿਸਮਾਨੀ ਸ਼ੋਸ਼ਣ ਦੇ ਦੋਸ਼ਾਂ ਤੋਂ ਬਰੀ

**ਨਵੀਂ ਦਿੱਲੀ (ਨ ਜ਼ ਸ)-** ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਅਸ਼ਵਨੀ ਪਵਾਰ ਨੇ ਸੋਮਵਾਰ ਵਿਸ਼ਵ ਚੈਂਪੀਅਨਸ਼ਿਪ ਤਮਗਾ ਜੇਤੂ ਵਿਨੇਸ਼ ਫੋਗਾਟ ਸਮੇਤ ਛੇ ਮਹਿਲਾ ਪਹਿਲਵਾਨਾਂ ਵੱਲੋਂ ਦਾਇਰ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ (ਡਬਲਿਊ ਐੱਫ ਆਈ) ਦੇ ਸਾਬਕਾ ਮੁਖੀ ਅਤੇ ਸਾਬਕਾ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਸਬੂਤਾਂ ਦੀ ਘਾਟ ਦੇ ਆਧਾਰ 'ਤੇ ਬਰੀ ਕਰ ਦਿੱਤਾ। 2023 ਦੇ ਇਸ ਹਾਈ-ਪ੍ਰੋਫਾਈਲ ਮਾਮਲੇ ਵਿੱਚ ਡਬਲਿਊ ਐੱਫ ਆਈ ਦੇ ਸਾਬਕਾ ਸਹਾਇਕ ਸਕੱਤਰ ਵਿਨੋਦ ਤੋਮਰ ਨੂੰ ਵੀ ਬਰੀ ਕਰ ਦਿੱਤਾ ਗਿਆ ਹੈ।



ਦੂਜੇ ਪਾਸੇ ਹਰਿਆਣਾ ਦੀ ਕਾਂਗਰਸ ਵਿਧਾਇਕ ਫੋਗਾਟ ਨੇ ਕਿਹਾ ਕਿ ਮਹਿਲਾ ਪਹਿਲਵਾਨਾਂ ਨੇ ਆਪਣੇ ਵਕੀਲਾਂ ਨੂੰ ਫੈਸਲੇ ਖਿਲਾਫ ਅਪੀਲ ਕਰਨ ਲਈ ਕਿਹਾ ਹੈ ਅਤੇ ਇਹ ਜਲਦੀ ਤੋਂ ਜਲਦੀ ਦਾਇਰ ਕੀਤੀ ਜਾਵੇਗੀ। ਮੁਲਜ਼ਮਾਂ ਦੇ ਵਕੀਲ ਰਾਜੀਵ ਮੋਹਨ ਨੇ ਕਿਹਾ ਕਿ ਬੰਦ ਕਮਰੇ (ਇਨ-ਕੈਮਰਾ) ਦੀ ਕਾਰਵਾਈ ਵਿੱਚ ਫੈਸਲਾ ਸੁਣਾਉਂਦਿਆਂ ਜੱਜ ਨੇ ਸਬੂਤਾਂ ਦੀ ਘਾਟ, ਗਵਾਹਾਂ ਦੇ ਅਸੰਗਤ ਅਤੇ ਵਿਰੋਧੀ ਬਿਆਨਾਂ ਦਾ ਹਵਾਲਾ ਦਿੱਤਾ।

ਕੋਰਟ ਰੂਮ ਤੋਂ ਬਾਹਰ ਆਉਂਦਿਆਂ ਬ੍ਰਿਜ ਭੂਸ਼ਣ ਨੇ ਕਿਹਾ, 'ਮੈਂ ਪਹਿਲੇ ਦਿਨ ਹੀ ਕਿਹਾ ਸੀ ਕਿ ਜੇ ਦੋਸ਼ ਸੱਚ ਹਨ, ਤਾਂ ਮੈਂ ਆਪਣੇ ਆਪ ਨੂੰ ਫਾਂਸੀ ਲਟਕਾ ਲਵਾਂਗਾ। ਮੈਂ ਬਹੁਤ ਖੁਸ਼ ਹਾਂ ਕਿ ਮੈਨੂੰ ਅੱਜ ਬਰੀ ਕਰ ਦਿੱਤਾ ਗਿਆ ਹੈ। ਇਹ ਮੇਰੇ ਲਈ ਚੰਗੀ ਖਬਰ ਹੈ ਅਤੇ ਮੇਰੇ ਸਮਰਥਕਾਂ ਲਈ ਚੰਗੀ ਖ਼ਬਰ ਹੈ। ਮੈਂ ਇਸ ਤੋਂ ਵੱਧ ਕੁਝ ਨਹੀਂ ਕਹਿ ਸਕਦਾ।'

ਖੇਡ ਜਗਤ ਨੂੰ ਹਿਲਾ ਦੇਣ ਵਾਲੇ ਇਹ ਦੋਸ਼ ਅਪਰੈਲ-ਮਈ 2023 ਵਿੱਚ ਸਾਹਮਣੇ ਆਏ ਸਨ, ਜਦੋਂ ਮਹਿਲਾ ਪਹਿਲਵਾਨਾਂ ਨੇ ਦਿੱਲੀ ਦੇ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕੀਤਾ ਸੀ ਅਤੇ ਬ੍ਰਿਜ ਭੂਸ਼ਣ 'ਤੇ ਮਹਿਲਾ ਪਹਿਲਵਾਨਾਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਸੀ।

ਫੋਗਾਟ, ਪਹਿਲਵਾਨ ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਦੇ ਨਾਲ 36 ਦਿਨਾਂ ਦੇ ਧਰਨੇ ਦਾ ਚਿਹਰਾ ਸਨ। ਫੋਗਾਟ ਅਤੇ ਪੂਨੀਆ ਨੇ ਕਿਹਾ ਹੈ ਕਿ ਪਹਿਲਵਾਨਾਂ ਨੇ ਉਮੀਦ ਨਹੀਂ ਛੱਡੀ ਅਤੇ ਆਪਣੀ ਲੜਾਈ ਜਾਰੀ ਰੱਖਣਗੇ। ਸ਼ੁਰੂ ਤੋਂ ਹੀ ਪੂਰਾ ਪ੍ਰਸ਼ਾਸਨ, ਸਰਕਾਰ ਅਤੇ ਸਿਸਟਮ ਬ੍ਰਿਜ ਭੂਸ਼ਣ ਨੂੰ ਬਚਾਉਣ ਵਿੱਚ ਲੱਗੇ ਹੋਏ ਹਨ।

## ਡੀ ਏ ਦੀ ਅਦਾਇਗੀ ਇਸੇ ਮਹੀਨੇ ਕਰਨ ਦੇ ਹੁਕਮ

**ਚੰਡੀਗੜ੍ਹ (ਸੁਰਜੀਤ ਸੁਮਨ)-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੋਮਵਾਰ ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 31 ਅਗਸਤ ਤੱਕ ਮੁਕੰਮਲ ਡੀ ਏ ਦੇਣ ਦੇ ਹੁਕਮ ਕੀਤੇ ਹਨ। ਇਸ ਫੈਸਲੇ ਨਾਲ ਹਾਈ ਕੋਰਟ ਨੇ ਸਾਰੀਆਂ ਐੱਲ ਪੀ ਏ ਪਟੀਸ਼ਨਾਂ ਖਤਮ ਕਰ ਦਿੱਤੀਆਂ ਹਨ ਅਤੇ ਸਰਕਾਰ ਨੂੰ ਹਾਈ ਕੋਰਟ ਵਿੱਚ ਐਫੀਡੇਵਿਟ ਵੀ ਫਾਈਲ ਕਰਨ ਲਈ ਕਿਹਾ ਗਿਆ ਹੈ। ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੀ ਡਵੀਜ਼ਨ ਬੈਂਚ ਨੇ ਜਸਟਿਸ ਹਰਪ੍ਰੀਤ ਸਿੰਘ ਬਰਾੜ ਵੱਲੋਂ ਦਿੱਤੇ ਗਏ ਪਹਿਲੇ ਫੈਸਲੇ ਨੂੰ ਬਰਕਰਾਰ ਰੱਖਿਆ। ਇਸ ਫੈਸਲੇ ਨਾਲ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਵੱਡੀ ਰਾਹਤ ਮਿਲੀ ਹੈ। ਸਾਲ 2023 ਤੋਂ ਡੀ ਏ ਦੇ ਭੁਗਤਾਨ ਵਿੱਚ ਦੇਰੀ ਕਾਰਨ ਮੁਲਾਜ਼ਮ ਪ੍ਰੇਸ਼ਾਨ ਚੱਲ ਰਹੇ ਸਨ। ਸੂਬੇ ਦੇ ਮੁਲਾਜ਼ਮ ਇਸ ਸਮੇਂ ਕੇਂਦਰ ਨਾਲੋਂ 18 ਫੀਸਦੀ ਘੱਟ ਡੀ ਏ ਲੈ ਰਹੇ ਸਨ। ਐਡਵੋਕੇਟ ਸੰਨੀ ਸਿੰਗਲਾ ਨੇ ਕਿਹਾ ਕਿ ਅਦਾਲਤ ਨੇ ਉਕਤ ਫੈਸਲਾ ਸੁਣਾਇਆ ਹੈ ਕਿ ਜੇ ਇਸ ਮਹੀਨੇ ਦੇ ਅੰਤ ਤੱਕ ਭੁਗਤਾਨ ਨਾ ਕੀਤਾ ਗਿਆ, ਤਾਂ ਸਰਕਾਰ ਨੂੰ 6 ਫੀਸਦੀ ਵਿਆਜ ਵੀ ਦੇਣਾ ਪਵੇਗਾ। ਪੰਜਾਬ ਸਿਵਲ ਸਕੱਤਰੇਤ ਦੇ ਗਲਿਆਰਿਆਂ 'ਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ। ਮੁਲਾਜ਼ਮ ਆਗੂ ਸੁਖਚੈਨ ਸਿੰਘ ਖਹਿਰਾ, ਸੁਸ਼ੀਲ ਕੁਮਾਰ ਫੌਜੀ, ਮਨਪ੍ਰੀਤ ਸਿੰਘ ਰੰਧਾਵਾ, ਸਾਹਿਲ ਸ਼ਰਮਾ ਤੇ ਹੋਰਾਂ ਨੇ ਫੈਸਲੇ ਉੱਤੇ ਸੰਤੁਸ਼ਟੀ ਜ਼ਾਹਿਰ ਕੀਤੀ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਹੁਣ ਸਰਕਾਰ ਨੂੰ ਇਸ ਫੈਸਲੇ ਵਿਰੁੱਧ ਉੱਚ ਅਦਾਲਤ ਵਿੱਚ ਜਾਣ ਦੀ ਬਜਾਏ ਮੁਲਾਜ਼ਮ ਜਥੇਬੰਦੀਆਂ ਨਾਲ ਟੇਬਲ ਟਾਕ ਕਰਕੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਦਾ ਨਿਪਟਾਰਾ ਕਰਨ ਬਾਰੇ ਸੋਚਣਾ ਚਾਹੀਦਾ ਹੈ।

# ਏ ਆਈ ਦੇ ਦੌਰ 'ਚ ਆਉਣ ਵਾਲੇ ਚਾਰ ਸਾਲ ਨਿਰਣਾਇਕ ਹੋਣਗੇ : ਜਗਰੂਪ

**ਜਲਾਲਾਬਾਦ (ਬਲਵਿੰਦਰ ਸਿੰਘ)**
ਇੱਥੇ ਸਥਾਨਕ ਸੁਤੰਤਰ ਭਵਨ ਦਫਤਰ ਸੀ.ਪੀ.ਆਈ. ਵਿਖੇ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਚਲਾਈ 'ਬਨੇਗਾ ਪ੍ਰਾਪਤੀ ਮੁਹਿੰਮ' ਅਤੇ ਕੰਸਟ੍ਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ (ਰਜਿ:) ਏਟਕ ਵੱਲੋਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ ਨੂੰ ਸਮਰਪਿਤ 'ਮੌਜੂਦਾ ਹਾਲਾਤ ਅਤੇ ਸ਼ਹੀਦ ਊਧਮ ਸਿੰਘ ਦੀ ਵਿਚਾਰਧਾਰਾ' ਵਿਸ਼ੇ 'ਤੇ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਇਲਾਕੇ ਭਰ ਦੇ ਵੱਡੀ ਗਿਣਤੀ 'ਚ ਨੌਜਵਾਨਾਂ, ਵਿਦਿਆਰਥੀਆਂ ਅਤੇ ਉਸਾਰੀ ਕਿਰਤੀਆਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਦੀ ਅਗਵਾਈ ਕੰਸਟ੍ਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਦੇ ਸੂਬਾਈ ਆਗੂ ਪਰਮਜੀਤ




ਸਿੰਘ ਢਾਬਾਂ, ਜ਼ਿਲ੍ਹਾ ਸਕੱਤਰ ਸੋਨਾ ਸਿੰਘ ਧੂੰਨਕੀਆਂ, ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਆਗੂ ਸੰਦੀਪ ਜੋਧਾ, ਬਲਾਕ ਜਲਾਲਾਬਾਦ ਦੇ ਪ੍ਰਧਾਨ ਅਸ਼ੋਕ ਢਾਬਾਂ, ਬਲਵਿੰਦਰ ਘੁਬਾਇਆ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਆਗੂ ਸੁਨੀਲ ਢਾਣੀ, ਬਚਨ ਸਿੰਘ, ਅਨੀਸ਼ਾ ਰਾਣੀ ਅਤੇ ਗੁਰਪਿੰਦਰ ਠਠੇਰਾਂ ਨੇ ਕੀਤੀ। ਇਸ ਸੈਮੀਨਾਰ ਵਿੱਚ ਬਨੇਗਾ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਸਾਥੀ ਜਗਰੂਪ ਸਿੰਘ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾਰਾਏ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਸੈਮੀਨਾਰ ਦੇ ਉਦਘਾਟਨ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾਰਾਏ ਨੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦ ਊਧਮ ਸਿੰਘ ਦਾ ਜੀਵਨ ਫਲਸਫ਼ਾ ਅਦੁੱਤੀ ਕੁਰਬਾਨੀ ਨਾਲ ਲੈਸ ਹੈ ਅਤੇ ਅੱਜ ਲੋੜ ਹੈ ਕਿ

• ਬਾਕੀ ਸਫਾ 2 'ਤੇ

# ਸਰਕਾਰਾਂ ਐੱਫ ਆਈ ਆਰ ਵਾਪਸ ਲੈਣ ਲਈ ਆਜ਼ਾਦ : ਸੁਪਰੀਮ ਕੋਰਟ

**ਨਵੀਂ ਦਿੱਲੀ (ਨ ਜ਼ ਸ)**
ਸੁਪਰੀਮ ਕੋਰਟ ਨੇ ਸੋਮਵਾਰ ਸਪੱਸ਼ਟ ਕੀਤਾ ਕਿ ਦਿੱਲੀ ਸਰਕਾਰ ਅਤੇ ਵੱਖ-ਵੱਖ ਰਾਜ ਸਰਕਾਰਾਂ ਦਿੱਲੀ ਦੇ ਜੰਤਰ-ਮੰਤਰ ਅਤੇ ਦੇਸ਼ ਵਿੱਚ ਹੋਰ ਪਾਸੇ ਕਾਕਰੋਚ ਜਨਤਾ ਪਾਰਟੀ ਦੀ ਅਗਵਾਈ ਹੇਠ ਹੋਏ ਹਾਲ ਹੀ ਦੇ ਵਿਦਿਆਰਥੀ ਪ੍ਰਦਰਸ਼ਨ ਵਿੱਚ ਸ਼ਾਮਲ ਪ੍ਰਦਰਸ਼ਨਕਾਰੀਆਂ ਵਿਰੁੱਧ ਦਰਜ ਐੱਫ ਆਈ ਆਰਜ਼ ਨੂੰ ਬੰਦ ਕਰਨ ਜਾਂ ਵਾਪਸ ਲੈਣ ਲਈ ਆਜ਼ਾਦ ਹਨ।

ਚੀਫ ਜਸਟਿਸ ਸੂਰੀਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ ਮੋਹਨਾ ਦੀ ਬੈਂਚ ਨੇ ਸਪੱਸ਼ਟ ਕੀਤਾ ਕਿ ਇਸ ਦਾ 28 ਜੁਲਾਈ ਦਾ ਹੁਕਮ, ਜਿਸ ਵਿੱਚ 'ਅਪਰਾਧਕ ਪਿਛੋਕੜ' ਵਾਲੇ ਪ੍ਰਦਰਸ਼ਨਕਾਰੀਆਂ 'ਤੇ ਮੁਕੱਦਮਾ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਸੀ, ਦਾ

• ਬਾਕੀ ਸਫਾ 2 'ਤੇ

### ਹੁਣ ਕੇਂਦਰ ਤੇ ਐੱਨ ਡੀ ਏ ਸਰਕਾਰਾਂ ਵਾਅਦਾ ਨਿਭਾਉਣ : ਸੀ ਜੇ ਪੀ

**ਨਵੀਂ ਦਿੱਲੀ :** ਕਾਕਰੋਚ ਜਨਤਾ ਪਾਰਟੀ ਨੇ ਕੇਂਦਰ ਅਤੇ ਭਾਜਪਾ/ ਐੱਨ ਡੀ ਏ ਸ਼ਾਸਤ ਸੂਬਿਆਂ ਨੂੰ ਅਪੀਲ ਕੀਤੀ ਹੈ ਕਿ ਉਹ 25 ਜੁਲਾਈ ਨੂੰ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨਾਲ ਕੀਤੇ ਗਏ ਵਾਅਦਿਆਂ ਨੂੰ ਤੁਰੰਤ ਪੂਰਾ ਕਰਨ, ਕਿਉਂਕਿ ਸੁਪਰੀਮ ਕੋਰਟ ਨੇ ਹੁਣ ਇਸ ਮਾਮਲੇ ਨਾਲ ਜੁੜੀ ਸਾਰੀ ਉਲਝਣ ਦੂਰ ਕਰ ਦਿੱਤੀ ਹੈ। ਪਾਰਟੀ ਦੇ ਮੁੱਖ ਬੁਲਾਰੇ ਸੌਰਵ ਦਾਸ ਨੇ ਕਿਹਾ ਕਿ ਨੌਜਵਾਨਾਂ ਨੇ ਆਪਣਾ ਵਾਅਦਾ ਨਿਭਾਇਆ ਹੈ ਅਤੇ ਹੁਣ ਸਰਕਾਰ ਦੀ ਵਾਰੀ ਹੈ ਕਿ ਉਹ ਆਪਣੇ ਵਾਅਦੇ ਨੂੰ ਪੂਰੀ ਤਰ੍ਹਾਂ ਅਤੇ ਸਹੀ ਭਾਵਨਾ ਵਿੱਚ ਪੂਰਾ ਕਰੇ। ਪਾਰਟੀ ਨੇ ਦੇਸ਼ ਭਰ ਦੇ ਉਨ੍ਹਾਂ ਵਕੀਲਾਂ ਦਾ ਵੀ ਧੰਨਵਾਦ ਕੀਤਾ ਹੈ, ਜੋ ਪ੍ਰਦਰਸ਼ਨ ਵਿੱਚ ਸ਼ਾਮਲ ਲੋਕਾਂ ਨੂੰ ਲਗਾਤਾਰ ਕਾਨੂੰਨੀ ਮਦਦ ਦੇ ਰਹੇ ਹਨ। ਪਾਰਟੀ ਨੇ ਕਿਹਾ ਕਿ ਉਹ ਸੂਬਿਆਂ ਵਿੱਚ ਹੋ ਰਹੀਆਂ ਗਤੀਵਿਧੀਆਂ 'ਤੇ ਬਾਰੀਕੀ ਨਾਲ ਨਜ਼ਰ ਰੱਖ ਰਹੀ ਹੈ ਅਤੇ ਕੇਂਦਰ ਸਰਕਾਰ ਦੇ ਸੀਨੀਅਰ ਨੁਮਾਇੰਦਿਆਂ ਨਾਲ ਲਗਾਤਾਰ ਗੱਲਬਾਤ ਕਰ ਰਹੀ ਹੈ। ਪਾਰਟੀ ਨੇ ਉਮੀਦ ਜਤਾਈ ਹੈ ਕਿ ਵਿਦਿਆਰਥੀਆਂ ਨਾਲ ਕੀਤੇ ਗਏ ਵਾਅਦਿਆਂ ਨੂੰ ਹੁਣ ਬਿਨਾਂ ਕਿਸੇ ਦੇਰੀ ਦੇ ਪੂਰਾ ਕੀਤਾ ਜਾਵੇਗਾ।

# ਦੀਪਕੇ ਦਾ 'ਸ਼ਹਿਨਸ਼ਾਹ' ਨੂੰ ਡਿਗਰੀ ਸ਼ੋਅ ਕਰਨ ਦਾ ਚੈਲੰਜ

**ਸਾਂਭਾਜੀ ਨਗਰ (ਨ ਜ਼ ਸ)**
ਕਾਕਰੋਚ ਜਨਤਾ ਪਾਰਟੀ ਦੇ ਬਾਨੀ ਅਭਿਜੀਤ ਦੀਪਕੇ ਨੇ ਸੋਮਵਾਰ ਕਿਹਾ ਕਿ ਉਹ ਆਪਣੇ ਸਕਾਲਰਸ਼ਿਪ ਅਤੇ ਸਿੱਖਿਆ ਕਰਜ਼ੇ ਦੇ ਦਸਤਾਵੇਜ਼ ਜਨਤਕ ਕਰਨ ਲਈ ਤਿਆਰ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਆਪਣੀ ਅਕਾਦਮਿਕ ਡਿਗਰੀ ਦਾ ਖੁਲਾਸਾ ਕਰਨ। ਦਰਅਸਲ ਸੂਰਤ ਦੇ ਆਰ ਟੀ ਆਈ ਕਾਰਕੁੰਨ ਅਮਿਤ ਤਿਵਾੜੀ ਨੇ ਸ਼ਿਕਾਇਤ ਦਾਇਰ ਕਰਕੇ ਜਾਂਚ ਦੀ ਮੰਗ ਕੀਤੀ ਹੈ ਕਿ ਦੀਪਕੇ ਦੇ ਪਿਤਾ ਭਗਵਾਨਰਾਓ ਦੀਪਕੇ, ਜੋ ਕਿ ਮਹਾਰਾਸ਼ਟਰ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਰਿਟਾਇਰਡ ਜੂਨੀਅਰ ਇੰਜੀਨੀਅਰ ਹਨ, ਨੇ ਆਪਣੇ ਪੁੱਤਰ ਦੀ ਵਿਦੇਸ਼ ਵਿੱਚ ਉੱਚ ਸਿੱਖਿਆ ਲਈ ਪੈਸੇ ਕਿੱਥੋਂ ਜੁਟਾਏ।

ਦੀਪਕੇ ਨੇ ਇੱਕ ਵੀਡੀਓ ਵਿੱਚ ਕਿਹਾ, "ਮੈਂ ਆਪਣਾ ਸਕਾਲਰਸ਼ਿਪ ਪੱਤਰ ਅਤੇ ਸਿੱਖਿਆ ਕਰਜ਼ਾ ਪੱਤਰ ਦਿਖਾਉਣ ਲਈ ਤਿਆਰ ਹਾਂ। ਕੀ ਸਮਰਾਟ (ਸ਼ਹਿਨਸ਼ਾਹ) ਆਪਣੀ ਡਿਗਰੀ ਦਿਖਾਏਗਾ?

ਵੀਡੀਓ ਵਿੱਚ ਉਸ ਨੇ ਹਿੰਦੀ ਵਿੱਚ ਕਿਹਾ, "ਸਭ ਨੂੰ ਹੈਲੋ! ਮੈਂ ਹੁਣੇ ਦੇਖਿਆ ਕਿ ਇੱਕ ਭਾਜਪਾ ਵਰਕਰ ਨੇ ਮੇਰੇ 'ਤੇ ਆਰ ਟੀ ਆਈ ਦਾਇਰ ਕੀਤੀ ਹੈ ਅਤੇ ਉਹ ਜਾਣਨਾ ਚਾਹੁੰਦਾ ਹੈ ਕਿ ਮੈਂ ਆਪਣੀ ਸਿੱਖਿਆ ਕਿਵੇਂ ਪੂਰੀ ਕੀਤੀ। ਇਸ ਲਈ ਮੈਂ ਉਸ ਨੂੰ ਪੁੱਛਣਾ ਚਾਹੁੰਦਾ ਹਾਂ, ਕੀ ਤੁਹਾਡਾ ਨੇਤਾ (ਮੋਦੀ) ਆਪਣੀ ਡਿਗਰੀ ਦਿਖਾਏਗਾ? ਮੈਂ ਆਪਣਾ ਸਕਾਲਰਸ਼ਿਪ ਪੱਤਰ ਅਤੇ ਸਿੱਖਿਆ ਕਰਜ਼ਾ ਪੱਤਰ ਦਿਖਾਉਣ ਲਈ ਤਿਆਰ ਹਾਂ। ਕੀ ਤੁਹਾਡਾ ਨੇਤਾ ਆਪਣੀ ਅਸਲ ਡਿਗਰੀ ਦਿਖਾਏਗਾ?" ਉਸ ਨੇ ਅੱਗੇ ਕਿਹਾ, "ਮੈਨੂੰ ਸਮਝ ਨਹੀਂ ਆ ਰਿਹਾ ਕਿ ਉਨ੍ਹਾਂ ਦੀ ਸਿੱਖਿਆ ਵਿੱਚ ਕੀ ਸਮੱਸਿਆ ਹੈ? ਜੇ ਇੱਕ ਆਮ ਮੁੰਡੇ ਨੇ ਬੋਸਟਨ ਯੂਨੀਵਰਸਿਟੀ ਵਿੱਚ ਪੜ੍ਹਾਈ ਕੀਤੀ ਹੈ, ਤਾਂ ਤੁਹਾਨੂੰ ਕਿਉਂ ਸਮੱਸਿਆ ਹੈ? ਤੁਸੀਂ ਲੋਕ ਸਿੱਖਿਆ ਦੇ ਇੰਨੇ ਵਿਰੁੱਧ ਕਿਉਂ ਹੋ?"

ਤਿਵਾੜੀ ਨੇ ਨੀਟ ਪੇਪਰ ਲੀਕ ਵਿਰੋਧ

• ਬਾਕੀ ਸਫਾ 2 'ਤੇ

# ਕਾਮਰੇਡ ਕਾਕਾ ਸਿੰਘ ਦੀ ਨਿਰਸਵਾਰਥ ਸੇਵਾ ਪ੍ਰੇਰਨਾ-ਸਰੋਤ : ਅਰਸ਼ੀ

**ਮਾਨਸਾ (ਆਤਮਾ ਸਿੰਘ ਪਮਾਰ)**
ਨੇਕ ਦਿਲ ਇਨਸਾਨ, ਬੇਗਰਜ਼ ਸ਼ਖ਼ਸੀਅਤ ਤੇ ਮਹਾਨ ਕਮਿਊਨਿਸਟ ਆਗੂ ਏਟਕ ਦੇ ਜ਼ਿਲ੍ਹਾ ਪ੍ਰਧਾਨ ਤੇ ਸੀ ਪੀ ਆਈ ਦੇ ਸੀਨੀਅਰ ਆਗੂ ਕਾਮਰੇਡ ਕਾਕਾ ਸਿੰਘ ਦੀ ਪਹਿਲੀ ਬਰਸੀ ਮੌਕੇ ਰਾਜਨੀਤਕ, ਧਾਰਮਿਕ, ਸਮਾਜਿਕ ਤੇ ਜਨਤਕ ਆਗੂਆਂ ਸਮੇਤ ਸੈਂਕੜੇ ਲੋਕਾਂ ਵੱਲੋਂ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।



ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ ਨੇ ਕਿਹਾ ਕਿ ਨਿਰਸਵਾਰਥ ਤੇ ਅਡੋਲ ਸਾਥੀ ਕਾਕਾ ਸਿੰਘ ਦਾ ਜੀਵਨ ਹਮੇਸ਼ਾ ਕਿਰਤੀਆਂ ਦੇ ਹੱਕਾਂ ਦੀ ਪ੍ਰਾਪਤੀ ਲਈ ਸਮਰਪਤ ਰਿਹਾ। ਉਹਨਾ ਐੱਫ ਸੀ ਆਈ ਪੱਲੇਦਾਰ ਯੂਨੀਅਨ ਦੀ ਨੀਂਹ ਰੱਖੀ ਤੇ ਸੈਂਕੜੇ ਪੱਲੇਦਾਰਾਂ ਨੂੰ ਪੱਕੇ ਮੁਲਾਜ਼ਮ ਬਣਾਉਣ ਲਈ ਵੱਡਾ ਯੋਗਦਾਨ ਪਾਇਆ। ਉਹਨਾਂ ਵੱਲੋਂ ਕਿਰਤੀਆਂ ਪ੍ਰਤੀ ਕੀਤੀ ਨਿਰਸਵਾਰਥ ਸੇਵਾ ਤੇ ਪਾਰਟੀ ਪ੍ਰਤੀ ਇਮਾਨਦਾਰੀ ਸਾਡੇ ਸਭਨਾਂ ਲਈ ਪ੍ਰੇਰਨਾ-ਸਰੋਤ ਰਹੇਗੀ। ਅਕਾਲੀ ਆਗੂ ਪ੍ਰੇਮ ਅਰੋੜਾ, ਕਾਂਗਰਸ ਦੇ ਸੀਨੀਅਰ ਆਗੂ ਐਡਵੋਕੇਟ ਗੁਰਪ੍ਰੀਤ ਸਿੰਘ ਵਿੱਕੀ ਨੇ ਕਾਕਾ ਸਿੰਘ ਦੇ ਸੰਘਰਸ਼ਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੱਬੇ-ਕੁੱਚਲੇ ਲੋਕਾਂ ਦੀ ਅਗਵਾਈ ਕਰਨ ਤੇ ਉਹਨਾਂ ਦੇ ਹੱਕਾਂ ਲਈ ਜ਼ਿੰਦਗੀ ਭਰ ਜੂਝਣ ਵਾਲੇ ਸਾਥੀ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਮੌਕੇ ਕਾਂਗਰਸ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਸਿੰਘ ਮਾਈਕਲ ਗਾਗੋਵਾਲ, ਵੇਦ ਪ੍ਰਕਾਸ਼ ਬੁਢਲਾਡਾ, ਜ਼ਿਲ੍ਹਾ ਸਹਾਇਕ ਸਕੱਤਰ ਰੂਪ ਸਿੰਘ ਢਿੱਲੋਂ, ਰਤਨ ਭੋਲਾ,

• ਬਾਕੀ ਸਫਾ 2 'ਤੇ

## ਅੱਜ-ਨਾਮਾ

ਈਥਾਨੋਲ ਦੀ ਉਲਝਣ ਹੈ ਬਣੀ ਬਾਹਲੀ,
ਫੈਸਲੇ ਕਰਨ ਤੋਂ ਔਖੇ ਜਿਹੇ ਲੋਕ ਬੇਲੀ।
ਆਖਦਾ ਕੋਈ ਕਿ ਕੱਖ ਨਹੀਂ ਹੋਣ ਲੱਗਾ,
ਦਿੰਦੇ ਦੂਜੇ ਹਨ ਸੱਜਣ ਕਈ ਰੋਕ ਬੇਲੀ।
ਸਰਕਾਰ ਆਖਦੀ ਤੇਲ ਹੈ ਸਾਫ-ਸੁਥਰਾ,
ਮੰਤਰੀ ਆਖਦਾ ਹਿੱਕ ਪਿਆ ਠੋਕ ਬੇਲੀ।
ਗੱਡੀ ਕਰਜ਼ੇ ਦੀ ਲਈ ਆ ਜਿਸ ਮ੍ਰਾਤੜ,
ਕਿੰਦਾਂ ਦੇਊਗਾ ਚਿੱਕੜ ਵਿੱਚ ਝੋਕ ਬੇਲੀ।
ਮੰਦੀ ਆਪੇ ਸਰਕਾਰ ਆ ਫਰਕ ਪੈਂਦਾ,
ਪਲਟਦੀ ਆਪ ਹੀ ਕਹੀ ਆ ਗੱਲ ਬੇਲੀ।
ਆਦਮੀ ਆਮ ਨੂੰ ਔਖ ਹੈ ਬਣੀ ਜਿਹੜੀ,
ਉਸ ਦਾ ਨਿਕਲਦਾ ਅਜੇ ਨਾ ਹੱਲ ਬੇਲੀ।

-ਤੀਸ ਮਾਰ ਖਾਂ

# ਸੱਭਿਆਚਾਰਕ ਪਛਾਣ ਦਾ ਅਹਿਸਾਸ ਕਰਾਉਣ ਲਈ ਨੌਰੂ ਬਣ ਗਿਆ ਨਾਓਏਰੋ

**ਸੰਯੁਕਤ ਰਾਸ਼ਟਰ (ਨ ਜ਼ ਸ)**
ਪ੍ਰਸ਼ਾਂਤ ਮਹਾਸਾਗਰ ਵਿੱਚ ਦੁਨੀਆ ਦੇ ਤੀਜੇ ਸਭ ਤੋਂ ਛੋਟੇ ਦੇਸ਼ ਨੌਰੂ ਨੂੰ ਹੁਣ 'ਨਾਓਏਰੋ ਗਣਰਾਜ' ਕਿਹਾ ਜਾਵੇਗਾ। ਸੰਯੁਕਤ ਰਾਸ਼ਟਰ ਨੇ ਵੀ ਆਪਣੇ ਰਿਕਾਰਡਾਂ ਵਿੱਚ ਨਵਾਂ ਨਾਂਅ ਲਾਗੂ ਕਰ ਦਿੱਤਾ ਹੈ।

ਲਗਭਗ 12,000 ਲੋਕਾਂ ਵਾਲੇ ਇਸ ਟਾਪੂ ਦੇਸ਼ ਵਿੱਚ 19ਵੀਂ ਸਦੀ ਦੇ ਅਖੀਰ ਤੱਕ 12 ਆਦਿਵਾਸੀ ਕਬੀਲੇ ਰਹਿੰਦੇ ਸਨ। ਇੱਥੇ ਕੋਈ ਆਧੁਨਿਕ ਸਰਕਾਰ ਜਾਂ ਫੌਜ ਨਹੀਂ ਸੀ। ਲੋਕਾਂ ਦੀ ਰੋਜ਼ੀ-ਰੋਟੀ ਮੱਛੀਆਂ ਫੜਨ, ਨਾਰੀਅਲ ਦੀ ਖੇਤੀ ਅਤੇ ਸਮੁੰਦਰੀ ਸਰੋਤਾਂ 'ਤੇ ਨਿਰਭਰ ਕਰਦੀ ਸੀ। ਯੂਰਪੀ ਵਪਾਰੀ 1870 ਦੇ ਦਹਾਕੇ ਵਿੱਚ ਨੌਰੂ ਪਹੁੰਚਣ ਲੱਗੇ। ਉਹ ਨਾਰੀਅਲ ਅਤੇ ਹੋਰ ਸਮਾਨ ਦਾ ਵਪਾਰ ਕਰਦੇ ਸਨ। ਬਦਲੇ ਵਿੱਚ ਉਨ੍ਹਾਂ ਨੇ ਸਥਾਨਕ ਆਬਾਦੀ ਨੂੰ ਸ਼ਰਾਬ ਅਤੇ ਬੰਦੂਕਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਟਾਪੂ ਦਾ ਸਮਾਜਕ ਸੰਤੁਲਨ ਵਿਗੜ ਗਿਆ। 1878 ਵਿੱਚ ਇੱਕ ਵਿਆਹ ਸਮਾਰੋਹ ਦੌਰਾਨ ਰਿਵਾਜ ਨੂੰ ਲੈ ਕੇ ਝਗੜਾ ਹੋਇਆ। ਬਹਿਸ ਦੌਰਾਨ ਇੱਕ ਆਦਮੀ ਨੇ ਪਿਸਤੌਲ ਕੱਢੀ ਅਤੇ ਗੋਲੀ ਚਲਾ ਦਿੱਤੀ, ਜਿਸ ਨਾਲ ਇੱਕ ਕਬਾਇਲੀ ਮੁਖੀ ਦੇ ਪੁੱਤਰ ਦੀ ਮੌਤ ਹੋ ਗਈ। ਨੌਰੂ ਦੇ ਰਵਾਇਤੀ ਸੱਭਿਆਚਾਰ ਵਿੱਚ ਅਜਿਹੇ ਕਤਲ ਦਾ ਬਦਲਾ ਲੈਣਾ ਇੱਕ ਸਮਾਜਕ ਜ਼ਿੰਮੇਵਾਰੀ ਮੰਨਿਆ ਜਾਂਦਾ ਸੀ। ਇਸ ਨਾਲ ਬਦਲਾ ਲੈਣ ਦਾ ਇੱਕ ਚੱਕਰ ਸ਼ੁਰੂ ਹੋਇਆ, ਜੋ ਹੌਲੀ-ਹੌਲੀ ਟਾਪੂ ਦੇ 12 ਕਬੀਲਿਆਂ ਵਿੱਚ ਘਰੇਲੂ ਯੁੱਧ ਵਿੱਚ ਬਦਲ ਗਿਆ। ਇਹ ਟਕਰਾਅ, ਜਿਸ ਨੂੰ 'ਨੌਰੂ ਘਰੇਲੂ ਯੁੱਧ' ਵਜੋਂ ਜਾਣਿਆ ਜਾਂਦਾ ਹੈ, ਲਗਭਗ 10 ਸਾਲਾਂ ਤੱਕ ਚੱਲਿਆ। ਇਸ ਸਮੇਂ ਦੌਰਾਨ ਸੈਂਕੜੇ ਲੋਕ ਮਾਰੇ ਗਏ, ਬਹੁਤ ਸਾਰੇ ਪਿੰਡ ਤਬਾਹ ਹੋ ਗਏ ਅਤੇ ਲਗਭਗ ਹਰ ਪਰਵਾਰ ਕਿਸੇ ਨਾ ਕਿਸੇ ਤਰੀਕੇ ਨਾਲ ਹਿੰਸਾ ਤੋਂ ਪ੍ਰਭਾਵਤ ਹੋਇਆ। ਸਥਿਤੀ ਏਨੀ ਭਿਆਨਕ ਹੋ ਗਈ ਕਿ ਜਰਮਨੀ ਨੇ ਅੰਤ ਵਿੱਚ 1888 ਵਿੱਚ ਦਖਲ ਦਿੱਤਾ, ਟਾਪੂ ਉੱਤੇ ਕੰਟਰੋਲ ਸਥਾਪਤ ਕੀਤਾ, ਹਥਿਆਰ ਜ਼ਬਤ ਕਰ ਲਏ ਅਤੇ ਇਸ ਲੰਮੇ ਖ਼ੂਨੀ ਟਕਰਾਅ ਨੂੰ ਖਤਮ ਕਰ ਦਿੱਤਾ।

1914 ਵਿੱਚ ਪਹਿਲੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਨਾਲ ਹਾਲਾਤ ਬਦਲ ਗਏ। ਆਸਟ੍ਰੇਲੀਆਈ ਫੌਜਾਂ ਨੇ ਬਿਨਾਂ ਕਿਸੇ ਵਿਰੋਧ



ਰਾਸ਼ਟਰਪਤੀ ਡੇਵਿਡ ਅਡਿਆਂਗ ਦੀ ਪਹਿਲਕਦਮੀ 'ਤੇ ਦੇਸ਼ ਦਾ ਨਾਂਅ ਬਦਲਿਆ ਗਿਆ

ਦੇ ਇਸ 'ਤੇ ਕਬਜ਼ਾ ਕਰ ਲਿਆ। ਯੁੱਧ ਖਤਮ ਹੋਣ ਤੋਂ ਬਾਅਦ ਜਰਮਨੀ ਹਾਰ ਗਿਆ ਅਤੇ ਉਸ ਨੂੰ ਆਪਣੀਆਂ ਬਹੁਤ ਸਾਰੀਆਂ ਵਿਦੇਸ਼ੀ ਬਸਤੀਆਂ ਛੱਡਣ ਲਈ ਮਜਬੂਰ ਕੀਤਾ ਗਿਆ। ਲਗਭਗ ਪੰਜ ਦਹਾਕਿਆਂ ਦੇ ਵਿਦੇਸ਼ੀ ਕਬਜ਼ੇ ਤੋਂ ਬਾਅਦ ਇਸ ਨੇ 31 ਜਨਵਰੀ 1968 ਨੂੰ ਪੂਰੀ ਆਜ਼ਾਦੀ ਪ੍ਰਾਪਤ ਕੀਤੀ ਅਤੇ ਇੱਕ ਪ੍ਰਭੂਸੱਤਾ ਸੰਪੰਨ ਗਣਰਾਜ ਬਣ ਗਿਆ।

1900 ਵਿੱਚ ਆਸਟ੍ਰੇਲੀਆਈ ਭੂ-ਵਿਗਿਆਨੀ ਐਲਬਰਟ ਫੁੱਲਰ ਐਲਿਸ ਨੇ ਨੌਰੂ 'ਤੇ ਵਿਸ਼ਾਲ ਫਾਸਫੇਟ ਭੰਡਾਰਾਂ ਦੀ ਖੋਜ ਕੀਤੀ। ਵਪਾਰਕ ਖੁਦਾਈ ਛੇ ਸਾਲ ਬਾਅਦ ਸ਼ੁਰੂ ਹੋਈ। ਉਸ ਸਮੇਂ ਫਾਸਫੇਟ ਦੀ ਦੁਨੀਆ ਭਰ ਵਿੱਚ ਬਹੁਤ ਮੰਗ ਸੀ, ਕਿਉਂਕਿ ਇਸ ਨੂੰ ਖੇਤੀਬਾੜੀ ਲਈ ਖਾਦ ਵਜੋਂ ਵਰਤਿਆ ਜਾਂਦਾ ਸੀ। ਇਹ ਛੋਟਾ ਜਿਹਾ ਟਾਪੂ ਜਲਦੀ ਹੀ ਦੁਨੀਆ ਦੇ ਸਭ ਤੋਂ ਵੱਡੇ ਫਾਸਫੇਟ ਨਿਰਯਾਤਕ ਵਿੱਚੋਂ ਇੱਕ ਬਣ ਗਿਆ। 1968 ਵਿੱਚ ਆਜ਼ਾਦੀ ਤੋਂ ਬਾਅਦ ਨੌਰੂ ਸਰਕਾਰ ਨੇ ਹੌਲੀ-ਹੌਲੀ ਫਾਸਫੇਟ ਉਦਯੋਗ ਦਾ ਕੰਟਰੋਲ ਹਾਸਲ ਕਰ ਲਿਆ। 1970 ਦੇ ਦਹਾਕੇ ਤੱਕ ਫਾਸਫੇਟ ਮਾਲੀਆ ਇਸ ਹੱਦ ਤੱਕ ਵਧ ਗਿਆ ਸੀ ਕਿ ਇਸ ਨੂੰ ਦੁਨੀਆ ਦੇ ਸਭ ਤੋਂ ਅਮੀਰ ਦੇਸ਼ਾਂ ਵਿੱਚ ਦਰਜਾ ਦਿੱਤਾ ਗਿਆ ਸੀ। ਪ੍ਰਤੀ ਵਿਅਕਤੀ ਆਮਦਨ ਕਈ ਵਿਕਸਤ ਦੇਸ਼ਾਂ ਦੇ ਪੱਧਰ 'ਤੇ ਪਹੁੰਚ ਗਈ। ਸਰਕਾਰ ਕੋਲ ਏਨਾ ਪੈਸਾ ਸੀ ਕਿ ਸਿੱਖਿਆ, ਸਿਹਤ ਸੰਭਾਲ ਅਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਲੋਕਾਂ ਲਈ ਲਗਭਗ ਮੁਫਤ ਹੋ ਗਈਆਂ। ਦੇਸ਼ ਨੇ ਹੋਟਲ, ਇਮਾਰਤਾਂ ਅਤੇ ਹੋਰ ਜਾਇਦਾਦਾਂ ਖਰੀਦ ਕੇ ਵਿਦੇਸ਼ਾਂ ਵਿੱਚ ਵੀ ਨਿਵੇਸ਼ ਕੀਤਾ।

ਪਰ ਇਹ ਖੁਸ਼ਹਾਲੀ ਥੋੜ੍ਹੇ ਸਮੇਂ ਲਈ ਸੀ। ਲਗਾਤਾਰ ਖੁਦਾਈ ਕਰਨ ਨਾਲ ਫਾਸਫੇਟ ਭੰਡਾਰ ਤੇਜ਼ੀ ਨਾਲ ਖਤਮ ਹੋ ਗਏ। ਉਨ੍ਹਾਂ ਦੀ ਆਮਦਨ ਦਾ ਸਭ ਤੋਂ ਵੱਡਾ ਸਰੋਤ ਸੁੱਕ ਗਿਆ ਅਤੇ ਬਹੁਤ ਸਾਰੇ ਵਿਦੇਸ਼ੀ ਨਿਵੇਸ਼ ਵੀ ਘਾਟੇ ਵਿੱਚ ਬਦਲ ਗਏ। 1990 ਦੇ ਦਹਾਕੇ ਤੱਕ ਨੌਰੂ ਇੱਕ ਗੰਭੀਰ ਆਰਥਕ ਸੰਕਟ ਵਿੱਚ ਡੁੱਬ ਗਿਆ। ਫਾਸਫੇਟ ਦੇ ਭੰਡਾਰ ਜੋ ਕਦੇ ਇਸ ਛੋਟੇ ਜਿਹੇ ਟਾਪੂ ਨੂੰ ਦੁਨੀਆ ਦੇ ਸਭ ਤੋਂ ਅਮੀਰ ਦੇਸ਼ਾਂ ਦੀ ਸੂਚੀ ਵਿੱਚ ਲਿਆਉਂਦੇ ਸਨ, ਖਤਮ ਹੋ ਗਏ, ਜਿਸ ਨਾਲ ਦੇਸ਼ ਵਿੱਤੀ ਤੌਰ 'ਤੇ ਸੰਘਰਸ਼ ਕਰ ਰਿਹਾ ਸੀ। ਅੱਜ ਵੀ ਦੇਸ਼ ਉਸ ਸਮੇਂ ਦੇ ਪ੍ਰਭਾਵਾਂ ਤੋਂ ਪੂਰੀ ਤਰ੍ਹਾਂ ਉਭਰ ਨਹੀਂ ਸਕਿਆ।

ਆਰਥਕ ਚੁਣੌਤੀਆਂ ਦੇ ਵਿਚਕਾਰ ਨੌਰੂ ਹੁਣ ਜਲਵਾਯੂ ਪਰਿਵਰਤਨ ਦੇ ਸਭ ਤੋਂ ਵੱਡੇ ਖਤਰੇ ਦਾ ਸਾਹਮਣਾ ਕਰ ਰਿਹਾ ਹੈ। ਸਮੁੰਦਰ ਦੇ ਪੱਧਰ ਦਾ

• ਬਾਕੀ ਸਫਾ 2 'ਤੇ

## 'ਤੀਆਂ 2026' ਨੂੰ ਮਿਲਿਆ ਭਰਵਾਂ ਹੁੰਗਾਰਾ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਹੋਟਲ ਸ਼ਾਹੀ ਹਵੇਲੀ ਵਿਖੇ ਅਰਸ਼ ਸੱਚਰ ਦੀ ਅਗਵਾਈ ਹੇਠ ਕਰਵਾਇਆ ਗਿਆ 'ਤੀਆਂ 2026' ਦਾ ਸੱਭਿਆਚਾਰਕ ਮੇਲਾ ਬੇਹੱਦ ਉਤਸ਼ਾਹ, ਖੁਸ਼ੀਆਂ ਤੇ ਪੰਜਾਬੀ ਰੰਗਾਂ ਵਿਚਕਾਰ ਸ਼ਾਨਦਾਰ ਢੰਗ ਨਾਲ ਸੰਪੰਨ ਹੋਇਆ।ਸਮਾਗਮ ਵਿੱਚ ਫਰੀਦਕੋਟ ਅਤੇ ਆਲੇ-ਦੁਆਲੇ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਮਾਵਾਂ, ਭੈਣਾਂ, ਧੀਆਂ ਅਤੇ ਪਰਿਵਾਰਾਂ ਨੇ ਸ਼ਮੂਲੀਅਤ ਕਰਕੇ ਇਸ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ।ਅਰਸ਼ ਸੱਚਰ ਨੇ ਸਮੂਹ ਭਾਗੀਦਾਰਾਂ, ਉਨ੍ਹਾਂ ਦੇ ਮਾਪਿਆਂ, ਪਰਿਵਾਰਾਂ, ਮਹਿਮਾਨਾਂ, ਸਹਿਯੋਗੀਆਂ, ਵਲੰਟੀਅਰਾਂ, ਮੀਡੀਆ ਸਾਥੀਆਂ ਅਤੇ ਹਰ ਉਸ ਵਿਅਕਤੀ ਦਾ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਅਤੇ ਪਿਆਰ ਸਦਕਾ ਇਹ ਸਮਾਗਮ ਏਨੀ ਸਫ਼ਲਤਾ ਨਾਲ ਸੰਪੰਨ ਹੋਇਆ।

## ਆਰੀਅਨਜ਼ ਦੇ ਐੱਲ ਐੱਲ ਬੀ ਵਿਦਿਆਰਥੀਆਂ ਨੇ ਮਾਣ ਵਧਾਇਆ



**ਰਾਜਪੁਰਾ ਰਮੇਸ਼ (ਕਟਾਰੀਆ)**-ਚੰਡੀਗੜ੍ਹ ਨੇੜੇ ਰਾਜਪੁਰਾ ਸਥਿਤ ਆਰੀਅਨਜ਼ ਕਾਲਜ ਆਫ਼ ਲਾਅ ਦੇ ਐਲ.ਐਲ.ਬੀ. ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਰਾਈਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ ਹਨ।ਐਲ.ਐਲ.ਬੀ. ਦੇ ਪਹਿਲੇ ਸਮੈਸਟਰ ਦੀਆਂ ਪ੍ਰੀਖਿਆਵਾਂ ਵਿੱਚ, ਰਿਚਾ ਅਗਰਵਾਲ ਤੇ ਤਰਨਜੀਤ ਸਿੰਘ ਨੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਹਾਸਲ ਕੀਤਾ।ਸ਼ੀਤਲ ਮਹਾਜਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਗੁਰਜੋਤ ਕੌਰ ਤੇ ਹੱਕ ਨਵਾਜ਼ ਚੌਧਰੀ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ।ਸਫ਼ਲ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਡਾ. ਅੰਸ਼ੂ ਕਟਾਰੀਆ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦੀਆਂ ਸਮਰਪਤ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਭਰਵੀਂ ਇਕੱਤਰਤਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਮਹਿਲ ਕਲਾਂ ਦੀ ਅਹਿਮ ਇਕੱਤਰਤਾ ਬਲਾਕ ਪ੍ਰਧਾਨ ਡਾ. ਦਲਵਾਰ ਸਿੰਘ ਮਹਿਲ ਕਲਾਂ ਦੀ ਪ੍ਰਧਾਨਗੀ ਹੇਠ ਹੋਈ।ਮੌਸਮੀ ਤੇ ਵਾਇਰਲ ਬਿਮਾਰੀਆਂ ਦੀ ਰੋਕਥਾਮ, ਮਰੀਜ਼ਾਂ ਨੂੰ ਸਮੇਂ ਸਿਰ ਇਲਾਜ ਮੁਹੱਈਆ ਕਰਾਉਣ, ਸਿਹਤ ਸੇਵਾਵਾਂ ਦੀ ਗੁਣਵੱਤਾ ਹੋਰ ਬਿਹਤਰ ਬਣਾਉਣ ਤੇ ਐਸੋਸੀਏਸ਼ਨ ਦੀਆਂ ਭਵਿੱਖੀ ਗਤੀਵਿਧੀਆਂ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਵਿੱਚ ਸੰਧੂ ਨਰਸਿੰਗ ਹੋਮ ਦੇ ਡਾਕਟਰ ਡਾ: ਜਤਿੰਦਰ ਸਿੰਘ ਸੰਧੂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆ ਕਿਹਾ ਕਿ ਬਰਸਾਤੀ ਮੌਸਮ ਦੌਰਾਨ ਵਾਇਰਲ ਬੁਖਾਰ, ਡੇਂਗੂ, ਮਲੇਰੀਆ, ਟਾਈਫਾਇਡ ਤੇ ਹੋਰ ਛੂਤ ਦੀਆਂ ਬਿਮਾਰੀਆਂ ਦੇ ਮਾਮਲੇ ਵਧਣ ਦੀ ਸੰਭਾਵਨਾ ਰਹਿੰਦੀ ਹੈ।ਉਨ੍ਹਾਂ ਲੋਕਾਂ ਨੂੰ ਸਾਫ਼-ਸੁਥਰਾ ਪਾਣੀ ਵਰਤਣ, ਆਲੇ-ਦੁਆਲੇ ਸਫ਼ਾਈ ਰੱਖਣ, ਮੱਛਰਾਂ ਦੀ ਰੋਕਥਾਮ ਲਈ ਉਪਾਅ ਕਰਨ ਅਤੇ ਬਿਮਾਰੀ ਦੇ ਲੱਛਣ ਨਜ਼ਰ ਆਉਣ 'ਤੇ ਤੁਰੰਤ ਯੋਗ ਡਾਕਟਰੀ ਸਲਾਹ ਲੈਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਸਮੇਂ ਸਿਰ ਇਲਾਜ ਨਾਲ ਬਹੁਤ ਸਾਰੀਆਂ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।ਬਲਾਕ ਪ੍ਰਧਾਨ ਡਾ. ਦਲਵਾਰ ਸਿੰਘ ਨੇ ਕਿਹਾ ਕਿ ਡਾਕਟਰੀ ਪੇਸ਼ਾ ਸਿਰਫ਼ ਇਲਾਜ ਤੱਕ ਸੀਮਤ ਨਹੀਂ, ਸਗੋਂ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਵੀ ਹਰ ਡਾਕਟਰ ਦੀ ਨੈਤਿਕ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਮਹਿਲ ਕਲਾਂ ਇਲਾਕੇ ਦੇ ਲੋਕਾਂ ਨੂੰ ਬਿਹਤਰ ਤੇ ਜ਼ਿੰਮੇਵਾਰ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ ਹੈ।ਉਨ੍ਹਾਂ ਸਮੂਹ ਮੈਂਬਰਾਂ ਨੂੰ ਆਪਸੀ ਤਾਲਮੇਲ ਤੇ ਏਕਤਾ ਨਾਲ ਕੰਮ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਐਸੋਸੀਏਸ਼ਨ ਨੂੰ ਹੋਰ ਮਜ਼ਬੂਤ ਅਤੇ ਸਰਗਰਮ ਬਣਾਇਆ ਜਾਵੇਗਾ।ਮੀਟਿੰਗ ਦੌਰਾਨ ਡਾ. ਅਮਰਜੀਤ ਸਿੰਘ ਕਾਲਸਾਂ ਨੇ 12 ਅਗਸਤ ਨੂੰ ਅਨਾਜ ਮੰਡੀ ਮਹਿਲ ਕਲਾਂ ਵਿਖੇ ਕਰਾਏ ਜਾ ਰਹੇ ਵਿਸ਼ੇਸ਼ ਪ੍ਰੋਗਰਾਮ ਦੀ ਰੂਪ-ਰੇਖਾ ਅਤੇ ਤਿਆਰੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

## ਵਿਦਿਆਰਥੀਆਂ ਨੂੰ ਪੌਦੇ ਵੰਡੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਵਾਤਾਵਰਣ ਦੀ ਸੰਭਾਲ ਅਤੇ ਮਾਂ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਮਾਉਂਟ ਇੰਟਰਨੈਸ਼ਨਲ ਸਕੂਲ ਵੱਲੋਂ 'ਇੱਕ ਰੁੱਖ ਮਾਂ ਦੇ ਨਾਂ' ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਘਰ ਲਿਜਾਣ ਲਈ ਪੌਦੇ ਵੰਡੇ ਗਏ।ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਉਹ ਆਪਣੀ ਮਾਤਾ ਦੇ ਨਾਂਅ 'ਤੇ ਇੱਕ ਪੌਦਾ ਲਾ ਕੇ ਉਸ ਦੀ ਸੰਭਾਲ ਕਰਨ ਅਤੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।ਸੰਸਥਾ ਦੇ ਸੰਸਥਾਪਕ ਸਵ: ਗੁਰਦੇਵ ਸਿੰਘ ਦੇ ਆਸ਼ੀਰਵਾਦਮਈ ਵਿਚਾਰਾਂ ਨੂੰ ਯਾਦ ਕਰਦਿਆਂ ਦੱਸਿਆ ਗਿਆ ਕਿ ਉਨ੍ਹਾਂ ਦਾ ਸਦਾ ਇਹੀ ਸੁਪਨਾ ਰਿਹਾ ਕਿ ਹਰ ਵਿਦਿਆਰਥੀ ਸਿੱਖਿਆ ਦੇ ਨਾਲ-ਨਾਲ ਸਮਾਜਿਕ ਕਦਰਾਂ-ਕੀਮਤਾਂ, ਕੁਦਰਤ ਨਾਲ ਪਿਆਰ ਅਤੇ ਵਾਤਾਵਰਣ ਦੀ ਸੰਭਾਲ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝੇ।ਸਕੂਲ ਦੇ ਡਾਇਰੈਕਟਰ ਤੇ ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ ਨੇ ਕਿਹਾ ਕਿ 'ਇੱਕ ਰੁੱਖ ਮਾਂ ਦੇ ਨਾਂ' ਸਿਰਫ਼ ਇੱਕ ਮੁਹਿੰਮ ਨਹੀਂ, ਸਗੋਂ ਮਾਂ ਪ੍ਰਤੀ ਸਤਿਕਾਰ ਅਤੇ ਧਰਤੀ ਮਾਤਾ ਪ੍ਰਤੀ ਆਪਣੇ ਫ਼ਰਜ਼ ਨੂੰ ਨਿਭਾਉਣ ਦਾ ਸੁੰਦਰ ਸੰਦੇਸ਼ ਹੈ।ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਨੇ ਕਿਹਾ ਕਿ ਬੱਚਿਆਂ ਵਿੱਚ ਛੋਟੀ ਉਮਰ ਤੋਂ ਹੀ ਰੁੱਖ ਲਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਦੀ ਆਦਤ ਪੈਦਾ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।ਅਜਿਹੀਆਂ ਗਤੀਵਿਧੀਆਂ ਬੱਚਿਆਂ ਨੂੰ ਜ਼ਿੰਮੇਵਾਰ, ਸੰਵੇਦਨਸ਼ੀਲ ਤੇ ਵਾਤਾਵਰਣ ਪ੍ਰਤੀ ਸੁਚੇਤ ਨਾਗਰਿਕ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।ਮਾਊਂਟ ਇੰਟਰਨੈਸ਼ਨਲ ਸਕੂਲ ਦੇ ਹੈੱਡ ਮੈਡਮ ਖੁਸ਼ਪ੍ਰੀਤ ਕੌਰ ਨੇ ਕਿਹਾ ਕਿ ਹਰ ਪੌਦਾ ਸਾਡੇ ਭਵਿੱਖ ਦੀ ਇੱਕ ਨਵੀਂ ਉਮੀਦ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਸਿਰਫ਼ ਪੌਦੇ ਲਗਾਉਣ ਹੀ ਨਹੀਂ, ਸਗੋਂ ਉਨ੍ਹਾਂ ਦੀ ਨਿਯਮਿਤ ਦੇਖਭਾਲ ਵੀ ਕਰਨ ਤਾਂ ਜੋ ਇਹ ਮੁਹਿੰਮ ਸਫ਼ਲ ਹੋ ਸਕੇ।ਕਿਡਜ਼ੀ ਪ੍ਰੀ-ਸਕੂਲ ਦੀ ਡਾਇਰੈਕਟਰ ਮੈਡਮ ਸੁਧਾ ਮਹਿਤਾ ਨੇ ਕਿਹਾ ਕਿ ਬੱਚਿਆਂ ਨੂੰ ਕੁਦਰਤ ਨਾਲ ਜੋੜਨਾ ਹੀ ਅਸਲ ਸਿੱਖਿਆ ਹੈ।

## ਡੀ ਸੀ ਦਫ਼ਤਰ ਕ੍ਰਮਚਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਨੇ ਕ੍ਰਮਚਾਰੀਆਂ ਨਾਲ ਕੀਤੀ ਮੀਟਿੰਗ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਡੀ.ਸੀ. ਦਫ਼ਤਰ ਕ੍ਰਮਚਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਤੇਜਿੰਦਰ ਸਿੰਘ ਨੰਗਲ ਆਪਣੇ ਸੂਬਾ ਅਹੁਦੇਦਾਰਾਂ ਸਮੇਤ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਪੁੱਜੇ।ਉਨ੍ਹਾਂ ਡੀ.ਸੀ. ਦਫ਼ਤਰ, ਐਸ.ਡੀ.ਐਮ. ਦਫ਼ਤਰਾਂ ਤੇ ਤਹਿਸੀਲ ਦਫ਼ਤਰਾਂ ਦੇ ਕ੍ਰਮਚਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ।ਮੀਟਿੰਗ ਦੌਰਾਨ ਸੂਬਾ ਪ੍ਰਧਾਨ ਨੇ ਕ੍ਰਮਚਾਰੀਆਂ ਦੀਆਂ ਸਮੱਸਿਆਵਾਂ ਤੇ ਮੰਗਾਂ ਨੂੰ ਬਹੁਤ ਧਿਆਨ ਨਾਲ ਸੁਣਿਆ।ਮੌਕੇ 'ਤੇ ਨਿਪਟਾਏ ਜਾਣ ਵਾਲੇ ਮਾਮਲਿਆਂ ਦਾ ਤੁਰੰਤ ਹੱਲ ਕੀਤਾ ਗਿਆ, ਜਦਕਿ ਬਾਕੀ ਰਹਿੰਦੇ ਮਸਲਿਆਂ ਨੂੰ ਸੂਬਾ ਪੱਧਰ 'ਤੇ ਉਠਾ ਕੇ ਜਲਦ ਹੱਲ ਕਰਾਉਣ ਦਾ ਭਰੋਸਾ ਦਿਵਾਇਆ ਗਿਆ।ਸੂਬਾ ਪ੍ਰਧਾਨ ਨੇ ਕਿਹਾ ਕਿ ਯੂਨੀਅਨ ਆਪਣੇ ਮੈਂਬਰਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੈ ਤੇ ਹਰ ਕਰਮਚਾਰੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇਗੀ।ਉਨ੍ਹਾਂ ਦੱਸਿਆ ਕਿ ਕ੍ਰਮਚਾਰੀਆਂ ਦੀ ਏਕਤਾ ਅਤੇ ਲਗਾਤਾਰ ਸੰਘਰਸ਼ ਸਦਕਾ ਹੀ ਸਰਕਾਰ ਵੱਲੋਂ ਮੰਗਾਂ ਪ੍ਰਤੀ ਸਕਾਰਾਤਮਕ ਰਵੱਈਆ ਅਪਣਾਇਆ ਜਾ ਰਿਹਾ ਹੈ।ਯੂਨੀਅਨ ਦੇ ਯਤਨਾਂ ਨਾਲ ਸੁਪਰਡੈਂਟ ਦੇ ਅਹੁਦੇ 'ਤੇ ਤਰੱਕੀ ਲਈ ਲੋੜੀਂਦਾ ਤਜਰਬਾ 4 ਸਾਲ ਤੋਂ ਘਟਾ ਕੇ 3 ਸਾਲ ਕਰਾਇਆ ਗਿਆ ਹੈ, ਜੋ ਕ੍ਰਮਚਾਰੀਆਂ ਲਈ ਇੱਕ ਵੱਡੀ ਪ੍ਰਾਪਤੀ ਹੈ।ਉਨ੍ਹਾਂ ਇਹ ਵੀ ਦੱਸਿਆ ਕਿ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਕਰਮਚਾਰੀਆਂ ਦੇ ਮਸਲਿਆਂ ਸਬੰਧੀ ਹਾਲ ਹੀ ਵਿੱਚ ਸੂਬਾ ਸਰਕਾਰ ਨਾਲ ਹੋਈ ਮੀਟਿੰਗ ਵਿੱਚ ਵੀ ਹਾਂਪੱਖੀ ਸੰਕੇਤ ਮਿਲੇ ਹਨ।ਉਨ੍ਹਾਂ ਸਮੂਹ ਕ੍ਰਮਚਾਰੀਆਂ ਨੂੰ ਆਪਸੀ ਏਕਤਾ ਬਣਾਏ ਰੱਖਣ ਦੀ ਅਪੀਲ ਕੀਤੀ।ਮੀਟਿੰਗ ਦੇ ਅੰਤ 'ਚ ਡੀ.ਸੀ. ਦਫ਼ਤਰ ਕ੍ਰਮਚਾਰੀ ਯੂਨੀਅਨ ਮਾਲੇਰਕੋਟਲਾ ਵੱਲੋਂ ਸੂਬਾ ਪ੍ਰਧਾਨ ਤੇ ਸੂਬਾ ਪੱਧਰੀ ਅਹੁਦੇਦਾਰਾਂ ਨੂੰ ਸਿਰੋਪੇ ਪਾ ਕੇ ਸਨਮਾਨਤ ਕੀਤਾ ਗਿਆ।

## ਮਾਡਰਨ ਕਾਲਜ ਬੀਰ ਕਲਾਂ ਦਾ ਨਤੀਜਾ ਸ਼ਾਨਦਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਮਾਡਰਨ ਕਾਲਜ ਬੀਰ ਕਲਾਂ ਦੇ ਐੱਮ ਏ ਭਾਗ ਦੂਜਾ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਜਗਤਾਰ ਸਿੰਘ ਨੇ ਦੱਸਿਆ ਕਿ ਕਿਰਨਾ ਰਾਣੀ ਨੇ 10.00 ਸੀ.ਜੀ.ਪੀ.ਏ. ਵਿੱਚੋਂ 8.8 ਅੰਕ ਪ੍ਰਾਪਤ ਕਰਕੇ ਪਹਿਲਾਂ ਸਥਾਨ, ਅਮਨਦੀਪ ਕੌਰ, ਪਰਮਪਾਲ ਕੌਰ, ਪਵਨਦੀਪ ਕੌਰ, ਜਸਮੀਨ ਬੇਗਮ, ਮਨਕਾ 8.4 ਪ੍ਰਾਪਤ ਕਰਕੇ ਦੂਜਾ ਸਥਾਨ, ਨੇਹਾ 8.0 ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਨੇ ਚੰਗੇ ਅੰਕ ਪ੍ਰਾਪਤ ਕਰਕੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਦੇ ਨਾਲ਼ ਹੀ ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ ਖੇਤਰ ਦੇ ਨਾਲ਼-ਨਾਲ਼ ਨੈਤਿਕ ਕਦਰਾਂ ਕੀਮਤਾਂ ਦੇ ਵਿਕਾਸ 'ਤੇ ਧਿਆਨ ਕੇਂਦਰਤ ਕਰਨ ਲਈ ਵੀ ਕਿਹਾ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

# 15 ਅਗਸਤ ਨੂੰ ਮੁੱਖ ਮੰਤਰੀ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਕਰਨਗੇ ਕੰਪਿਊਟਰ ਅਧਿਆਪਕ





**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੂਬੇ ਭਰ ਵਿੱਚ ਕੰਪਿਊਟਰ ਅਧਿਆਪਕਾਂ ਵੱਲੋਂ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੇ ਲਈ ਕੀਤੇ ਜਾ ਰਹੇ ਲਗਾਤਾਰ ਸੰਘਰਸ਼ ਦੀ ਲੜੀ ਵਿੱਚ ਕੰਪਿਊਟਰ ਫੈਕਲਟੀ ਐਸੋਸੀਏਸ਼ਨ (ਪੰਜਾਬ) ਵੱਲੋਂ 15 ਅਗਸਤ ਅਜ਼ਾਦੀ ਦਿਵਸ ਸਮਾਰੋਹ ਮੌਕੇ ਫਿਰੋਜ਼ਪੁਰ ਵਿਖੇ ਪਹੁੰਚ ਰਹੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਕਰਨ ਤੇ ਤਿੱਖਾ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ। ਐਸੋਸੀਏਸ਼ਨ ਦੀ ਅਗਵਾਈ ਹੇਠ ਹੋਣ ਵਾਲੇ ਇਸ ਐਕਸ਼ਨ ਦੌਰਾਨ ਆਮ ਆਦਮੀ ਪਾਰਟੀ ਦੇ 2022 ਦੇ ਚੋਣ ਮਨੋਰਥ ਪੱਤਰ ਨੂੰ ਫੂਕ ਕੇ ਸਰਕਾਰ ਦੇ ਝੂਠੇ ਵਾਅਦਿਆਂ ਖ਼ਿਲਾਫ਼ ਰੋਸ ਜਤਾਇਆ ਜਾਵੇਗਾ ਤੇ ਆਮ ਲੋਕਾਂ ਨੂੰ ਸਰਕਾਰ ਦੀ ਅਸਲੀਅਤ ਤੋਂ ਜਾਣੂ ਕਰਵਾਇਆ ਜਾਵੇਗਾ। ਇਸ ਵਿਰੋਧ ਪ੍ਰਦਰਸ਼ਨ ਵਿਚ ਹੋਰ ਵੀ ਕਈ ਭਰਾਤਰੀ ਜਥੇਬੰਦੀਆਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੀਆਂ। ਐਸੋਸੀਏਸ਼ਨ ਦੇ ਅਹੁਦੇਦਾਰਾਂ ਪ੍ਰਦੀਪ ਕੁਮਾਰ ਮਲੂਕਾ, ਲਖਵਿੰਦਰ ਸਿੰਘ ਫਿਰੋਜ਼ਪੁਰ, ਗੁਰਵਿੰਦਰ ਸਿੰਘ, ਜਤਿੰਦਰ ਸਿੰਘ ਸੋਢੀ, ਮਨੀਸ਼ ਮੁੰਦਰੀ, ਮਿੰਟੂ ਥੋਮਸ, ਵਿਕਾਸ ਫ਼ਾਬੜਾ, ਮੋਹਨ ਲਾਲ, ਗੁਰਬਖ਼ਸ਼ ਸਿੰਘ, ਰਮਿਤ ਨਾਰੰਗ, ਬਲਵਿੰਦਰ ਸਿੰਘ, ਕਮਲਪ੍ਰੀਤ ਸਿੰਘ, ਗੌਰਵ, ਗੁਰਦੀਪ ਸਿੰਘ, ਮਨਦੀਪ ਕੌਰ, ਆਸ਼ਾ, ਸਰੀਕਾ, ਗੀਤੂ ਬਾਲਾ, ਮੋਨਿਕਾ, ਯੋਗਿਤਾ, ਲੱਕੀ ਕਥੂਰੀਆ, ਕੁਲਵਿੰਦਰ ਕੌਰ, ਸੋਨੀਆ ਸੇਠੀ, ਕੰਚਨ, ਹਰਦੀਪ ਕੌਰ, ਜੋਤੀ, ਸੁਖਜਿੰਦਰ ਪਾਲ ਕੌਰ, ਵਿਸ਼ਾਲ ਚਲਾਨਾ ਆਦਿ ਨੇ ਦੱਸਿਆ ਕਿ ਉਨ੍ਹਾਂ ਦੀ ਭਰਤੀ 21 ਸਾਲ ਪਹਿਲਾਂ ਹੋਈ ਸੀ ਤੇ 2011 ਵਿੱਚ ਉਨ੍ਹਾਂ ਨੂੰ ਪਿਕਟਸ ਸੁਸਾਇਟੀ ਅਧੀਨ ਰੈਗੂਲਰ ਕੀਤਾ ਗਿਆ ਸੀ, ਪਰ ਮੌਜੂਦਾ ਸਰਕਾਰ ਨੇ ਉਨ੍ਹਾਂ ਦੀਆਂ ਤਨਖਾਹਾਂ ਤੇ ਲਾਭਾਂ 'ਤੇ ਵੱਡਾ ਡਾਕਾ ਮਾਰਿਆ ਹੈ। ਆਗੂਆਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਮੰਗਾਂ ਬਿਲਕੁਲ ਜਾਇਜ਼ ਹਨ। ਉਨ੍ਹਾਂ ਦੀ ਮੁੱਖ ਮੰਗ ਹੈ ਕਿ ਕੰਪਿਊਟਰ ਅਧਿਆਪਕਾਂ ਨੂੰ ਬਿਨਾਂ ਸ਼ਰਤ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇ, ਪੰਜਾਬ ਸਿਵਲ ਸਰਵਿਸ ਨਿਯਮਾਂ ਤਹਿਤ ਪੂਰੀਆਂ ਤਨਖਾਹਾਂ ਤੇ ਭੱਤੇ ਦਿੱਤੇ ਜਾਣ ਤੇ 6ਵਾਂ ਪੇ-ਕਮਿਸ਼ਨ ਤੁਰੰਤ ਲਾਗੂ ਕੀਤਾ ਜਾਵੇ। ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਸੂਬਾ ਸਰਕਾਰ ਨੇ ਸਮਾਂ ਰਹਿੰਦੇ ਕੰਪਿਊਟਰ ਅਧਿਆਪਕਾਂ ਦੇ ਹੱਕ ਬਹਾਲ ਨਾ ਕੀਤੇ, ਤਾਂ ਜਲਦ ਹੀ ਉਨ੍ਹਾਂ ਦਾ ਇਹ ਸੰਘਰਸ਼ ਸੰਗਰੂਰ ਦੀਆਂ ਸੜਕਾਂ 'ਤੇ ਇੱਕ ਵੱਡੇ ਅੰਦੋਲਨ ਦਾ ਰੂਪ ਲਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ।

## ਚੰਡੀਗੜ੍ਹ ਧਰਨੇ ਦੀ ਲਾਮਬੰਦੀ ਲਈ ਭਾਕਿਯੂ ਬਲਾਕ ਧੂਰੀ ਦੀ ਮੀਟਿੰਗ

**ਧੂਰੀ (ਮੋਹਿਤ ਗਰਗਰ, ਮਨੋਹਰ ਸੱਗੂ, ਬਿੰਨੀ ਗਰਗ)**-ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਬਲਾਕ ਧੂਰੀ ਦੀ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਭੁੱਲਰਹੇੜੀ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 1 ਸਤੰਬਰ ਤੋਂ ਚੰਡੀਗੜ੍ਹ ਵਿਖੇ ਲਗਾਏ ਜਾ ਰਹੇ 7 ਦਿਨਾਂ ਦੇ ਵਿਸ਼ਾਲ ਧਰਨੇ ਦੀਆਂ ਤਿਆਰੀਆਂ ਦਾ ਸਮੀਖਿਆਤਮਕ ਜਾਇਜ਼ਾ ਲੈਣਾ ਤੇ ਕਿਸਾਨਾਂ ਨੂੰ ਲਾਮਬੰਦ ਕਰਨਾ ਸੀ।ਮੀਟਿੰਗ ਦੌਰਾਨ ਵਿਚਾਰ-ਵਟਾਂਦਰਾ ਕਰਦਿਆਂ ਆਗੂਆਂ ਨੇ ਆਖਿਆ ਕਿ ਪੰਜਾਬ ਦੇ ਅਹਿਮ ਪਾਣੀਆਂ ਦੇ ਮੁੱਦੇ ਤੇ ਕੇਂਦਰ ਸਰਕਾਰ ਵੱਲੋਂ ਅਮਰੀਕਾ ਨਾਲ ਕੀਤੇ ਜਾ ਰਹੇ ਵਪਾਰ ਸਮਝੌਤਿਆਂ ਦਾ ਖੇਤੀ ਖੇਤਰ 'ਤੇ ਬਹੁਤ ਮਾੜਾ ਪ੍ਰਭਾਵ ਪਵੇਗਾ।ਇਹ ਵਪਾਰ ਸਮਝੌਤੇ ਦੇਸ਼ ਦੀ ਕਿਸਾਨੀ ਤੇ ਆਰਥਿਕਤਾ ਲਈ ਨੁਕਸਾਨਦੇਹ ਸਾਬਿਤ ਹੋ ਸਕਦੇ ਹਨ।ਇਸੇ ਵਿਰੋਧ ਤਹਿਤ ਚੰਡੀਗੜ੍ਹ ਮੋਰਚੇ ਵਿੱਚ ਪਿੰਡ-ਪਿੰਡ ਤੋਂ ਕਿਸਾਨਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਲਈ ਰਣਨੀਤੀ ਤਿਆਰ ਕੀਤੀ ਗਈ।ਇਸ ਮੌਕੇ ਗੁਰਜੀਤ ਸਿੰਘ ਭੱਠਲ ਮਾਨਸਾ, ਸੁਖਪਾਲ ਸਿੰਘ ਕਾਂਝਲਾ, ਗੁਰਚਰਨ ਸਿੰਘ ਹਰਚੰਦਪੁਰ, ਸ਼ੇਰ ਸਿੰਘ ਦੋਹਲਾ, ਗੁਰਸੇਵ ਸਿੰਘ ਦੋਹਲਾ, ਹਰਜਿੰਦਰ ਸਿੰਘ ਬਟੂਹਾ, ਗੁਰਦੇਵ ਸਿੰਘ ਬਟੂਹਾ, ਮਲਕੀਤ ਸਿੰਘ ਜਖਲਾਂ, ਕਾਕਾ ਸਿੰਘ ਬਟੂਹਾ, ਛੋਟਾ ਸਿੰਘ ਕਾਂਝਲਾ, ਅਮਰਜੀਤ ਸਿੰਘ ਕਾਂਝਲਾ, ਰਛਪਾਲ ਸਿੰਘ ਕੱਲੋਂਗੜੀ ਤੇ ਦੀਦਾਰ ਸਿੰਘ ਬੜਵਾਲ ਹਾਜ਼ਰ ਸਨ।



## ਪੰਡੋਰੀ ਨੇ ਵਿਕਾਸ ਕਾਰਜਾਂ ਲਈ ਪੰਚਾਇਤਾਂ ਨੂੰ ਡੇਢ ਕਰੋੜ ਦੇ ਚੈੱਕ ਵੰਡੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਦੇ ਸਰਵਪੱਖੀ ਵਿਕਾਸ ਲਈ ਚਲਾਈਆਂ ਜਾ ਰਹੀਆਂ ਲੋਕ-ਭਲਾਈ ਤੇ ਵਿਕਾਸ ਯੋਜਨਾਵਾਂ ਨੂੰ ਹੋਰ ਮਜ਼ਬੂਤੀ ਦਿੰਦਿਆਂ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ, ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪਿੰਡ ਠੀਕਰੀਵਾਲ ਵਿਖੇ 15 ਗ੍ਰਾਮ ਪੰਚਾਇਤਾਂ ਨੂੰ ਲਗਭਗ ਡੇਢ ਕਰੋੜ ਰੁਪਏ ਦੀਆਂ ਗ੍ਰਾਂਟਾਂ ਦੇ ਚੈੱਕ ਵੰਡੇ।ਵਿਧਾਇਕ ਪੰਡੋਰੀ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਸਰਕਾਰ ਨੇ ਪੰਜਾਬ ਦੀ ਰਾਜਨੀਤੀ ਨੂੰ ਵਾਅਦਿਆਂ ਤੋਂ ਕੱਢ ਕੇ ਵਿਕਾਸ ਦੀ ਧਰਾਤਲ 'ਤੇ ਲਿਆਂਦਾ ਹੈ।ਉਨ੍ਹਾਂ ਕਿਹਾ ਕਿ ਜਿਨ੍ਹਾਂ ਕੰਮਾਂ ਨੂੰ ਪਿਛਲੀਆਂ ਸਰਕਾਰਾਂ ਦਹਾਕਿਆਂ ਤੱਕ ਨਹੀਂ ਕਰ ਸਕੀਆਂ, ਉਨ੍ਹਾਂ ਨੂੰ ਮਾਨ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਕਰ ਵਿਖਾਇਆ ਹੈ।ਉਨ੍ਹਾਂ ਕਿਹਾ ਕਿ ਮਹਿਲ ਕਲਾਂ ਹਲਕੇ ਦੇ ਪਿੰਡਾਂ ਅਤੇ ਕਸਬਿਆਂ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਚੱਲ ਰਹੇ ਹਨ।ਲਿੰਕ ਸੜਕਾਂ ਦੀ ਉਸਾਰੀ ਤੇ ਮੁਰੰਮਤ, ਪੀਣ ਵਾਲੇ ਪਾਣੀ ਦੀਆਂ ਸਕੀਮਾਂ, ਸੀਵਰੇਜ, ਸਟਰੀਟ ਲਾਈਟਾਂ, ਸਰਕਾਰੀ ਸਕੂਲਾਂ ਤੇ ਸਿਹਤ ਸੰਸਥਾਵਾਂ ਦੇ ਸੁਧਾਰ, ਖੇਡ ਮੈਦਾਨਾਂ ਦੇ ਨਿਰਮਾਣ ਅਤੇ ਹੋਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਲਈ ਵੱਡੇ ਪੱਧਰ 'ਤੇ ਫੰਡ ਜਾਰੀ ਕੀਤੇ ਗਏ ਹਨ।ਪਿੰਡ ਠੀਕਰੀਵਾਲ ਦੇ ਵਿਕਾਸ ਕਾਰਜਾਂ ਲਈ 10 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਦੇਣ ਤੇ ਸਰਪੰਚ ਨੇ ਧੰਨਵਾਦ ਕਰਦਿਆਂ ਪਿੰਡ ਦੇ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਜਲਦ ਪੂਰਾ ਕਰਨ ਲਈ ਹੋਰ ਗ੍ਰਾਂਟਾਂ ਦੀ ਮੰਗ ਰੱਖੀ, ਜਿਸ 'ਤੇ ਵਿਧਾਇਕ ਨੇ ਹਰ ਸੰਭਵ ਸਹਿਯੋਗ ਅਤੇ ਜਲਦੀ ਮਨਜ਼ੂਰੀ ਦਾ ਭਰੋਸਾ ਦਿੱਤਾ।

## ਪੰਜਾਬੀ ਸਾਹਿਤ ਸਭਾ ਵੱਲੋਂ ਸਾਉਣ ਮਹੀਨੇ ਨੂੰ ਸਮਰਪਤ ਕਵੀ ਦਰਬਾਰ



**ਧੂਰੀ (ਮਨੋਹਰ ਸਿੰਘ ਸੱਗੂ, ਸੁਖਦੇਵ ਧੂਰੀ)**-ਪੰਜਾਬੀ ਸਾਹਿਤ ਸਭਾ ਧੂਰੀ ਦਾ ਮਹੀਨਾਵਾਰ ਸਾਹਿਤਕ ਸਮਾਗਮ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਧੂਰੀ ਵਿਖੇ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਸਾਉਣ ਕਵੀ ਦਰਬਾਰ ਵਜੋਂ ਕਰਵਾਇਆ ਗਿਆ।ਸਮਾਗਮ ਦੀ ਸ਼ੁਰੂਆਤ ਦੌਰਾਨ ਜਗਦੇਵ ਸ਼ਰਮਾ ਬੁਗਰਾ ਦੇ ਮਾਤਾ, ਪਵਨ ਹਰਚੰਦਪੁਰੀ ਦੀ ਜੀਵਨ ਸਾਥਣ ਤੇ ਹੋਰ ਵਿੱਛੜੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਵਿਚਾਰ-ਚਰਚਾ ਦੌਰਾਨ ਦੇਸ਼ ਤੇ ਸੂਬਿਆਂ ਦੀ ਸਿੱਖਿਆ ਪ੍ਰਣਾਲੀ ਬਾਰੇ ਵਿਚਾਰ ਸਾਂਝੇ ਕਰਦਿਆਂ ਸਿੰਗਾਪੁਰ, ਚੀਨ, ਜਪਾਨ ਤੇ ਫਿਨਲੈਂਡ ਦੀਆਂ ਨੀਤੀਆਂ ਤੋਂ ਸੇਧ ਲੈਣ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ।ਇਸ ਮੌਕੇ ਕਵਿਤਾ ਸਿਖਲਾਈ ਸਕੂਲ ਦੇ ਅੱਠਵੇਂ ਅਧਿਆਇ ਤਹਿਤ ਜੰਗ ਸਿੰਘ ਫੱਟੜ ਨੇ ਦੋਹਿਰਾ ਛੰਦ ਬਾਰੇ ਜਾਣਕਾਰੀ ਦਿੱਤੀ।ਕਵੀ ਦਰਬਾਰ ਵਿੱਚ ਗੁਰਮੀਤ ਸਿੰਘ ਸੋਹੀ, ਮਨਜੀਤ ਕੌਰ ਸੰਧੂ, ਡਾ. ਕਮਲਜੀਤ ਟਿੱਬਾ, ਅਜਾਇਬ ਸਿੰਘ ਕੋਮਲ, ਰੇਣੂੰ ਸ਼ਰਮਾ, ਜੰਗ ਸਿੰਘ ਫੱਟੜ ਸਮੇਤ ਹੋਰ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।ਸਮਾਗਮ ਦਾ ਸੰਚਾਲਨ ਚਰਨਜੀਤ ਸਿੰਘ ਮੀਮਸਾ ਨੇ ਕੀਤਾ।

## ਹਰਿਆਣਾ ਦੇ ਮੁੱਖ ਮੰਤਰੀ ਨੇ ਅਮਨ ਢੋਟ ਨਾਲ ਕੀਤੀ ਮੁਲਾਕਾਤ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਨੌਰ ਦੌਰੇ ਦੌਰਾਨ ਭਾਜਪਾ ਦੇ ਨੌਜਵਾਨ ਆਗੂ ਅਮਨਦੀਪ ਸਿੰਘ ਢੋਟ ਦੇ ਗ੍ਰਹਿ ਵਿਖੇ ਪਹੁੰਚ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ।ਇਸ ਮੌਕੇ ਅਮਨਦੀਪ ਸਿੰਘ ਢੋਟ ਨੇ ਮੁੱਖ ਮੰਤਰੀ ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨਾਲ ਹਲਕਾ ਸਨੌਰ ਦੇ ਵਿਕਾਸ, ਲੋਕਾਂ ਦੀਆਂ ਮੁੱਖ ਸਮੱਸਿਆਵਾਂ ਤੇ ਭਵਿੱਖ ਦੀਆਂ ਯੋਜਨਾਵਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ।ਮੁਲਾਕਾਤ ਦੌਰਾਨ ਅਮਨਦੀਪ ਸਿੰਘ ਢੋਟ ਨੇ ਹਲਕੇ ਨਾਲ ਜੁੜੇ ਕਈ ਅਹਿਮ ਮੁੱਦਿਆਂ ਤੋਂ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ।ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀ ਉਨ੍ਹਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਿਆ ਤੇ ਲੋਕ ਹਿੱਤ ਨਾਲ ਸਬੰਧਤ ਮਸਲਿਆਂ ਨੂੰ ਤਰਜੀਹ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ, ਲੋਕਾਂ ਨਾਲ ਨਿਰੰਤਰ ਸੰਪਰਕ ਬਣਾਈ ਰੱਖਣ ਤੇ ਖੇਤਰ ਦੇ ਸਰਵਪੱਖੀ ਵਿਕਾਸ ਲਈ ਮਿਲ ਕੇ ਕੰਮ ਕਰਨ 'ਤੇ ਵੀ ਚਰਚਾ ਕੀਤੀ।ਇਸ ਮੁਲਾਕਾਤ ਨੂੰ ਸਥਾਨਕ ਭਾਜਪਾ ਵਰਕਰਾਂ ਤੇ ਇਲਾਕਾ ਵਾਸੀਆਂ ਵੱਲੋਂ ਵੀ ਕਾਫ਼ੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

## ਸੇਵਾ ਮੁਕਤੀ 'ਤੇ ਪਾਲ ਸਿੰਘ ਸਨੇਰ ਨੂੰ ਦਿੱਤੀ ਵਿਦਾਇਗੀ ਪਾਰਟੀ



**ਜ਼ੀਰਾ (ਨਰਿੰਦਰ ਅਨੇਜਾ)**-ਐੱਫ ਸੀ ਆਈ ਵਿਭਾਗ ਜ਼ੀਰਾ ਤੋਂ ਸੇਵਾ ਮੁਕਤ ਹੋਣ 'ਤੇ ਮੁਲਾਜ਼ਮ ਪਾਲ ਸਿੰਘ ਸਨੇਰ ਨੂੰ ਸਹਿਕਰਮੀਆਂ ਨੇ ਨਿੱਘੀ ਵਿਦਾਇਗੀ ਪਾਰਟੀ ਦਿੱਤੀ।ਇਸ ਸਬੰਧੀ ਐੱਫ ਸੀ ਆਈ ਵਰਕਰ ਯੂਨੀਅਨ ਵੱਲੋਂ ਪਾਲ ਸਿੰਘ ਦਾ ਵਿਦਾਇਗੀ ਸਮਾਗਮ ਸ਼ਹਿਨਸ਼ਾਹ ਮੈਰਿਜ ਪੈਲੇਸ ਫਿਰੋਜ਼ਪੁਰ ਰੋਡ ਜ਼ੀਰਾ ਵਿਖੇ ਕੀਤਾ ਗਿਆ।ਜਿੱਥੇ ਉਨ੍ਹਾਂ ਨੂੰ ਸਮੂਹ ਮੁਲਾਜ਼ਮ ਜਥੇਬੰਦੀਆਂ ਤੇ ਪਰਿਵਾਰਕ ਰਿਸ਼ਤੇਦਾਰਾਂ ਵੱਲੋਂ ਤੋਹਫੇ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੇ ਵਿਭਾਗਾਂ ਵਿੱਚੋਂ ਮੁਲਾਜ਼ਮ ਵੱਡੀ ਗਿਣਤੀ ਵਿੱਚ ਸੇਵਾ ਮੁਕਤ ਹੋ ਰਹੇ ਹਨ, ਪਰ ਨਵੀਂ ਭਰਤੀ ਨਾ ਹੋਣ ਕਾਰਨ ਮੁਲਾਜ਼ਮਾਂ ਉੱਪਰ ਵਾਧੂ ਬੋਝ ਪੈ ਰਿਹਾ ਹੈ।ਉਨ੍ਹਾਂ ਸਰਕਾਰਾਂ ਤੋਂ ਮੰਗ ਕੀਤੀ ਕਿ ਵਿਭਾਗਾਂ ਵਿੱਚ ਰੈਗੂਲਰ ਨਵੀਂ ਭਰਤੀ ਨੀਤੀ ਤਹਿਤ ਖਾਲੀ ਅਸਾਮੀਆਂ ਦੀ ਪੂਰਤੀ ਕੀਤੀ ਜਾਵੇ। ਉਹਨਾਂ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਾਂ ਨੂੰ ਅਪੀਲ ਕੀਤੀ ਕਿ 7 ਅਗਸਤ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਸਾਂਝਾ ਫਰੰਟ ਦੀ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇ।ਇਸ ਮੌਕੇ ਸਮਾਗਮ ਵਿੱਚ ਐੱਫ ਸੀ ਆਈ ਵਰਕਰ ਯੂਨੀਅਨ ਦੇ ਸੈਕਟਰੀ ਤਰਲੋਚਨ ਸਿੰਘ, ਸਾਬਕਾ ਸਰਪੰਚ ਦਿਲਬਾਗ ਸਿੰਘ ਪ੍ਰਧਾਨ ਐੱਫ ਸੀ ਆਈ, ਪ੍ਰਿੰਸੀਪਲ ਕੁਲਵਿੰਦਰ ਸਿੰਘ ਬੱਧਣ ਬਲਾਕ ਪ੍ਰਧਾਨ ਪ ਸ ਸ ਫ ਘੱਲ ਖੁਰਦ, ਅੰਨੂ ਤਲਵੰਡੀ ਭਾਈ ਜ਼ਿਲ੍ਹਾ ਪ੍ਰਧਾਨ ਮਿਡ ਡੇ ਮੀਲ ਵਰਕਰ ਯੂਨੀਅਨ, ਅਮਨਦੀਪ ਕੌਰ ਬਲਾਕ ਪ੍ਰਧਾਨ, ਗੁਰਵਿੰਦਰ ਕੌਰ ਬਲਾਕ ਸਕੱਤਰ, ਜੋਤੀ ਬਲਾਕ ਪ੍ਰੈੱਸ ਸਕੱਤਰ ਆਦਿ ਤੋਂ ਇਲਾਵਾਂ ਵੱਡੀ ਗਿਣਤੀ ਵਿੱਚ ਮੁਲਾਜ਼ਮ ਜਥੇਬੰਦੀਆਂ ਦੇ ਆਗੂ ਤੇ ਰਿਸ਼ਤੇਦਾਰ ਆਦਿ ਹਾਜ਼ਰ ਸਨ।

## ਹਰਸਿਮਰਤ ਬਾਦਲ ਨੇ ਪਿੰਡਾਂ ਨੂੰ ਵਿਕਾਸ ਫੰਡਾਂ ਦੇ ਮਨਜ਼ੂਰੀ ਪੱਤਰ ਸੌਂਪੇ



**ਬੋਹਾ (ਨਿਰੰਜਣ ਬੋਹਾ)**-ਲੋਕ ਸਭਾ ਹਲਕਾ ਬਠਿੰਡਾ ਦੀ ਮੈਂਬਰ ਪਾਰਲੀਮੈਂਟ ਤੇ ਸਾਬਕਾ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਆਪਣੇ ਸੰਸਦ ਮੈਂਬਰ ਅਖ਼ਤਿਆਰੀ ਕੋਟੇ ਵਿੱਚੋਂ ਵਿਧਾਨ ਸਭਾ ਹਲਕਾ ਬੁਢਲਾਡਾ ਦੇ ਵੱਖ-ਵੱਖ ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ ਮਨਜ਼ੂਰ ਕੀਤੇ ਗਏ ਫੰਡਾਂ ਦੇ ਮਨਜ਼ੂਰੀ ਪੱਤਰ ਹਲਕਾ ਇੰਚਾਰਜ ਡਾ. ਨਿਸ਼ਾਨ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਲਬੀਰ ਸਿੰਘ ਬੀਰੋਕੇ, ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਤੇ ਵਿਧਾਨ ਸਭਾ ਹਲਕਾ ਬੁਢਲਾਡਾ ਦੇ ਅਬਜ਼ਰਵਰ ਜਤਿੰਦਰ ਸਿੰਘ ਸੋਢੀ ਤੇ ਸਬੰਧਤ ਪਿੰਡਾਂ ਦੀਆਂ ਜਥੇਬੰਦੀਆਂ ਨੂੰ ਸੌਂਪੇ ਗਏ।ਇਸ ਮੌਕੇ ਡਾ. ਨਿਸ਼ਾਨ ਸਿੰਘ ਨੇ ਕਿਹਾ ਕਿ ਬੀਬਾ ਹਰਸਿਮਰਤ ਕੌਰ ਬਾਦਲ ਸੀਮਤ ਅਖ਼ਤਿਆਰੀ ਫੰਡ ਹੋਣ ਦੇ ਬਾਵਜੂਦ ਪੂਰੇ ਲੋਕ ਸਭਾ ਹਲਕੇ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਾਰਜਾਂ ਲਈ ਫੰਡ ਮੁਹੱਈਆ ਕਰਵਾ ਰਹੇ ਹਨ।ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਲੋੜਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨਾ ਤੇ ਹਰ ਪਿੰਡ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨਾ ਉਨ੍ਹਾਂ ਦੀ ਕਾਰਜਸ਼ੈਲੀ ਦੀ ਵਿਸ਼ੇਸ਼ਤਾ ਹੈ।ਡਾ. ਨਿਸ਼ਾਨ ਸਿੰਘ ਨੇ ਕਿਹਾ ਕਿ ਬੀਬਾ ਹਰਸਿਮਰਤ ਕੌਰ ਬਾਦਲ ਦੀ ਇਮਾਨਦਾਰ ਕਾਰਜਸ਼ੈਲੀ, ਲੋਕਾਂ ਨਾਲ ਨਿਰੰਤਰ ਸੰਪਰਕ ਤੇ ਵਿਕਾਸ ਪ੍ਰਤੀ ਵਚਨਬੱਧਤਾ ਕਾਰਨ ਵਿਧਾਨ ਸਭਾ ਹਲਕਾ ਬੁਢਲਾਡਾ ਦੇ ਲੋਕਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਭਰੋਸਾ ਲਗਾਤਾਰ ਮਜ਼ਬੂਤ ਹੋ ਰਿਹਾ ਹੈ।ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਲਕਾ ਬੁਢਲਾਡਾ ਦੀ ਸੀਟ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ ਪਵੇਗੀ।

## ਸਫਾ 1 ਦੇ ਬਾਕੀ...

### ਮੋਦੀ ਸਰਕਾਰ ਨੇ ...

ਕਿਹਾ—ਅਜਿਹੇ ਪੇਪਰ ਲੀਕ ਦੇਸ਼ ਦੀ ਸਿੱਖਿਆ ਪ੍ਰਣਾਲੀ 'ਤੇ ਸਵਾਲੀਆ ਚਿੰਨ੍ਹ ਖੜ੍ਹਾ ਕਰਦੇ ਹਨ ਅਤੇ ਇਸੇ ਲਈ ਸਾਡੇ ਦੇਸ਼ ਦੀਆਂ ਡਿਗਰੀਆਂ ਦੀ ਵਿਦੇਸ਼ਾਂ ਵਿੱਚ ਕੋਈ ਕਦਰ ਨਹੀਂ।

ਮੁੱਖ ਮੰਤਰੀ ਨੇ ਕਿਹਾ, 'ਅੱਜ ਜਦੋਂ ਮੈਂ ਵਿਧਾਨ ਸਭਾ ਵਿੱਚ ਬੋਲ ਰਿਹਾ ਸੀ ਤਾਂ ਵਿਰੋਧੀ ਧਿਰ ਦੀਆਂ ਸੀਟਾਂ ਖਾਲੀ ਪਈਆਂ ਸਨ। ਇਹ 2027 ਦੀ ਇੱਕ ਝਲਕ ਹੈ। ਏਨੇ ਮਹੱਤਵਪੂਰਨ ਮੁੱਦੇ 'ਤੇ ਬਹਿਸ ਵਿੱਚ ਹਿੱਸਾ ਲੈਣ ਦੀ ਬਜਾਏ ਉਨ੍ਹਾਂ ਕਾਰਵਾਈ ਦਾ ਬਾਈਕਾਟ ਕੀਤਾ।ਇੱਕ ਪਾਸੇ ਉਨ੍ਹਾਂ ਦੇ ਨੇਤਾ ਸਿੱਖਿਆ ਨਾਲ ਸੰਬੰਧਤ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਦੇ ਬਾਹਰ ਪ੍ਰਦਰਸ਼ਨ ਕਰਦੇ ਹਨ ਅਤੇ ਦੂਜੇ ਪਾਸੇ ਜਦੋਂ ਉਨ੍ਹਾਂ ਨੂੰ ਸਦਨ ਵਿੱਚ ਉਸੇ ਮੁੱਦੇ 'ਤੇ ਬਹਿਸ ਕਰਨ ਦਾ ਮੌਕਾ ਮਿਲਦਾ ਹੈ ਤਾਂ ਉਹ ਵਾਕਆਊਟ ਕਰ ਜਾਂਦੇ ਹਨ।'

ਪ੍ਰੀਖਿਆਵਾਂ ਦੇ ਮਾਮਲੇ ਵਿੱਚ ਪੰਜਾਬ ਦੇ ਰਿਕਾਰਡ ਨੂੰ ਸਪੱਸ਼ਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ, 'ਸਾਡੀ ਸਰਕਾਰ ਦੇ ਪਿਛਲੇ ਚਾਰ ਸਾਲਾਂ ਤੋਂ ਵੱਧ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਪੇਪਰ ਲੀਕ ਦੀ ਇੱਕ ਵੀ ਘਟਨਾ ਨਹੀਂ ਵਾਪਰੀ। ਕੁਝ ਪ੍ਰੀਖਿਆਵਾਂ ਦੌਰਾਨ ਨਕਲ ਦੇ ਮਾਮਲੇ ਸਾਹਮਣੇ ਆਏ ਸਨ, ਪਰ ਉਹ ਮਾਮਲੇ ਸਰਕਾਰ ਵੱਲੋਂ ਆਪ ਹੀ ਫੜੇ ਗਏ ਸਨ।'

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਿੰਦਾ ਮਤਾ ਪੇਸ਼ ਕਰਦਿਆਂ ਕਿਹਾ ਕਿ ਪਿਛਲੇ ਇੱਕ ਦਹਾਕੇ ਦੌਰਾਨ 70 ਤੋਂ ਵੱਧ ਵੱਡੇ ਪ੍ਰੀਖਿਆ ਘੁਟਾਲੇ, ਪੇਪਰ ਲੀਕ ਅਤੇ ਡਿਜੀਟਲ ਹੈਕਿੰਗ ਦੇ ਮਾਮਲੇ ਸਾਹਮਣੇ ਆਏ ਹਨ, ਜਿਸ ਨਾਲ ਦੇਸ਼ ਦੇ ਲੱਖਾਂ ਨੌਜਵਾਨਾਂ ਦਾ ਭਵਿੱਖ ਖਤਰੇ ਵਿੱਚ ਪੈ ਗਿਆ ਹੈ ਅਤੇ ਸਰਕਾਰੀ ਪ੍ਰੀਖਿਆ ਪ੍ਰਣਾਲੀ ਤੋਂ ਲੋਕਾਂ ਦਾ ਵਿਸ਼ਵਾਸ ਉੱਠ ਰਿਹਾ ਹੈ। ਸਦਨ ਵੱਲੋਂ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਮਤੇ 'ਤੇ ਬੋਲਦਿਆਂ ਕਿਹਾ ਕਿ ਉਹ ਇਕਲੌਤੇ ਅਜਿਹੇ ਸਿੱਖਿਆ ਮੰਤਰੀ ਸਨ, ਜੋ ਜੰਤਰ-ਮੰਤਰ ਵਿਖੇ ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ ਸਨ। ਉਨ੍ਹਾ ਕਿਹਾ, 'ਦੇਸ਼ ਭਰ ਤੋਂ ਵਿਦਿਆਰਥੀ ਉੱਥੇ ਰੋਸ ਪ੍ਰਗਟਾਉਣ ਲਈ ਇਕੱਠੇ ਹੋਏ ਸਨ। ਉਹ ਉੱਥੇ ਭਾਰਤ ਲਈ ਗਏ ਸਨ, ਨਾ ਕਿ ਭਾਰਤ ਦੇ ਵਿਰੁੱਧ। ਤੁਸੀਂ ਕਿਸੇ ਵੀ ਵਿਰੋਧੀ ਆਵਾਜ਼ ਨੂੰ ਦੇਸ਼-ਵਿਰੋਧੀ ਕਰਾਰ ਦੇ ਕੇ ਖਾਰਜ ਨਹੀਂ ਕਰ ਸਕਦੇ। ਇਹ ਮਾਮਲਾ ਸਿਰਫ ਨਕਲ ਜਾਂ ਪੇਪਰ ਲੀਕ ਹੋਣ ਤੱਕ ਸੀਮਤ ਨਹੀਂ ਹੈ। ਆਓ, ਆਪਣੀ ਸਿੱਖਿਆ ਪ੍ਰਣਾਲੀ ਨੂੰ ਨਵੇਂ ਸਿਰੇ ਤੋਂ ਢਾਲੀਏ, ਜਿੱਥੇ ਸਾਰੀਆਂ ਸੰਬੰਧਤ ਧਿਰਾਂ ਮਿਲ ਕੇ ਬਦਲਦੇ ਵਿਸ਼ਵ-ਵਿਆਪੀ ਦੌਰ ਦੇ ਅਨੁਕੂਲ ਇੱਕ ਸਿੱਖਿਆ ਪ੍ਰਣਾਲੀ ਦੀ ਸਿਰਜਣਾ ਕਰਨ। ਹੋਰ ਦੇਸ਼ ਸਾਡੇ ਨਾਲੋਂ ਕਿਤੇ ਅੱਗੇ ਹਨ। ਉਹ ਦੂਜੇ ਦੇਸ਼ਾਂ ਦੇ ਆਪਣੇ ਹਮਰੁਤਬਾ ਲੋਕਾਂ ਦੇ ਬਰਾਬਰ ਚੱਲਣਾ ਚਾਹੁੰਦੇ ਹਨ। ਇਸ ਲਈ ਇੱਕ ਸੱਚੇ ਵਿਕਸਤ ਭਾਰਤ ਦੀ ਸਿਰਜਣਾ ਵਾਸਤੇ ਸਿੱਖਿਆ ਕਮਿਸ਼ਨ ਦਾ ਗਠਨ ਬਹੁਤ ਜ਼ਰੂਰੀ ਹੈ।' ਬੈਂਸ ਨੇ ਪੰਜਾਬ ਵਿੱਚ ਪੇਪਰ ਲੀਕ ਦੇ ਰੌਲੇ ਬਾਰੇ ਵੀ ਸਫ਼ਾਈ ਪੇਸ਼ ਕੀਤੀ। ਕਾਂਗਰਸੀ ਵਿਧਾਇਕਾਂ ਨੇ ਪੇਪਰ ਲੀਕ ਦੇ ਮਾਮਲੇ ਵਿੱਚ ਪੰਜਾਬ ਵਿਧਾਨ ਸਭਾ ਦੇ ਬਾਹਰ ਸੂਬਾ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਜੰਤਰ-ਮੰਤਰ ਉੱਤੇ ਵਿਦਿਆਰਥੀਆਂ ਦੇ ਧਰਨੇ ਵਿੱਚ ਪਹੁੰਚੇ ਅਤੇ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫੇ ਦੀ ਮੰਗ ਕਰ ਰਹੇ ਸਨ, ਪਰ ਪੰਜਾਬ ਵਿੱਚ ਹੋਏ ਪੇਪਰ ਲੀਕ ਮਾਮਲਿਆਂ ਵਿੱਚ ਉਨ੍ਹਾ ਚੁੱਪੀ ਧਾਰ ਰੱਖੀ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਹੋਏ ਪੇਪਰ ਲੀਕ ਦੇ ਮਾਮਲਿਆਂ ਵਿੱਚ ਬੈਂਸ ਅਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਅਸਤੀਫੇ ਦੀ ਮੰਗ 'ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਪੱਸ਼ਟ ਕਿਹਾ ਕਿ ਉਹ ਪੇਪਰ ਲੀਕ ਦੇ ਪੂਰੇ ਮਾਮਲੇ 'ਤੇ ਬਹਿਸ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ ਅਤੇ ਉਹ ਇਸ ਮੁੱਦੇ ਤੋਂ ਭੱਜਣ ਵਾਲਿਆਂ ਵਿੱਚੋਂ ਨਹੀਂ ਹਨ। ਮਾਨਸੂਨ ਸੈਸ਼ਨ ਦੀ ਸ਼ੁਰੂਆਤ ਦੌਰਾਨ ਸਦਨ ਨੇ ਸਾਬਕਾ ਵਿਧਾਇਕ ਸਾਹੀ ਰਾਮ ਬਿਸ਼ਨੋਈ, ਸ਼ਹੀਦ ਸਿਪਾਹੀ ਸਰਬਜੀਤ ਸਿੰਘ, ਆਜ਼ਾਦੀ ਘੁਲਾਟੀਏ ਸੇਵਾ ਸਿੰਘ, ਓਲੰਪੀਅਨ ਰਣਧੀਰ ਸਿੰਘ, ਚੰਨ ਗੁਰਾਇਆ ਵਜੋਂ ਜਾਣੇ ਜਾਂਦੇ ਗੀਤਕਾਰ ਅਤੇ ਲੇਖਕ ਭੂਲਾ ਰਾਮ, ਮਨਜੀਤ ਸਿੰਘ ਢੋਸ (ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਚਾਚਾ) ਅਤੇ ਭੁਪਿੰਦਰ ਸਿੰਘ ਪਾਹੜਾ (ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਚਾਚਾ) ਦੀ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ। ਵਿਧਾਇਕ ਸਰਵਜੀਤ ਕੌਰ ਮਾਣੂੰਕੇ ਦੀ ਸਿਫ਼ਾਰਸ਼ 'ਤੇ ਸਦਨ ਨੇ ਫੌਜੀ ਸ਼ਹੀਦ ਸਿਕੰਦਰ ਸਿੰਘ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ।ਇਸ ਦੌਰਾਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵੀ ਵਿਛੜੀਆਂ ਰੂਹਾਂ ਦੇ ਜੀਵਨ ਤੇ ਸ਼ਖਸੀਅਤ ਬਾਰੇ ਸੰਖੇਪ ਵਿੱਚ ਦੱਸਿਆ।ਸਦਨ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਵੀ ਦਿਲੋਂ ਸ਼ਰਧਾਂਜਲੀ ਦਿੱਤੀ ਗਈ, ਜਿਨ੍ਹਾਂ ਨੀਟ ਪ੍ਰੀਖਿਆ ਪੇਪਰ ਲੀਕ ਹੋਣ ਤੋਂ ਬਾਅਦ ਦੇਸ਼ ਭਰ ਵਿੱਚ ਪੈਦਾ ਹੋਏ ਅਨਿਸਚਿਤਤਾ ਦੇ ਮਾਹੌਲ ਦਾ ਸਾਹਮਣਾ ਕਰਦੇ ਹੋਏ ਆਪਣੀਆਂ ਕੀਮਤੀ ਜਾਨਾਂ ਗੁਆ ਦਿੱਤੀਆਂ। ਉਨ੍ਹਾਂ ਦੇ ਪਰਵਾਰਾਂ ਪ੍ਰਤੀ ਵੀ ਡੂੰਘੀ ਹਮਦਰਦੀ ਅਤੇ ਸੰਵੇਦਨਾ ਪ੍ਰਗਟਾਈ ਗਈ।ਸ਼ਰਧਾਂਜਲੀਆਂ ਦੌਰਾਨ ਵਿਛੜੀਆਂ ਰੂਹਾਂ ਦੇ ਸਤਿਕਾਰ ਅਤੇ ਯਾਦ ਵਿੱਚ ਦੋ ਮਿੰਟ ਦਾ ਮੌਨ ਵੀ ਰੱਖਿਆ ਗਿਆ।

### ਏ ਆਈ ਦੇ ਦੌਰ 'ਚ...

ਸ਼ਹੀਦ ਊਧਮ ਸਿੰਘ ਦੀ ਵਿਚਾਰਧਾਰਾ ਤੋਂ ਅਗਵਾਈ ਲੈ ਕੇ ਦੇਸ਼ ਦੀ ਨੌਜਵਾਨ ਪੀੜ੍ਹੀ ਆਪਣੇ ਸੰਘਰਸ਼ਾਂ ਨੂੰ ਤੇਜ਼ ਕਰੇ। ਉਹਨਾਂ ਅੱਗੇ ਕਿਹਾ ਕਿ ਬਨੇਗਾ ਪ੍ਰਾਪਤੀ ਮੁਹਿੰਮ ਵੱਲੋਂ ਹਰ ਇਕ ਲਈ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਬੇਰੁਜ਼ਗਾਰ ਜਵਾਨੀ ਅਤੇ ਉਹਨਾਂ ਦੇ ਮਾਪਿਆਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਨਾ ਚਾਹੀਦਾ ਹੈ।

ਇਸ ਸੈਮੀਨਾਰ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਸਾਥੀ ਜਗਰੂਪ ਸਿੰਘ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਨੇ ਸਿਰਫ ਬਦਲਾ ਲੈਣ ਲਈ ਹੀ ਨਹੀਂ 21 ਸਾਲ ਇੰਤਜ਼ਾਰ ਕੀਤਾ, ਸਗੋਂ ਆਪਣੇ ਇਨਕਲਾਬੀ ਮਕਸਦ ਨੂੰ ਅੰਜਾਮ ਦੇਣ ਲਈ ਇਕ ਕੌਮਾਂਤਰੀ ਮੰਚ ਦੀ ਵਰਤੋਂ ਕਰਨ ਦੇ ਮੌਕੇ ਦਾ ਇੰਤਜ਼ਾਰ ਕੀਤਾ ਅਤੇ ਜਦੋਂ ਹੀ ਮੌਕਾ ਮਿਲਿਆ, ਓਦੋਂ ਹੀ ਐਕਸ਼ਨ ਕਰਕੇ ਆਪਣੇ ਇਨਕਲਾਬੀ ਪ੍ਰੋਗਰਾਮ ਦਾ ਪ੍ਰਚਾਰ ਅਤੇ ਪ੍ਰਦਰਸ਼ਨ ਕੀਤਾ। ਉਹਨਾਂ ਦੇ ਇਸ ਐਕਸ਼ਨ ਨੇ ਸੱਚਮੁੱਚ ਭਾਰਤੀ ਆਜ਼ਾਦੀ ਦੇ ਅੰਦੋਲਨ ਵਿਚ ਇਨਕਲਾਬੀ ਰੂਹ ਫੂਕੀ।

ਸਾਥੀ ਜਗਰੂਪ ਨੇ ਅਜੋਕੇ ਹਾਲਾਤ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਮੌਜੂਦਾ ਦੌਰ ਆਰਟੀਫਿਸ਼ੀਅਲ ਇੰਟੈਲੀਜੈਂਸੀ ਦਾ ਦੌਰ ਹੈ ਅਤੇ ਦੁਨੀਆ ਬੜੀ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਆਉਣ ਵਾਲੇ ਚਾਰ ਸਾਲ ਸੰਸਾਰ ਲਈ ਨਿਰਣਾਇਕ ਹਨ। ਦੁਨੀਆ ਦੀ ਸਰਮਾਏਦਾਰੀ ਕੋਲ ਏ.ਆਈ. ਦੀ ਮਾਲਕੀ ਹੋਣ ਕਰਕੇ ਆਪਣੇ ਮੁਨਾਫ਼ੇ ਨੂੰ ਵੱਡਾ ਕਰਨ ਲਈ ਤਾਣ ਲਗਾ ਰਹੀ ਹੈ, ਪਰ ਦੂਜੇ ਪਾਸੇ ਏ.ਆਈ. ਦੀ ਸਰਮਾਏਦਾਰੀ ਲਈ ਵਰਤੋਂ ਸਮਾਜ ਵਿੱਚ ਵੱਡੇ ਪਾੜੇ ਹੋਣਗੇ ਅਤੇ ਆਮ ਜਨਤਾ ਹਰ ਤਰ੍ਹਾਂ ਦੀਆਂ ਸਹੂਲਤਾਂ ਅਤੇ ਮਨੁੱਖੀ ਅਧਿਕਾਰਾਂ ਤੋਂ ਵਾਂਝੀ ਹੋ ਜਾਵੇਗੀ। ਸਾਥੀ ਜਗਰੂਪ ਨੇ ਆਸ ਪ੍ਰਗਟ ਕਰਦਿਆਂ ਕਿਹਾ ਕਿ ਆਮ ਜਨਤਾ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਤੇਜ਼ ਕਰੇਗੀ ਅਤੇ ਇਕ ਇਨਕਲਾਬੀ ਤਬਦੀਲੀ ਲਾਜ਼ਮੀ ਸੰਭਵ ਹੋਵੇਗੀ।ਇਸ ਮੌਕੇ ਹੋਰਾਂ ਤੋਂ ਇਲਾਵਾ ਇਸਤਰੀ ਸਭਾ ਦੀ ਆਗੂ ਹਰਜੀਤ ਕੌਰ ਢੰਡੀਆਂ, ਹਰਮੇਸ਼ ਪੀਰ ਮੁਹੰਮਦ, ਬਲਵੰਤ ਚੋਹਾਨਾ, ਕ੍ਰਿਸ਼ਨ ਧਰਮੂ ਵਾਲਾ, ਬਲਵਿੰਦਰ ਘੁਰੀ, ਧਰਮਿੰਦਰ ਮੁਰਕਵਾਲਾ, ਤੇਜਾ ਅਮੀਰ ਖਾਸ, ਰਾਜੂ ਟਾਹਲੀ ਵਾਲਾ, ਪੰਕਜ ਕੁਮਾਰ, ਕੈਲਾਸ਼ ਬਾਈ ਡੱਬ ਵਾਲਾ ਕਲਾਂ, ਛਿੰਦਰਪਾਲ ਛੱਪੜੀਵਾਲਾ, ਸੋਹਨ ਸਿੰਘ ਸਾਬਕਾ ਸਰਪੰਚ ਬਸਤੀ ਚੱਕ ਸੁੱਕੜ, ਸਤਨਾਮ ਦਾਸ, ਧਰਮਿੰਦਰ ਰਹਿਮੇ ਸ਼ਾਹ ਹਾਜ਼ਰ ਸਨ।

### ਸੱਭਿਆਚਾਰਕ ਪਛਾਣ ...

ਵਧਣਾ ਇਸ ਟਾਪੂ ਦੇਸ਼ ਲਈ ਖਤਰਾ ਬਣ ਰਿਹਾ ਹੈ। ਕਈ ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਮੌਜੂਦਾ ਰੁਝਾਨ ਜਾਰੀ ਰਿਹਾ ਤਾਂ ਆਉਣ ਵਾਲੇ ਦਹਾਕਿਆਂ ਵਿੱਚ ਦੇਸ਼ ਦੇ ਬਹੁਤ ਸਾਰੇ ਹਿੱਸੇ ਰਹਿਣ ਯੋਗ ਨਹੀਂ ਰਹਿਣਗੇ। 1993 ਤੋਂ ਨੌਰੂ ਦੇ ਆਲੇ-ਦੁਆਲੇ ਸਮੁੰਦਰ ਦਾ ਪੱਧਰ ਔਸਤਨ ਪ੍ਰਤੀ ਸਾਲ ਲਗਭਗ 5 ਮਿਲੀਮੀਟਰ ਵਧ ਰਿਹਾ ਹੈ, ਜੋ ਕਿ ਵਿਸ਼ਵ ਔਸਤ ਨਾਲੋਂ ਵੱਧ ਹੈ। ਜੇ ਇਹ ਦਰ ਜਾਰੀ ਰਹੀ ਤਾਂ ਇਸ ਸਦੀ ਦੇ ਅੰਤ ਤੱਕ ਸਮੁੰਦਰ ਦਾ ਪੱਧਰ 20 ਤੋਂ 57 ਸੈਂਟੀਮੀਟਰ ਹੋਰ ਵਧ ਸਕਦਾ ਹੈ। ਸਮੱਸਿਆ ਸਿਰਫ ਸਮੁੰਦਰਾਂ ਦੇ ਵਧਦੇ ਪੱਧਰ ਦੀ ਨਹੀਂ, ਨੌਰੂ ਕੋਲ ਮਨੁੱਖੀ ਵਸੇਬੇ ਲਈ ਬਹੁਤ ਘੱਟ ਸੁਰੱਖਿਅਤ ਜ਼ਮੀਨ ਬਚੀ ਹੈ। ਦਹਾਕਿਆਂ ਤੋਂ ਚੱਲ ਰਹੀ ਫਾਸਫੇਟ ਮਾਈਨਿੰਗ ਨੇ ਟਾਪੂ ਦੇ ਅੰਦਰੂਨੀ ਹਿੱਸੇ ਦਾ ਲਗਭਗ 80 ਫੀਸਦੀ ਹਿੱਸਾ ਬੰਜਰ ਛੱਡ ਦਿੱਤਾ ਹੈ। ਨਤੀਜੇ ਵਜੋਂ ਆਬਾਦੀ ਦਾ ਇੱਕ ਵੱਡਾ ਹਿੱਸਾ ਤੱਟ ਦੇ ਨਾਲ ਰਹਿਣ ਲਈ ਮਜਬੂਰ ਹੈ, ਜਿੱਥੇ ਤੱਟਵਰਤੀ ਖੋਰੇ ਅਤੇ ਉੱਚੀਆਂ ਲਹਿਰਾਂ ਹਰ ਸਾਲ ਡਰਾ ਰਹੀਆਂ ਹਨ। ਇਸ ਖਤਰੇ ਨੂੰ ਹੱਲ ਕਰਨ ਲਈ ਸਰਕਾਰ ਨੇ ਵਿਦੇਸ਼ੀ ਨਾਗਰਿਕਾਂ ਨੂੰ ਨਿਵੇਸ਼ ਦੇ ਬਦਲੇ ਨਾਗਰਿਕਤਾ ਦੇਣ ਦੀ ਇੱਕ ਯੋਜਨਾ ਸ਼ੁਰੂ ਕੀਤੀ ਹੈ। ਇਸ ਰਕਮ ਦੀ ਵਰਤੋਂ ਲੋਕਾਂ ਅਤੇ ਜ਼ਰੂਰੀ ਬੁਨਿਆਦੀ ਢਾਂਚੇ ਨੂੰ ਸੁਰੱਖਿਅਤ ਉੱਚਾਈ ਵਾਲੀਆਂ ਥਾਵਾਂ 'ਤੇ ਤਬਦੀਲ ਕਰਨ ਅਤੇ ਜਲਵਾਯੂ ਪਰਿਵਰਤਨ ਨਾਲ ਸੰਬੰਧਤ ਪ੍ਰੋਜੈਕਟਾਂ ਲਈ ਕੀਤੀ ਜਾਵੇਗੀ।

ਨਾਓਰੋ ਦੇ ਫੈਸਲੇ ਨੂੰ ਦੁਨੀਆ ਭਰ ਵਿੱਚ ਦੇਸ਼ਾਂ ਵੱਲੋਂ ਆਪਣੀਆਂ ਸਥਾਨਕ ਭਾਸ਼ਾਵਾਂ ਅਤੇ ਇਤਿਹਾਸਕ ਪਛਾਣਾਂ 'ਤੇ ਮੁੜ ਜ਼ੋਰ ਦੇ ਰੁਝਾਨ ਵਜੋਂ ਦੇਖਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ 2018 ਵਿੱਚ ਅਫਰੀਕੀ ਦੇਸ਼ ਸਵਾਜ਼ੀਲੈਂਡ ਨੇ ਆਪਣਾ ਨਾਂਅ ਬਦਲ ਕੇ ਐਸਵਾਤਿਨੀ ਰੱਖ ਲਿਆ ਸੀ। 2022 ਵਿੱਚ ਤੁਰਕੀ ਨੇ ਸੰਯੁਕਤ ਰਾਸ਼ਟਰ ਨੂੰ ਅਧਿਕਾਰਤ ਤੌਰ 'ਤੇ ਆਪਣਾ ਅੰਤਰਰਾਸ਼ਟਰੀ ਨਾਂਅ ਬਦਲ ਕੇ ਤੁਰਕੀਏ ਰੱਖਣ ਦੀ ਬੇਨਤੀ ਕੀਤੀ ਸੀ। ਨਾਓਰੋ ਦਾ ਮੰਨਣਾ ਹੈ ਕਿ ਕਿਸੇ ਕੌਮ ਦੀ ਪਛਾਣ ਸਿਰਫ ਉਸ ਦੀਆਂ ਸਰਹੱਦਾਂ ਦੁਆਰਾ ਹੀ ਨਹੀਂ, ਸਗੋਂ ਉਸ ਦੀ ਭਾਸ਼ਾ, ਸੱਭਿਆਚਾਰ ਅਤੇ ਇਤਿਹਾਸ ਦੁਆਰਾ ਵੀ ਪਰਿਭਾਸ਼ਿਤ ਕੀਤੀ ਜਾਂਦੀ ਹੈ। ਇਸ ਸੋਚ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਇਸ ਨੇ ਅਧਿਕਾਰਤ ਤੌਰ 'ਤੇ ਦੁਨੀਆ ਨੂੰ ਆਪਣੀ ਅਸਲੀ ਪਛਾਣ ਦੁਬਾਰਾ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ।

### ਕਾਮਰੇਡ ਕਾਕਾ ਸਿੰਘ...

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਬਸਪਾ ਦੇ ਰਘਵੀਰ ਸਿੰਘ ਰਾਮਗੜ੍ਹੀਆ, ਚੂਹੜ ਸਿੰਘ ਖਿਆਲਾ, ਸਾਬਕਾ ਐੱਮ ਸੀ ਸੁਖਵਿੰਦਰ ਸਿੰਘ ਪਿੰਦਰ, ਅਰਵਿੰਦਰ ਕੌਰ, ਸੁਦਰਸ਼ਨ ਸ਼ਰਮਾ, ਕਿਰਨਾ ਰਾਣੀ ਐੱਮ ਸੀ, ਜਤਿੰਦਰ ਆਂਗਰਾ ਸਾਬਕਾ ਵਾਈਸ ਪ੍ਰਧਾਨ, ਮੱਘਰ ਸਿੰਘ ਸਾਬਕਾ ਐੱਮ ਸੀ, ਬਲਵੀਰ ਸਿੰਘ ਬੀਰਾ ਸਾਬਕਾ ਐੱਮ ਸੀ, ਕਮਲ ਚੂਨੀਆਂ, ਮੁਲਾਜ਼ਮ ਆਗੂ ਮੱਖਣ ਮਾਨਸਾ ਆਦਿ ਆਗੂਆਂ ਨੇ ਸੰਬੋਧਨ ਕੀਤਾ। ਇਸ ਤੋਂ ਇਲਾਵਾ ਵੱਡੀ ਗਿਣਤੀ 'ਚ ਪਰਵਾਰਕ ਤੇ ਰਿਸ਼ਤੇਦਾਰ ਵੀ ਮੌਜੂਦ ਸਨ।ਸਟੇਜ ਸਕੱਤਰ ਦੀ ਭੂਮਿਕਾ ਮੱਖਣ ਮਾਨਸਾ ਵੱਲੋਂ ਬਾਖੂਬੀ ਨਿਭਾਈ ਗਈ।

### ਭਾਜਪਾ ਨੇ ਕੌਮੀ...

ਦੇ ਸਤੇਂਦਰਭਾਈ (ਸਤੀਸ਼) ਪਟੇਲ ਨੇ ਕਾਂਗਰਸ ਦੇ ਭੀਖਾਭਾਈ ਰਬਾਰੀ ਨੂੰ 30,630 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ। ਤਿੰਨੋਂ ਸੀਟਾਂ ਦੀ ਉਪ ਚੋਣ ਲਈ ਵੋਟਿੰਗ 30 ਜੁਲਾਈ ਨੂੰ ਹੋਈ ਸੀ। ਦਤੀਆ ਵਿੱਚ ਭਾਜਪਾ ਲਈ ਨਰੋਤਮ ਮਿਸ਼ਰਾ ਵਰਗੇ ਪ੍ਰਮੁੱਖ ਨੇਤਾ ਦੀ ਟਿਕਟ ਕੱਟਣਾ ਇੱਕ ਜੋਖਮ ਭਰਿਆ ਫੈਸਲਾ ਸੀ। ਹੁਣ ਪਾਰਟੀ ਦੀ ਆਪਣੇ ਹਲਕੇ ਵਿੱਚ ਹਾਰ ਦਰਸਾਉਂਦੀ ਹੈ ਕਿ ਟਿਕਟ ਤਬਦੀਲੀ ਤੋਂ ਪੈਦਾ ਹੋਈ ਅਸੰਤੁਸ਼ਟੀ ਵੋਟਰਾਂ ਤੱਕ ਪਹੁੰਚ ਗਈ। ਦੂਜੇ ਪਾਸੇ ਅੰਦਰੂਨੀ ਕਲੇਸ਼ ਦੇ ਬਾਵਜੂਦ ਕਾਂਗਰਸ ਦੀ ਜਿੱਤ ਹੋਈ। ਇਹ ਸੀਟ ਕਾਂਗਰਸੀ ਵਿਧਾਇਕ ਨੂੰ ਅਯੋਗ ਠਹਿਰਾਏ ਜਾਣ ਕਾਰਨ ਖਾਲੀ ਹੋਈ ਸੀ। ਪੀ ਕੇ ਦੀ ਜਿੱਤ ਭਾਜਪਾ ਲਈ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਨਿਤਿਨ ਨਬੀਨ ਵਰਗੀ ਮਜ਼ਬੂਤ ਸ਼ਖ਼ਸੀਅਤ ਦੇ ਹਲਕੇ ਵਿੱਚ ਭਾਜਪਾ ਉਮੀਦਵਾਰ ਦਾ ਹਾਰਨਾ ਸ਼ਹਿਰੀ ਮੱਧ ਵਰਗ ਦੇ ਵੋਟਰਾਂ ਵਿੱਚ ਅਸੰਤੁਸ਼ਟੀ ਨੂੰ ਦਰਸਾਉਂਦਾ ਹੈ, ਜਿਸ ਨੂੰ ਸਿਰਫ ਪਾਰਟੀ ਸੰਗਠਨ ਦੀ ਤਾਕਤ ਨਾਲ ਹੱਲ ਨਹੀਂ ਕੀਤਾ ਜਾ ਸਕਦਾ। ਕਿਸ਼ੋਰ ਦੇ ਉਭਾਰ ਵਿੱਚ ਕੁਝ ਕਾਰਕਾਂ ਵਿੱਚੋਂ ਵੱਡਾ ਕਾਰਕ ਭਾਜਪਾ ਅਤੇ ਆਰ ਜੇ ਡੀ ਦੇ ਸਮਰਥਨ ਆਧਾਰਾਂ ਵਿੱਚ ਆਈਆਂ ਵੱਡੀਆਂ ਤਰੇੜਾਂ ਨੂੰ ਮੰਨਿਆ ਜਾ ਸਕਦਾ ਹੈ, ਜਿਸ ਵਿੱਚ ਸਿਰਫ ਕਾਇਸਥ ਸਮੂਹ ਨੇ ਹੀ ਭਾਜਪਾ ਲਈ ਇਕਜੁੱਟਤਾ ਦਿਖਾਈ ਹੈ। ਪਹਿਲਾ ਕਾਰਕ ਇਹ ਰਿਹਾ ਕਿ ਅਸੈਂਬਲੀ ਚੋਣਾਂ ਵੇਲੇ 243 ਸੀਟਾਂ ਵਿੱਚੋਂ 238 ਸੀਟਾਂ 'ਤੇ ਚੋਣ ਲੜਨ ਦੇ ਬਾਵਜੂਦ ਖਾਤਾ ਖੋਲ੍ਹਣ ਵਿੱਚ ਨਾਕਾਮ ਰਹਿਣ 'ਤੇ ਕਿਸ਼ੋਰ ਨੇ ਇਸ ਵਾਰ ਪਟਨਾ ਦੀ ਬਾਂਕੀਪੁਰ ਸੀਟ ਤੋਂ ਚੋਣ ਲੜਨ ਲਈ ਕਿਸੇ ਹੋਰ ਪਾਰਟੀ ਨੇਤਾ ਨੂੰ ਮੈਦਾਨ ਵਿੱਚ ਉਤਾਰਨ ਦੀ ਬਜਾਏ ਖੁਦ ਉਤਰਨ ਦਾ ਫੈਸਲਾ ਕੀਤਾ। ਕਿਸ਼ੋਰ ਦੀ ਉਮੀਦਵਾਰੀ ਭਾਜਪਾ ਦੇ ਹਲਕੇ ਭਾਰ ਵਾਲੇ ਉਮੀਦਵਾਰ ਨੀਰਜ ਕੁਮਾਰ ਸਿਨਹਾ 'ਤੇ ਭਾਰੀ ਸਾਬਤ ਹੋਈ। ਦੂਜੀ ਗੱਲ, ਜੋ ਕਿਸ਼ੋਰ ਦੇ ਹੱਕ ਵਿੱਚ ਗਈ, ਉਹ ਹੈ ਭਾਜਪਾ ਦੇ ਗੜ੍ਹ ਵਿੱਚ ਬਦਲਾਅ ਲਈ ਜਨਤਕ ਮੂਡ, ਜਿਸ ਵਿੱਚ ਬਹੁਤ ਸਾਰੇ ਲੋਕ ਸਪੱਸ਼ਟ ਤੌਰ 'ਤੇ ਕਿਸ਼ੋਰ ਨੂੰ ਇੱਕ ਬਿਹਤਰ ਅਤੇ ਨੇਕ ਉਮੀਦਵਾਰ ਵਜੋਂ ਦੇਖ ਰਹੇ ਸਨ। ਕਿਸ਼ੋਰ ਨੇ ਇਸ ਚੋਣ ਨੂੰ ਮੁੱਖ ਮੰਤਰੀ ਸਮਰਾਟ ਚੌਧਰੀ 'ਤੇ ਜਨਮਤ ਸੰਗ੍ਰਹਿ ਕਿਹਾ ਅਤੇ ਬਾਂਕੀਪੁਰ ਨੂੰ ਆਪਣਾ ਗੜ੍ਹ ਦੱਸਣ ਲਈ ਭਾਜਪਾ ਦੇ ਹੰਕਾਰ 'ਤੇ ਹਮਲਾ ਬੋਲਿਆ। ਇਸ ਗੱਲ ਨੂੰ ਉਜਾਗਰ ਕੀਤਾ ਕਿ ਲੋਕ ਹੀ ਕਿਲ੍ਹਾ ਬਣਾਉਂਦੇ ਹਨ, ਕੋਈ ਪਾਰਟੀ ਨਹੀਂ। ਤੀਜਾ ਕਾਰਕ ਇਹ ਰਿਹਾ ਕਿ ਸਿਰਫ ਉੱਚ ਜਾਤੀ ਦੇ ਕਾਇਸਥ ਭਾਈਚਾਰੇ ਨੇ ਭਾਜਪਾ ਲਈ ਇੱਕਜੁੱਟਤਾ ਦਿਖਾਈ, ਹੋਰ ਉੱਚ ਜਾਤੀ ਅਤੇ ਓ ਬੀ ਸੀ ਵੋਟਰ ਸਮੂਹਾਂ ਦੇ ਹਿੱਸੇ ਕਿਸ਼ੋਰ ਵੱਲ ਝੁਕ ਗਏ। ਆਰ ਜੇ ਡੀ ਦੇ ਮੁਸਲਿਮ-ਯਾਦਵ ਵੋਟਰਾਂ ਦਾ ਇੱਕ ਹਿੱਸਾ ਵੀ ਕਿਸ਼ੋਰ ਵੱਲ ਖਿੱਚਿਆ ਹੋਇਆ ਜਾਪਦਾ ਸੀ। ਮੁਸਲਮਾਨਾਂ ਦੇ ਇੱਕ ਹਿੱਸੇ ਨੇ ਕਿਸ਼ੋਰ ਲਈ ਆਰ ਜੇ ਡੀ ਨੂੰ ਛੱਡ ਦਿੱਤਾ, ਕਿਉਂਕਿ ਉਨ੍ਹਾਂ ਭਾਜਪਾ ਵਿਰੁੱਧ ਉਸ ਦੀ ਜਿੱਤਣ ਦੀ ਸੰਭਾਵਨਾ ਵੇਖੀ ਸੀ।

### ਦੀਪਕੇ ਦਾ 'ਸ਼ਹਿਨਸ਼ਾਹ' ...

ਪ੍ਰਦਰਸ਼ਨਾਂ ਨਾਲ ਜੁੜੇ ਪੁਲਸ ਮਾਮਲਿਆਂ ਦਾ ਸਾਹਮਣਾ ਕਰ ਰਹੇ ਸੀ ਜੇ ਪੀ ਸਮਰਥਕਾਂ ਲਈ ਸੀਨੀਅਰ ਵਕੀਲ ਤੇ ਰਾਜ ਸਭਾ ਮੈਂਬਰ ਕਪਿਲ ਸਿੱਬਲ ਵੱਲੋਂ ਐਲਾਨੇ ਗਏ ਕਾਨੂੰਨੀ ਬਚਾਅ ਫੰਡ ਬਾਰੇ ਭਾਰਤ ਦੇ ਚੋਣ ਕਮਿਸ਼ਨ ਅਤੇ ਕੇਂਦਰੀ ਅਧਿਕਾਰੀਆਂ ਨਾਲ ਵੀ ਸੰਪਰਕ ਕੀਤਾ ਹੈ। ਤਿਵਾੜੀ ਨੇ ਸੈਂਟਰਲ ਬੋਰਡ ਆਫ ਐਕਸਾਈਜ਼ ਐਂਡ ਕਸਟਮਜ਼ ਨੂੰ ਵੀ ਪੱਤਰ ਲਿਖਿਆ ਹੈ, ਜਿਸ ਵਿੱਚ ਇਹ ਜਾਂਚ ਕਰਨ ਦੀ ਮੰਗ ਕੀਤੀ ਗਈ ਹੈ ਕਿ ਕੀ ਸਿੱਬਲ ਵੱਲੋਂ ਸੀ ਜੇ ਪੀ ਪ੍ਰਦਰਸ਼ਨਕਾਰੀਆਂ ਲਈ ਕਾਨੂੰਨੀ ਸਹਾਇਤਾ ਲਈ ਦਿੱਤੇ ਗਏ 1 ਕਰੋੜ ਰੁਪਏ 'ਤੇ 18 ਪ੍ਰਤੀਸ਼ਤ ਜੀ ਐੱਸ ਟੀ ਲਾਗੂ ਹੋਵੇਗਾ। ਇੱਕ ਖਬਰ ਏਜੰਸੀ ਨਾਲ ਇੱਕ ਵੱਖਰੇ ਇੰਟਰਵਿਊ ਵਿੱਚ ਦੀਪਕੇ ਨੇ ਕਿਹਾ ਕਿ ਬੰਗਲਾਦੇਸ਼ ਅਤੇ ਨੇਪਾਲ ਵਿੱਚ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਨੂੰ "ਸਾਨੂੰ ਬਦਨਾਮ ਕਰਨ ਲਈ ਵਰਤਿਆ ਜਾ ਰਿਹਾ ਸੀ; ਅਸੀਂ ਵੱਖਰੇ ਹਾਂ।" ਜਲਾਵਤਨ ਬੰਗਲਾਦੇਸ਼ੀ ਲੇਖਕ ਤਸਲੀਮਾ ਨਸਰੀਨ ਨੇ ਪਹਿਲਾਂ ਕਿਹਾ ਸੀ ਕਿ ਸੀ ਜੇ ਪੀ ਦੇ ਵਿਰੋਧ ਪ੍ਰਦਰਸ਼ਨਾਂ ਨੇ ਉਸ ਨੂੰ ਉਸ ਦੇ ਘਰੇਲੂ ਦੇਸ਼ ਦੀ ਯਾਦ ਦਿਵਾਈ, ਜੋ ਵਿਦਿਆਰਥੀ ਵਿਦਰੋਹ ਤੋਂ ਬਾਅਦ ਹਫੜਾ-ਦਫੜੀ ਅਤੇ ਧਾਰਮਿਕ ਕੱਟੜਤਾ ਵਿੱਚ ਡੁੱਬ ਗਿਆ। ਦੀਪਕੇ ਦੀ ਚੁਣੌਤੀ ਨੇ ਪ੍ਰਧਾਨ ਮੰਤਰੀ ਮੋਦੀ ਦੀ ਵਿਦਿਅਕ ਯੋਗਤਾ 'ਤੇ ਲੰਬੇ ਸਮੇਂ ਤੋਂ ਚੱਲ ਰਹੇ ਸਿਆਸੀ ਵਿਵਾਦ ਨੂੰ ਫਿਰ ਤੋਂ ਛੇੜ ਦਿੱਤਾ ਹੈ। ਮਈ 2016 ਵਿੱਚ, ਤਤਕਾਲੀ ਭਾਜਪਾ ਪ੍ਰਧਾਨ ਅਮਿਤ ਸ਼ਾਹ ਅਤੇ ਤਤਕਾਲੀ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਨਵੀਂ ਦਿੱਲੀ ਵਿੱਚ ਇੱਕ ਪ੍ਰੈੱਸ ਕਾਨਫਰੰਸ ਵਿੱਚ ਮੋਦੀ ਦੀ ਦਿੱਲੀ ਯੂਨੀਵਰਸਿਟੀ ਤੋਂ ਬੀ ਏ ਅਤੇ ਗੁਜਰਾਤ ਯੂਨੀਵਰਸਿਟੀ ਤੋਂ ਐੱਮ ਏ ਦੀ ਡਿਗਰੀ ਦੀਆਂ ਕਾਪੀਆਂ ਪ੍ਰਦਰਸ਼ਤ ਕੀਤੀਆਂ ਸਨ। ਉਨ੍ਹਾਂ ਕਿਹਾ ਸੀ ਕਿ ਮੋਦੀ ਨੇ 1978 ਵਿੱਚ ਇੱਕ ਬਾਹਰੀ ਵਿਦਿਆਰਥੀ ਵਜੋਂ ਬੀ ਏ ਅਤੇ 1983 ਵਿੱਚ ਐੱਮ ਏ ਪੂਰੀ ਕੀਤੀ ਸੀ। ਵਿਰੋਧੀ ਪਾਰਟੀਆਂ ਅਤੇ ਆਲੋਚਕਾਂ ਨੇ ਡਿਗਰੀਆਂ ਦੀ ਪ੍ਰਮਾਣਿਕਤਾ 'ਤੇ ਸਵਾਲ ਉਠਾਏ ਸਨ, ਜਦੋਂ ਕਿ ਸਰਕਾਰ ਨੇ ਮੋਦੀ ਦੇ ਗ੍ਰੈਜੂਏਸ਼ਨ ਸਰਟੀਫਿਕੇਟ ਤੱਕ ਪਹੁੰਚ ਦੀ ਮੰਗ ਕਰਨ ਵਾਲੇ ਆਰ ਟੀ ਆਈ ਬਿਨੈਕਾਰਾਂ ਦੀਆਂ ਬੇਨਤੀਆਂ ਨੂੰ ਰੱਦ ਕਰ ਦਿੱਤਾ ਸੀ। ਭਾਜਪਾ ਵੱਲੋਂ ਜਾਰੀ ਕੀਤੀਆਂ ਗਈਆਂ ਮਾਰਕ ਸ਼ੀਟਾਂ ਤੋਂ ਪਤਾ ਲੱਗਿਆ ਸੀ ਕਿ ਮੋਦੀ ਨੇ ਦੋ ਵਾਰ ਪ੍ਰੀਖਿਆਵਾਂ ਵਿੱਚ ਫੇਲ੍ਹ ਹੋਣ ਤੋਂ ਬਾਅਦ ਦਿੱਲੀ ਯੂਨੀਵਰਸਿਟੀ ਤੋਂ ਪੱਤਰ ਵਿਹਾਰ ਕੋਰਸ ਰਾਹੀਂ ਤੀਜੀ ਸ਼੍ਰੇਣੀ ਵਿੱਚ ਬੀ ਏ (ਪਾਸ) ਦੀ ਡਿਗਰੀ ਪ੍ਰਾਪਤ ਕੀਤੀ ਸੀ। ਗੁਜਰਾਤ ਯੂਨੀਵਰਸਿਟੀ ਦੇ ਤਤਕਾਲੀ ਵਾਈਸ-ਚਾਂਸਲਰ ਐੱਮ ਐੱਨ ਪਟੇਲ ਨੇ 2016 ਵਿੱਚ ਪੁਸ਼ਟੀ ਕੀਤੀ ਸੀ ਕਿ ਮੋਦੀ ਨੇ 1983 ਵਿੱਚ ਉਨ੍ਹਾਂ ਦੀ ਸੰਸਥਾ ਤੋਂ ਰਾਜਨੀਤੀ ਸ਼ਾਸਤਰ ਵਿੱਚ ਐੱਮ ਏ ਦੀ ਡਿਗਰੀ ਪ੍ਰਾਪਤ ਕੀਤੀ ਸੀ। ਇੱਕ ਬਾਹਰੀ ਵਿਦਿਆਰਥੀ ਵਜੋਂ 62.3 ਪ੍ਰਤੀਸ਼ਤ ਨੰਬਰਾਂ ਨਾਲ ਫਸਟ ਡਵੀਜ਼ਨ ਹਾਸਲ ਕੀਤੀ ਸੀ। ਇੱਕ ਖਬਰ ਏਜੰਸੀ ਨਾਲ ਇੱਕ ਵੱਖਰੇ ਇੰਟਰਵਿਊ ਵਿੱਚ ਦੀਪਕੇ ਨੇ ਕਿਹਾ ਕਿ ਬੰਗਲਾਦੇਸ਼ ਅਤੇ ਨੇਪਾਲ ਵਿੱਚ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਨੂੰ "ਸਾਨੂੰ ਬਦਨਾਮ ਕਰਨ ਲਈ ਵਰਤਿਆ ਜਾ ਰਿਹਾ ਸੀ; ਅਸੀਂ ਵੱਖਰੇ ਹਾਂ।" ਜਲਾਵਤਨ ਬੰਗਲਾਦੇਸ਼ੀ ਲੇਖਕ ਤਸਲੀਮਾ ਨਸਰੀਨ ਨੇ ਪਹਿਲਾਂ ਕਿਹਾ ਸੀ ਕਿ ਸੀ ਜੇ ਪੀ ਦੇ ਵਿਰੋਧ ਪ੍ਰਦਰਸ਼ਨਾਂ ਨੇ ਉਸ ਨੂੰ ਉਸ ਦੇ ਘਰੇਲੂ ਦੇਸ਼ ਦੀ ਯਾਦ ਦਿਵਾਈ, ਜੋ ਵਿਦਿਆਰਥੀ ਵਿਦਰੋਹ ਤੋਂ ਬਾਅਦ ਹਫੜਾ-ਦਫੜੀ ਅਤੇ ਧਾਰਮਿਕ ਕੱਟੜਤਾ ਵਿੱਚ ਡੁੱਬ ਗਿਆ।

### ਸਰਕਾਰਾਂ ਐੱਫ ਆਈ ਆਰ...

ਮਤਲਬ ਸਿਰਫ ਉਨ੍ਹਾਂ ਲੋਕਾਂ 'ਤੇ ਲਾਗੂ ਹੋਣਾ ਸੀ, ਜਿਨ੍ਹਾਂ 'ਤੇ ਗੰਭੀਰ ਅਤੇ ਘਿਣਾਉਣੇ ਅਪਰਾਧਾਂ ਦੇ ਦੋਸ਼ ਹਨ। ਬੈਂਚ ਨੇ ਸਪੱਸ਼ਟ ਕੀਤਾ ਕਿ ਅਪਰਾਧਕ ਪਿਛੋਕੜ ਸ਼ਬਦ ਨੂੰ ਉਸ ਸੀਮਤ ਅਰਥ ਵਿੱਚ ਸਮਝਿਆ ਜਾਣਾ ਚਾਹੀਦਾ ਹੈ। ਬੈਂਚ ਇਮਤਿਹਾਨ ਦੇ ਪੇਪਰ ਲੀਕ ਹੋਣ ਖਿਲਾਫ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ 20 ਜੁਲਾਈ ਨੂੰ ਕਥਿਤ ਪੁਲਸ ਤਾਕਤ ਦੀ ਵਰਤੋਂ ਨਾਲ ਸੰਬੰਧਤ ਪਟੀਸ਼ਨਾਂ ਦੀ ਸੁਣਵਾਈ ਕਰ ਰਹੀ ਸੀ।

ਸੁਪਰੀਮ ਕੋਰਟ ਦਾ ਸਪੱਸ਼ਟੀਕਰਨ ਕੁਝ ਪਟੀਸ਼ਨਰਾਂ ਅਤੇ ਪ੍ਰਦਰਸ਼ਨਕਾਰੀਆਂ ਵੱਲੋਂ ਪੇਸ਼ ਹੋਏ ਵਕੀਲ ਵੱਲੋਂ ਇਹ ਦਲੀਲ ਦੇਣ ਤੋਂ ਬਾਅਦ ਆਇਆ ਹੈ ਕਿ ਅਦਾਲਤ ਦੇ ਪਿਛਲੇ ਹੁਕਮ ਵਿੱਚ 'ਅਪਰਾਧਕ ਪਿਛੋਕੜ' ਵਾਕੰਸ਼ ਦਾ ਸਹਾਰਾ ਉਨ੍ਹਾਂ ਵਿਅਕਤੀਆਂ ਵਿਰੁੱਧ ਵੀ ਮਾਮਲੇ ਪੈਂਡਿੰਗ ਰੱਖਣ ਲਈ ਲਿਆ ਜਾ ਰਿਹਾ ਹੈ, ਜਿਨ੍ਹਾਂ ਦੇ ਪਿਛਲੇ ਰਿਕਾਰਡ ਵਿੱਚ ਮਾਮੂਲੀ ਅਪਰਾਧ ਸ਼ਾਮਲ ਸਨ, ਜਿਵੇਂ ਕਿ ਟਰੈਫਿਕ ਉਲੰਘਣਾ ਜਾਂ ਪਿਛਲੇ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣਾ। ਬੈਂਚ ਹੁਣ ਅਗਲੀ ਸੁਣਵਾਈ 18 ਅਗਸਤ ਨੂੰ ਕਰੇਗੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# ਕੁੱਟਮਾਰ ਦੇ ਸ਼ਿਕਾਰ ਨੌਜਵਾਨ ਦੀ ਹਸਪਤਾਲ 'ਚ ਮੌਤ

**ਮ੍ਰਿਤਕ ਦੇ ਵਾਰਸਾਂ ਨੇ ਲਾਸ਼ ਨੂੰ ਥਾਣੇ ਸਾਹਮਣੇ ਰੱਖ ਕੇ ਕੀਤਾ ਰੋਡ ਜਾਮ**





**ਤਰਸਿੱਕਾ/ਜੈਂਤੀਪੁਰ, (ਤਰਸੇਮ ਸਿੰਘ ਸਾਧੂਪੁਰ, ਸੁਖਬੀਰ ਸਿੰਘ ਸਿੱਧੂ)**- ਹਲਕਾ ਮਜੀਠਾ ਦੇ ਥਾਣਾ ਮੱਤੇਵਾਲ ਅਧੀਨ ਪੈਂਦੇ ਪਿੰਡ ਪੁਰਾਣਾ ਤਨੇਲ ਵਿਖੇ ਇੱਕ ਨੌਜਵਾਨ ਅੰਗਰੇਜ਼ ਸਿੰਘ ਜਿਸ ਨੂੰ ਪਿੰਡ ਦੇ ਵਿਅਕਤੀਆਂ ਨੇ ਰੰਜਿਸ਼ ਤਹਿਤ ਅਗਵਾ ਕਰਕੇ, ਉਸਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਸੀ, ਦੀ ਅੰਮ੍ਰਿਤਸਰ ਦੇ ਹਸਪਤਾਲ ਵਿੱਚ ਮੌਤ ਹੋ ਜਾਣ ਤੋਂ ਬਾਅਦ ਮ੍ਰਿਤਕ ਦੇ ਵਾਰਸਾਂ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਥਾਣਾ ਮੱਤੇਵਾਲ ਦੇ ਸਾਹਮਣੇ ਲਾਸ਼ ਰੱਖ ਕੇ ਅੰਮ੍ਰਿਤਸਰ ਮਹਿਤਾ ਰੋਡ ਜਾਮ ਕੀਤਾ ਗਿਆ ਅਤੇ ਪੁਲਸ ਅਤੇ ਦੋਸ਼ੀਆਂ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਪੰਜਾਬ ਪੁਲਸ ਤੋਂ ਮੰਗ ਕੀਤੀ ਗਈ ਕਿ ਦੋਸ਼ੀ ਜੋ ਸ਼ਰੇਆਮ ਘੁੰਮ ਰਹੇ ਹਨ, ਨੂੰ ਕਾਬੂ ਕੀਤਾ ਜਾਵੇ। ਵਰਣਨਯੋਗ ਹੈ ਕਿ ਜਿਸ ਦਿਨ ਇਹ ਘਟਨਾ ਵਾਪਰੀ ਸੀ ਉਸੇ ਦਿਨ ਹੀ ਥਾਣਾ ਮੱਤੇਵਾਲ ਦੀ ਪੁਲਸ ਵੱਲੋਂ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਦੋਸ਼ੀਆਂ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਸੀ ਜਿਸ ਤੋਂ ਬਾਅਦ ਮ੍ਰਿਤਕ ਦੀ ਮੌਤ ਹੋ ਜਾਣ ਤੋਂ ਬਾਅਦ ਗੁੱਸੇ ਵਿੱਚ ਆਏ ਹੋਏ ਪਰਿਵਾਰਕ ਮੈਂਬਰਾਂ ਅਤੇ ਹੋਰ ਪਿੰਡ ਵਾਸੀਆਂ ਵੱਲੋਂ ਪੰਜਾਬ ਪੁਲਸ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਮ੍ਰਿਤਕ ਦੀ ਲਾਸ਼ ਨੂੰ ਥਾਣਾ ਮੱਤੇਵਾਲ ਦੇ ਸਾਹਮਣੇ ਰੱਖ ਦਿੱਤਾ। ਇਸ ਤੋਂ ਬਾਅਦ ਡੀਐੱਸਪੀ ਮਜੀਠਾ ਅਤੇ ਹੋਰ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚੇ ਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਪਰ ਮ੍ਰਿਤਕ ਦੇ ਵਾਰਸਾਂ ਤੇ ਪਿੰਡ ਵਾਸੀਆਂ ਨੇ ਰੋਡ ਜਾਮ ਨਹੀਂ ਖੋਲ੍ਹਿਆ। ਇਸ ਤੋਂ ਬਾਅਦ ਡੀਐੱਸਪੀ ਮਜੀਠਾ ਦੀ ਹਾਜ਼ਰੀ ਵਿੱਚ ਥਾਣਾ ਮੱਤੇਵਾਲ ਦੀ ਪੁਲਸ ਵੱਲੋਂ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀਐੱਸਪੀ ਮਜੀਠਾ ਨੇ ਦੱਸਿਆ ਕਿ ਥਾਣਾ ਮੱਤੇਵਾਲ ਦੀ ਪੁਲਸ ਵੱਲੋਂ ਪਹਿਲਾਂ 307 ਦਾ ਪਰਚਾ ਦਰਜ ਕੀਤਾ ਗਿਆ ਸੀ ਪਰ ਹੁਣ ਜੁਰਮ ਵਿੱਚ ਵਾਧਾ ਕਰਦੇ ਇਸ ਨੂੰ 302 ਵਿੱਚ ਤਬਦੀਲ ਕੀਤਾ ਗਿਆ ਹੈ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਲਿਖਾਏ ਗਏ 10 ਹੋਰ ਵਿਅਕਤੀਆਂ 'ਤੇ ਪਰਚਾ ਦਰਜ ਕੀਤਾ ਗਿਆ ਹੈ। ਇਸ ਤਰ੍ਹਾਂ ਹੁਣ ਇਸ ਮੁਕੱਦਮੇ ਵਿੱਚ 17 ਵਿਅਕਤੀ ਨਾਮਜ਼ਦ ਕੀਤੇ ਗਏ ਹਨ ਜਿਨ੍ਹਾਂ ਨੂੰ ਫੜਨ ਲਈ ਪੁਲਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

# ਸਾਲਾਂ ਪੁਰਾਣੇ ਕੇਸ ਦਾ ਅਦਾਲਤੀ ਭਗੌੜਾ ਗ੍ਰਿਫ਼ਤਾਰ



**ਮਜੀਠਾ, ਚਵਿੰਡਾ ਦੇਵੀ (ਸੋਇਮ ਆਨੰਦ, ਖੁਸ਼ਹਾਲ ਸੁੰਦਰ)**- ਅੰਮ੍ਰਿਤਸਰ ਦਿਹਾਤੀ ਪੁਲਸ ਅਦਾਲਤਾਂ ਵੱਲੋਂ ਭਗੌੜਾ ਕਰਾਰ ਦਿੱਤੇ ਗਏ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਮਜੀਠਾ ਪੁਲਸ ਦੀ ਸਪੈਸ਼ਲ ਬ੍ਰਾਂਚ ਨੇ ਇੱਕ ਹੋਰ ਸਫਲਤਾ ਹਾਸਲ ਕੀਤੀ ਹੈ। ਟੀਮ ਨੇ ਸਾਲ 2017 ਦੇ ਇੱਕ ਮਾਮਲੇ ਵਿੱਚ ਲੋੜੀਂਦੇ ਅਦਾਲਤੀ ਭਗੌੜੇ ਨੂੰ ਕਾਬੂ ਕਰਕੇ ਅਗਲੀ ਕਾਨੂੰਨੀ ਕਾਰਵਾਈ ਲਈ ਥਾਣਾ ਮਜੀਠਾ ਦੇ ਹਵਾਲੇ ਕਰ ਦਿੱਤਾ।ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਐੱਸ. ਐੱਸ. ਪੀ. ਅੰਮ੍ਰਿਤਸਰ ਦਿਹਾਤੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਏ. ਐੱਸ. ਆਈ. ਹਰਿੰਦਰ ਸਿੰਘ, ਏ. ਐੱਸ. ਆਈ. ਜਗਦੀਪ ਸਿੰਘ, ਏ. ਐੱਸ. ਆਈ. ਦਿਆਲ ਸਿੰਘ ਅਤੇ ਏ. ਐੱਸ. ਆਈ. ਜਸਬੀਰ ਸਿੰਘ ਦੀ ਸਪੈਸ਼ਲ ਬ੍ਰਾਂਚ ਟੀਮ ਨੇ ਭੋਵਿੰਡ ਮਸੀਤ ਪੁੱਤਰ ਬਸ਼ੀਰ ਮਸੀਹ ਵਾਸੀ ਨਾਗ ਕਲਾਂ, ਮਜੀਠਾ ਨੂੰ ਗ੍ਰਿਫ਼ਤਾਰ ਕੀਤਾ। ਮੁਲਜ਼ਮ ਨੂੰ ਪਹਿਲਾਂ ਮਾਣਯੋਗ ਅਦਾਲਤ ਵੱਲੋਂ ਭਗੌੜਾ ਐਲਾਨਿਆ ਜਾ ਚੁੱਕਾ ਸੀ। ਗ੍ਰਿਫ਼ਤਾਰੀ ਉਪਰੰਤ ਮੁਲਜ਼ਮ ਨੂੰ ਥਾਣਾ ਮੁਖੀ ਇੰਸਪੈਕਟਰ ਕਰਮਪਾਲ ਸਿੰਘ ਰੰਧਾਵਾ ਦੇ ਹਵਾਲੇ ਕੀਤਾ ਗਿਆ, ਜਿੱਥੇ ਲੋੜੀਂਦੀਆਂ ਕਾਨੂੰਨੀ ਕਾਰਵਾਈਆਂ ਪੂਰੀਆਂ ਕਰਨ ਤੋਂ ਬਾਅਦ ਉਸ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰ ਦਿੱਤਾ ਗਿਆ।

ਏ.ਐੱਸ.ਆਈ. ਹਰਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਥਾਣਾ ਮਜੀਠਾ ਵਿੱਚ ਐੱਫ. ਆਈ. ਆਰ. ਨੰਬਰ 170/2017 ਅਧੀਨ 61/1/14 ਐਕਸਾਈਜ਼ ਐਕਟ ਤਹਿਤ ਕੇਸ ਦਰਜ ਹੈ।

# ਪੰਜਾਬ ਰੋਡਵੇਜ਼, ਪਨਬੱਸ ਤੇ ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਹੜਤਾਲ ਸ਼ੁਰੂ



**ਪਠਾਨਕੋਟ, (ਦਵਿੰਦਰ ਸਿੰਘ)**- ਪੰਜਾਬ ਰੋਡਵੇਜ਼, ਪਨਬੱਸ ਅਤੇ ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਸੋਮਵਾਰ ਤੋਂ ਕੰਟਰੈਕਟ ਵਰਕਰ ਤਿੰਨ ਦਿਨਾਂ ਦੀ ਹੜਤਾਲ ਤੇ ਚਲੇ ਗਏ ਹਨ।ਇਸ ਮੌਕੇ ਮੁਲਾਜ਼ਮਾਂ ਨੇ ਹੜਤਾਲ ਕਰਕੇ ਰੋਡਵੇਜ਼ ਦਾ ਚੱਕਾ ਜਾਮ ਕਰ ਦਿੱਤਾ।ਇਸ ਦੌਰਾਨ ਯੂਨੀਅਨ ਨੇ ਰੋਡਵੇਜ਼ ਡਿਪੋ ਵਿੱਚ ਰੈਲੀ ਕਰਕੇ ਸਰਕਾਰ ਖ਼ਿਲਾਫ਼ ਰੋਸ ਪ੍ਰਗਟਾਇਆ।ਯੂਨੀਅਨ ਦੇ ਸੂਬਾ ਆਗੂ ਜਗਦੀਸ਼ਵਰ ਸੈਣੀ ਅਤੇ ਦਵਿੰਦਰ ਸਿੰਘ ਲਾਲੀ ਨੇ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ 'ਤੇ ਗੌਰ ਨਾ ਕੀਤਾ ਗਿਆ ਤਾਂ ਮਾਨਸੂਨ ਸੈਸ਼ਨ ਦੌਰਾਨ ਕਰਮਚਾਰੀ ਭੁੱਖ ਹੜਤਾਲ ਕਰਨਗੇ ਅਤੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਵੀ ਕਰਨਗੇ।ਯੂਨੀਅਨ ਆਗੂਆਂ ਦੇ ਅਨੁਸਾਰ ਪਿਛਲੇ ਚਾਰ ਸਾਲਾਂ ਵਿੱਚ ਸਰਕਾਰ ਨਾਲ ਕਰੀਬ 70 ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਠੋਸ ਕਾਰਵਾਈ ਕਰਨ ਦੀ ਬਜਾਏ ਸਿਰਫ਼ ਭਰੋਸੇ ਹੀ ਦਿੱਤੇ ਗਏ ਹਨ।ਰੋਡਵੇਜ਼ ਦੇ ਬੇੜੇ ਵਿੱਚ ਕਰੀਬ 800 ਬੱਸਾਂ ਕਬਾੜ ਹੋ ਚੁੱਕੀਆਂ ਹਨ, ਜਿਨ੍ਹਾਂ ਦੀ ਥਾਂ ਸਰਕਾਰ ਨੇ ਕੋਈ ਨਵੀਆਂ ਬੱਸਾਂ ਨਹੀਂ ਖਰੀਦੀਆਂ।ਯੂਨੀਅਨ ਆਗੂਆਂ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਰਕਾਰ ਨੇ ਠੇਕੇਦਾਰੀ ਪ੍ਰਥਾ ਖ਼ਤਮ ਕਰਕੇ ਕਰਮਚਾਰੀਆਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਨੇ ਸਿਰਫ਼ ਕਮੇਟੀਆਂ ਬਣਾਕੇ ਸਮਾਂ ਹੀ ਬਿਤਾਇਆ ਹੈ।ਆਗੂਆਂ ਦਾ ਕਹਿਣਾ ਹੈ ਕਿ ਠੇਕੇਦਾਰਾਂ ਵੱਲੋਂ ਕਰਮਚਾਰੀਆਂ ਦੀਆਂ ਤਨਖ਼ਾਹਾਂ ਵਿੱਚੋਂ ਈਪੀਐੱਫ ਅਤੇ ਈਐੱਸਆਈ ਦੇ ਨਾਂ 'ਤੇ ਕਰੋੜਾਂ ਰੁਪਏ ਦੀ ਲੁੱਟ ਕੀਤੀ ਜਾ ਰਹੀ ਹੈ।

# ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਨੇ ਅਕਾਲੀ ਵਰਕਰਾਂ ਨਾਲ਼ ਕੀਤੀ ਮੁਲਾਕਾਤ

**ਚੋਹਲਾ ਸਾਹਿਬ (ਰਮਨ ਚੱਡਾ)**- ਵਿਧਾਨ ਸਭਾ ਹਲਕਾ ਸ੍ਰੀ ਖਡੂਰ ਸਾਹਿਬ ਤੋਂ ਸੀਨੀਅਰ ਅਕਾਲੀ ਆਗੂ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਵੱਲੋਂ ਪਿੰਡ ਜਾਮਾਰਾਏ ਵਿਖੇ ਅਕਾਲੀ ਆਗੂ ਜੈਮਲ ਸਿੰਘ ਦੇ ਗ੍ਰਿਹਿ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨਾਲ



ਮੁਲਾਕਾਤ ਕੀਤੀ ਗਈ। ਮੁਲਾਕਾਤ ਦੌਰਾਨ ਪਾਰਟੀ ਦੀਆਂ ਮੌਜੂਦਾ ਗਤੀਵਿਧੀਆਂ, ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਅਵਤਾਰ ਸਿੰਘ ਬਿੱਲਾ ਸ਼ੇਰੋ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਲੋਕਾਂ ਦੀ ਆਵਾਜ਼ ਬਣ ਕੇ ਹਰ ਵਰਗ ਦੇ ਹੱਕਾਂ ਲਈ ਲਗਾਤਾਰ ਸੰਘਰਸ਼ ਕਰ ਰਿਹਾ ਹੈ।ਉਨ੍ਹਾਂ ਸਮੂਹ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪਿੰਡ-ਪਿੰਡ ਅਤੇ ਘਰ-ਘਰ ਪਹੁੰਚ ਕੇ ਪਾਰਟੀ ਦੀਆਂ ਨੀਤੀਆਂ ਅਤੇ ਲੋਕ-ਹਿੱਤ ਮੁੱਦਿਆਂ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਪੂਰੀ ਤਨਦੇਹੀ ਨਾਲ ਤਿਆਰੀ ਸ਼ੁਰੂ ਕਰਨ।ਪਾਰਟੀ ਦਾ ਹਰ ਵਰਕਰ ਸ਼੍ਰੋਮਣੀ ਅਕਾਲੀ ਦਲ ਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਵਰਕਰਾਂ ਦੀ ਏਕਤਾ, ਮਿਹਨਤ ਅਤੇ ਸਮਰਪਣ ਸਦਕਾ ਹਲਕਾ ਸ੍ਰੀ ਖਡੂਰ ਸਾਹਿਬ ਵਿੱਚ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ।ਇਸ ਮੌਕੇ ਦਰਸ਼ਨ ਸਿੰਘ, ਐਡੀਸ਼ਨਲ ਮੈਨੇਜਰ ਨਿਰਮਲ ਸਿੰਘ, ਐਡੀਸ਼ਨਲ ਮੈਨੇਜਰ ਸਰਬਜੀਤ ਸਿੰਘ, ਰਸ਼ਪਾਲ ਸਿੰਘ, ਅਵਤਾਰ ਸਿੰਘ, ਮੇਜਰ ਸਿੰਘ, ਸਾਭ ਸਿੰਘ, ਸੁਰਮੁਖ ਸਿੰਘ, ਲਖਵਿੰਦਰ ਸਿੰਘ, ਪ੍ਰਤਾਪ ਸਿੰਘ, ਰੇਸ਼ਮ ਸਿੰਘ ਭਲਵਾਨ, ਭਾਗ ਸਿੰਘ, ਗੁਰਲਾਭ ਸਿੰਘ, ਤੇਜਿੰਦਰ ਸਿੰਘ ਪ੍ਰਿੰਸ, ਜਗਦੀਪ ਸਿੰਘ ਮਿੰਟੂ, ਜੰਗਸ਼ੇਰ ਸਿੰਘ ਟੋਨੀ ਅਤੇ ਹੋਰ ਅਕਾਲੀ ਆਗੂ ਤੇ ਵਰਕਰ ਹਾਜ਼ਰ ਸਨ।

# ਭਟੋਇਆ ਤੋਂ ਪਿੰਡ ਬਾੜਾ ਤੱਕ ਜਾਂਦੀ ਕੱਚੀ ਫਿਰਨੀ 'ਤੇ ਪੱਕੀ ਸੜਕ ਬਣਾਉਣ ਦੀ ਮੰਗ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਸ਼ਹੀਦ ਭਗਤ ਸਿੰਘ ਵੈੱਲਫੇਅਰ ਸੋਸਾਇਟੀ ਦੀਨਾਨਗਰ ਦੇ ਪ੍ਰਧਾਨ ਰਮੇਸ਼ ਪਾਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸੋਸਾਇਟੀ ਦੇ ਆਗੂਆਂ ਵੱਲੋਂ ਆਪ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੂੰ ਉਨ੍ਹਾਂ ਦੇ ਦਫਤਰ ਮੁੱਖ



ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਸੋਸਾਇਟੀ ਦੇ ਸੀਨੀਅਰ ਵਾਈਸ ਪ੍ਰਧਾਨ ਭਗਵਾਨ ਦਾਸ ਅਤੇ ਜਨਰਲ ਸਕੱਤਰ ਕਿਰਪਾਲ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਅਧੀਨ ਪੈਂਦੇ ਪਿੰਡ ਭਟੋਇਆ ਤੋਂ ਪਿੰਡ ਬਾੜਾ ਤੱਕ ਜਾਂਦੀ ਕੱਚੀ ਫਿਰਦੀ ਜੋ ਲਗਭਗ ਦੋ ਕਿਲੋਮੀਟਰ ਲੰਬੀ ਹੈ ਇਸ ਉੱਪਰ ਪੱਕੀ ਸੜਕ ਬਣਾਉਣ ਲਈ ਸ਼ਹੀਦ ਭਗਤ ਸਿੰਘ ਵੈੱਲਫੇਅਰ ਸੋਸਾਇਟੀ ਦੀਨਾਨਗਰ ਵੱਲੋਂ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਤਿੰਨ ਵਾਰ ਸੋਸਾਇਟੀ ਵੱਲੋਂ ਮੁੱਖ ਮੰਤਰੀ ਪੰਜਾਬ ਚੰਡੀਗੜ੍ਹ ਨੂੰ ਮੰਗ ਪੱਤਰ ਭੇਜੇ ਜਾ ਚੁੱਕੇ ਹਨ।ਪੰਜਾਬ ਮੰਡੀ ਬੋਰਡ ਗੁਰਦਾਸਪੁਰ ਵੱਲੋਂ ਇਸ ਕੱਚੀ ਫਿਰਨੀ ਉਪਰ ਪੱਕੀ ਸੜਕ ਬਣਾਉਣ ਦਾ 55.38 ਲੱਖ ਰੁਪਏ ਦਾ ਬਜਟ ਦਾ ਐਸਟੀਮੇਟ ਵੀ ਤਿਆਰ ਹੋ ਚੁੱਕਾ ਹੈ ਪਰ ਇਸਦਾ ਕੰਮ ਹੁਣ ਤਕ ਸ਼ੁਰੂ ਨਹੀਂ ਹੋਇਆ। ਸੁਸਾਇਟੀ ਦੇ ਆਗੂਆਂ ਨੇ ਮੁੱਖ ਮੰਤਰੀ ਪੰਜਾਬ ਨੂੰ ਜ਼ੋਰਦਾਰ ਮੰਗ ਕੀਤੀ ਹੈ ਕਿ ਇਸ ਕੱਚੀ ਫਿਰਨੀ ਉਪਰ ਪੱਕੀ ਸੜਕ ਬਣਾਉਣ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਕਰਵਾ ਕੇ ਲੋਕਾਂ ਦੀ ਪਰੇਸ਼ਾਨੀ ਨੂੰ ਦੂਰ ਕੀਤਾ ਜਾਵੇ।ਇਸ ਮੌਕੇ ਭਗਵਾਨ ਦਾਸ, ਕਿਰਪਾਲ ਸਿੰਘ, ਸੁਭਾਸ਼ ਕੁਮਾਰ, ਜੋਧਰਾਜ, ਓਮ ਪ੍ਰਕਾਸ਼, ਦਲਬੀਰ ਚੰਦ, ਸੁਨੀਲ ਕੁਮਾਰ, ਮੁਕੇਸ਼ ਕੁਮਾਰ, ਡਾਕਟਰ ਸੁਭਾਸ਼ ਕੁਮਾਰ, ਤੀਰਥ ਰਾਜ, ਪਰਮਜੀਤ, ਦੀਪਕ ਸਿੰਗਲਾ, ਅਸ਼ਵਨੀ ਕੁਮਾਰ, ਮਾਨ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਸਕੂਲ ਜ਼ੋਨਲ ਸ਼ਤਰੰਜ ਮੁਕਾਬਲੇ 'ਚ ਖਿਡਾਰਨਾਂ ਦਾ ਸ਼ਾਨਦਾਰ ਪ੍ਰਦਰਸ਼ਨ

**ਬਟਾਲਾ (ਤਰਲੋਕ ਬੱਗਾ, ਡਾ. ਮਲਵਿੰਦਰ ਸਿੰਘ)**- ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਦੀਆਂ ਵਿਦਿਆਰਥਣਾਂ ਨੇ 23 ਅਤੇ 24 ਜੁਲਾਈ ਨੂੰ ਹੋਈਆਂ ਪੰਜਾਬ ਸਕੂਲ ਖੇਡਾਂ (ਸੈਸ਼ਨ 2026-27) ਜ਼ੋਨਲ ਸ਼ਤਰੰਜ ਮੁਕਾਬਲੇ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਕੂਲ ਦਾ ਨਾਮ ਰੌਸ਼ਨ ਕੀਤਾ।ਸਕੂਲ ਦੀ ਅੰਡਰ-17 ਕੁੜੀਆਂ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਜ਼ੋਨਲ ਚੈਂਪੀਅਨ ਬਣੀਆਂ।ਜੇਤੂ ਟੀਮ ਵਿੱਚ ਦੀਕਸ਼ਾ ਸ਼ਰਮਾ, ਜ਼ਿਆ ਦੁੱਗਲ, ਪਲਕ ਵੋਹਰਾ, ਪੁਨੀਤ ਭਗਤ ਅਤੇ ਸੋਨਾਕਸ਼ੀ ਸ਼ਰਮਾ ਸ਼ਾਮਲ ਸਨ।ਅੰਡਰ-14 ਕੁੜੀਆਂ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਖੁਸ਼ੀ ਬਾਂਸਲ, ਅਮਾਇਰਾ, ਰਿਸ਼ੀ, ਹਿਮਾਸ਼ੀ ਸ਼ਰਮਾ, ਸਿਮਰਨਪ੍ਰੀਤ ਕੌਰ ਅਤੇ ਬ੍ਰਿਟੀ ਸ਼ਰਮਾ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਅੰਡਰ-19 ਕੁੜੀਆਂ ਦੀ ਟੀਮ ਨੇ ਵੀ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਟੀਮ ਵਿੱਚ ਮੰਨਤ, ਦ੍ਰਿਤਿਕਾ ਡੱਲ, ਮਾਨਿਆ, ਰਮਣੀਕ ਕੌਰ ਅਤੇ ਅੰਤਰਪ੍ਰੀਤ ਕੌਰ ਸ਼ਾਮਲ ਸਨ।ਅੰਡਰ-14 ਮੁੰਡਿਆਂ ਦੀ ਟੀਮ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ, ਦੂਜਾ ਸਥਾਨ ਪ੍ਰਾਪਤ ਕੀਤਾ।ਟੀਮ ਦੇ ਮੈਂਬਰ ਆਰੁਸ਼ ਸ਼ਰਮਾ, ਬਖਸ਼ਜੋਤ ਸਿੰਘ, ਰੁਦਰ ਗੋਇਲ, ਨੈਤਿਕ ਮਹਾਜਨ ਅਤੇ ਨਿਮਰਤ ਪਾਲ ਸਿੰਘ ਸਨ।ਵਿਅਕਤੀਗਤ ਤਗਮਿਆਂ ਦੇ ਮਾਮਲੇ ਵਿੱਚ ਸਕੂਲ ਦੀਆਂ ਕੁੜੀਆਂ ਦੀਆਂ ਟੀਮਾਂ (ਅੰਡਰ-14, ਅੰਡਰ-17, ਅਤੇ ਅੰਡਰ-19) ਨੇ ਕੁੱਲ ਪੰਜ ਸੋਨੇ ਅਤੇ ਦਸ ਚਾਂਦੀ ਦੇ ਤਗਮੇ ਜਿੱਤੇ, ਜਦੋਂ ਕਿ ਅੰਡਰ-14 ਮੁੰਡਿਆਂ ਦੀ ਟੀਮ ਨੇ ਪੰਜ ਚਾਂਦੀ ਦੇ ਤਗਮੇ ਜਿੱਤ ਕੇ ਸਕੂਲ ਦੀਆਂ ਪ੍ਰਾਪਤੀਆਂ ਵਿੱਚ ਇੱਕ ਹੋਰ ਸ਼ਾਨਦਾਰ ਅਧਿਆਇ ਜੋੜਿਆ।ਸਕੂਲ ਦੇ ਚੇਅਰਮੈਨ ਸ੍ਰੀ ਅਰਵਿੰਦ ਖੋਸਲਾ, ਪ੍ਰਧਾਨ ਸ੍ਰੀ ਅਜੈ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਸਾਰੇ ਜੇਤੂ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ ਅਤੇ ਕੋਚਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਦੀ ਸਫਲਤਾ ਉਨ੍ਹਾਂ ਦੀ ਸਖ਼ਤ ਮਿਹਨਤ, ਅਨੁਸ਼ਾਸਨ, ਸਬਰ ਅਤੇ ਖੇਡ ਭਾਵਨਾ ਦਾ ਨਤੀਜਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਜਨੂੰਨ ਅਤੇ ਸਮਰਪਣ ਨਾਲ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਕਿ ਸਕੂਲ ਦੇ ਵਿਦਿਆਰਥੀ ਭਵਿੱਖ ਵਿੱਚ ਵੀ ਜ਼ਿਲਾ ਰਾਜ ਤੇ ਰਾਸ਼ਟਰ ਪੱਧਰ ਤੇ ਤੇ ਹੋਰ ਸਫਲਤਾ ਹਾਸਲ ਕਰਨਗੇ ਤੇ ਸਕੂਲ ਦਾ ਨਾਮ ਰੋਸ਼ਨ ਕਰਨਗੇ।




# ਬਾਬਾ ਮੀਆਂ ਲਾਲ ਦੇ ਦਰਬਾਰ 'ਤੇ ਮਨਾਈਆਂ ਤੀਆਂ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਸਾਉਣ ਦਾ ਮਹੀਨਾ ਬੜਾ ਮਨਮੋਹਕ ਤੇ ਖੁਸ਼ੀਆਂ ਖੇੜਿਆਂ ਵਾਲਾ ਹੁੰਦਾ ਹੈ।ਸਾਡੇ ਪੰਜਾਬੀ ਸੱਭਿਆਚਾਰ ਵਿੱਚ ਪੁਰਾਣੇ ਵੇਲਿਆਂ ਤੋਂ ਹੀ ਕੁੜੀਆਂ ਇਕੱਠੀਆਂ ਹੋ ਕੇ ਤੀਆਂ ਲਗਾਉਂਦੀਆਂ ਹਨ।ਪਿੰਡ ਮਾਨ ਸੈਂਡਵਾਲ ਵਿੱਚ ਬਾਬਾ ਮੀਆਂ ਲਾਲ ਜੀ ਦੇ ਦਰਬਾਰ 'ਤੇ ਮੁੱਖ ਸੇਵਾਦਾਰ ਬੀਬੀ ਸੁਖਵਿੰਦਰ ਕੌਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਤੀਆਂ ਦਾ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਕੁੜੀਆਂ ਨੇ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਹਿੱਸਾ ਲਿਆ।ਬੋਹੜ 'ਤੇ ਪਾਈ ਪੀਂਘ ਤੇ ਝੂਟੇ ਲੈਂਦਿਆਂ ਲੋਕ ਗੀਤ ਗਾਏ ਗਏ।ਗਿੱਧੇ ਵਿੱਚ ਛੋਟੀਆਂ ਤੇ ਵੱਡੀਆਂ ਕੁੜੀਆਂ ਨੇ ਬੜੇ ਚਾਵਾਂ ਨਾਲ ਗਿੱਧਾ ਤੇ ਬੋਲੀਆਂ ਪਾਈਆਂ।ਤੀਆਂ ਮੌਕੇ ਜਿੱਥੇ ਕੁੜੀਆਂ ਨੇ ਪੂਰਾ ਆਨੰਦ ਮਾਣਿਆ ਉੱਥੇ ਹੀ ਪਿੰਡ ਦੀਆਂ ਔਰਤਾਂ ਵੱਲੋਂ ਖੂਬ ਬੋਲੀਆਂ ਪਾਈਆਂ ਗਈਆਂ ਤੇ ਤੀਆਂ ਦੇ ਤਿਉਹਾਰ ਸੰਬੰਧੀ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ ਗਈਆਂ।

# ਹਾਕਮ ਜਮਾਤਾਂ ਨੇ ਗਰੀਬ ਲੋਕਾਂ ਦੇ ਬੱਚਿਆਂ ਨੂੰ ਵਿੱਦਿਆ ਤੋਂ ਵਾਂਝਿਆਂ ਕੀਤਾ ਹੋਇਆ : ਜਾਮਾਰਾਏ, ਪੰਡੋਰੀ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਦੇਸ਼ ਦੀਆਂ ਹਾਕਮ ਜਮਾਤਾਂ ਨੇ ਗਰੀਬ ਲੋਕਾਂ ਦੇ ਬੱਚਿਆਂ ਨੂੰ ਵਿੱਦਿਆ ਤੋਂ ਵਾਂਝਿਆਂ ਕੀਤਾ ਹੋਇਆ ਅਤੇ ਵਿੱਦਿਆ ਅਮੀਰ ਲੋਕਾਂ ਦੇ ਬੱਚਿਆਂ ਲਈ ਰਾਖਵੀਂ ਕਰ ਦਿੱਤੀ ਹੈ।ਉੱਚ ਵਿੱਦਿਆ ਪ੍ਰਾਪਤ ਕਰਨ ਲਈ ਗਰੀਬ ਲੋਕਾਂ ਦੇ ਬੱਚੇ ਕਾਲਜਾਂ, ਯੂਨੀਵਰਸਟੀਆ ਤੱਕ ਨਹੀਂ ਜਾ



ਰਹੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਸੂਬਾਈ ਸਕੱਤਰ ਪਰਗਟ ਸਿੰਘ ਜਾਮਾਰਾਏ, ਬਲਦੇਵ ਸਿੰਘ ਪੰਡੋਰੀ ਨੇ ਗੰਡੀਵਿੰਡ 'ਚ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।ਆਗੂਆਂ ਨੇ ਕਿਹਾ ਕਿ ਗਰੀਬ ਵਰਗ ਦੇ ਬੱਚੇ ਵਿੱਦਿਆ, ਸਿਹਤ ਸਹੂਲਤਾਂ ਅਤੇ ਰੁਜ਼ਗਾਰ ਤੋਂ ਵਾਂਝੇ ਫਿਰ ਰਹੇ ਹਨ।ਉਥੇ ਅੱਜ ਦੀ ਜਵਾਨੀ ਦਾ ਨਸ਼ਿਆਂ ਨੇ ਘਾਣ ਕਰਕੇ ਰੱਖਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਰ ਦੀਆਂ ਰੁਜ਼ਗਾਰ ਖੋਹਣ ਵਾਲੀਆਂ ਨੀਤੀਆਂ ਨੇ ਜਵਾਨੀ ਨੂੰ ਨਸ਼ਿਆਂ ਦੇ ਰਾਹ ਪਾਇਆ ਹੋਇਆ ਹੈ।ਰੁਜ਼ਗਾਰ ਨਾ ਮਿਲਣ ਦੀ ਸੂਰਤ 'ਚ ਨੌਜਵਾਨ ਕੰਮ ਲਈ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਦੀ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਵਾਅਦੇ ਕਰਕੇ ਸੱਤਾ 'ਚ ਆਈ ਸੀ, ਪਰ ਸੱਤਾ 'ਚ ਆਉਂਦਿਆਂ ਸਾਰ ਹੀ ਰੁਜ਼ਗਾਰ ਮੰਗਦੇ ਨੌਜਵਾਨਾਂ ਨੂੰ ਕੁੱਟਿਆ, ਮਾਰਿਆ ਜਾ ਰਿਹਾ ਅਤੇ ਜੇਲਾਂ 'ਚ ਸੁੱਟਿਆ ਜਾ ਰਿਹਾ ਹੈ।ਪੰਜਾਬ ਅੰਦਰ ਸਰਕਾਰੀ ਅਤੇ ਅਰਧ-ਸਰਕਾਰੀ ਅਦਾਰਿਆਂ 'ਚ ਹਜ਼ਾਰਾਂ ਪੋਸਟਾਂ ਖਾਲੀ ਪਈਆਂ ਹਨ ਸਰਕਾਰ ਭਰਨ ਨੂੰ ਤਿਆਰ ਨਹੀਂ। ਜੇ ਕਿਤੇ ਸੀਮਤ ਪੋਸਟਾਂ ਭਰੀਆਂ ਜਾਂਦੀਆਂ ਹਨ ਤਾਂ ਉਹ ਵੀ ਅਸਥਾਈ ਰੂਪ 'ਚ ਭਰੀਆਂ ਜਾਂਦੀਆਂ ਹਨ।ਇਨ੍ਹਾਂ ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਸਿੱਖਿਆ, ਸਿਹਤ ਸਹੂਲਤਾਂ ਅਤੇ ਰੁਜ਼ਗਾਰ ਦਾ ਪੱਕਾ ਪ੍ਰਬੰਧ ਕਰੇ ਅਤੇ ਨਸ਼ਿਆਂ ਦੀ ਦਲਦਲ ਫਸੇ ਨੌਜਵਾਨਾਂ ਨੂੰ ਕੱਢ ਕੇ ਰੁਜ਼ਗਾਰ ਦੇਣ ਦਾ ਉਪਰਾਲਾ ਕਰੇ।ਇਸ ਮੌਕੇ ਜਰਨੈਲ ਸਿੰਘ ਰਸੂਲਪੁਰ, ਤੀਰਥ ਸਿੰਘ, ਬਗੀਚਾ ਸਿੰਘ ਪਰਮਜੀਤ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਹਲਕਾ ਖਡੂਰ ਸਾਹਿਬ ਤੋਂ 'ਆਪ' ਵੱਡੀ ਲੀਡ ਨਾਲ ਜਿੱਤੇਗੀ : ਕੰਗ, ਖਾਲਸਾ



**ਬਿਆਸ/ ਰਈਆ (ਪਰਮਜੀਤ ਸਿੰਘ ਰੱਖੜਾ, ਡੀ ਕੇ ਰੈਡੀ)** ਚੇਅਰਮੈਨ ਮਾਰਕੀਟ ਕਮੇਟੀ ਰਈਆ ਅਤੇ ਪ੍ਰਧਾਨ ਨਗਰ ਪੰਚਾਇਤ ਬਾਬਾ ਬਕਾਲਾ ਸਾਹਿਬ ਸੁਰਜੀਤ ਸਿੰਘ ਕੰਗ ਅਤੇ ਸਰਪੰਚ ਬੋਤਲ ਕੀੜੀ ਭਾਈ ਸੁਜਾਨ ਸਿੰਘ ਖਾਲਸਾ ਨੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ ਵਿੱਚ ਆਪਣੇ ਸੈਂਕੜੇ ਸਾਥੀਆਂ ਸਮੇਤ ਮੱਥਾ ਟੇਕਿਆ ਅਤੇ 2027 ਦੀ ਇਲੈਕਸ਼ਨ ਵਿੱਚ ਹਲਕਾ ਬਾਬਾ ਬਕਾਲਾ ਸਾਹਿਬ ਅਤੇ ਹਲਕਾ ਖਡੂਰ ਸਾਹਿਬ ਤੋਂ ਪਾਰਟੀ ਨੂੰ ਵੱਡੀ ਜਿੱਤ ਦਵਾਉਣ ਦਾ ਐਲਾਨ ਕੀਤਾ। ਚੇਅਰਮੈਨ ਕੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਕੰਮਾਂ ਸਦਕਾ ਪੂਰੇ ਪੰਜਾਬ ਦੇ ਲੋਕ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਪੱਬਾਂ ਭਾਰ ਹੋਏ ਹਨ।

ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਿਜਲੀ ਬਿੱਲ ਫ੍ਰੀ ਕਰਕੇ, ਦਸ ਲੱਖ ਤੱਕ ਇਲਾਜ ਮੁਫਤ ਕਰਕੇ, ਚੰਗੀ ਵਿਦਿਆ ਅਤੇ ਸਕੂਲ ਆਫ ਐਮੀਨੈਂਸ ਬਣਾ ਕੇ, ਔਰਤਾਂ ਨੂੰ 1000-1500 ਰੁਪਿਆ ਸਨਮਾਨ ਰਾਸ਼ੀ ਦੇ ਕੇ, ਸੜਕ ਸੁਰੱਖਿਆ ਫੋਰਸ ਆਦਿ ਲੋਕ ਹਿਤੈਸ਼ੀ ਕੰਮਾਂ ਕਰਕੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ ਹੈ ਅਤੇ ਜੋ ਗਰੰਟੀਆਂ ਸਰਕਾਰ ਬਣਾਉਣ ਸਮੇਂ ਦਿੱਤੀਆਂ ਸਨ, ਉਹਨਾਂ ਤੋਂ ਵੀ ਕਈ ਗੁਣਾ ਵੱਧ ਕੰਮ ਕਰਕੇ ਲੋਕਾਂ ਨੂੰ ਦਿਖਾਇਆ ਹੈ।

ਇਸ ਮੌਕੇ ਉਹਨਾ ਨਾਲ ਵਾਈਸ ਪ੍ਰਧਾਨ ਬੀਬੀ ਸੁਖਵਿੰਦਰ ਕੌਰ ਪਤਨੀ ਪਰਮਜੀਤ ਸਿੰਘ ਭੁੱਲਰ, ਐੱਮ ਸੀ ਮਨਜਿੰਦਰ ਸਿੰਘ, ਐੱਮ ਸੀ ਰਵੀ ਸਿੰਘ, ਐੱਮ ਸੀ ਸੁਖਜੀਤ ਕੌਰ, ਸੀਨੀਅਰ ਆਗੂ ਬਲਸ਼ਰਨ ਸਿੰਘ, ਸੁਰਿੰਦਰ ਸੰਧੂ, ਮਨਜਿੰਦਰ ਸਿੰਘ ਐੱਮ ਸੀ, ਪਰਮਜੀਤ ਸਿੰਘ ਐੱਮ ਸੀ, ਰਵੀ ਸਿੰਘ ਐੱਮ ਸੀ , ਪੰਡਤ ਬਿਕਰਮ ਸ਼ਰਮਾ, ਸਤਨਾਮ ਸਿੰਘ, ਗੁਰਮੀਤ ਸਿੰਘ, ਜਸਬੀਰ ਸਿੰਘ, ਸੁਖਦੇਵ ਸਿੰਘ, ਭੁਪਿੰਦਰ ਸਿੰਘ, ਜਗਦੀਪ ਸਿੰਘ, ਲਖਬੀਰ ਸਿੰਘ, ਅਵਤਾਰ ਸਿੰਘ, ਸੁੱਚਾ ਸਿੰਘ, ਲੱਖਾ ਸਿੰਘ, ਗਗਨਦੀਪ ਸਿੰਘ, ਗਗਨਦੀਪ ਸਿੰਘ, ਨਿਸ਼ਾਨ ਸਿੰਘ, ਦਲੀਪ ਸਿੰਘ, ਰਾਜਵਿੰਦਰ ਸਿੰਘ, ਪ੍ਰਤਾਪ ਸਿੰਘ, ਰਾਕੇਸ਼ ਪੰਡਤ, ਦਿਲਬਾਗ ਸਿੰਘ, ਸਤਨਾਮ ਸਿੰਘ, ਸੁਖਵਿੰਦਰ ਸਿੰਘ, ਸੰਨੀ, ਪਰਗਟ ਸਿੰਘ, ਦਵਿੰਦਰ ਸਿੰਘ, ਰੋਸ਼ਨ ਕੁਮਾਰ, ਵਰਿੰਦਰ ਕੁਮਾਰ ਤੇ ਜਤਿੰਦਰਪਾਲ ਸਿੰਘ ਆਦਿ ਆਗੂ ਹਾਜ਼ਰ ਸਨ।

# ਕਾਵਿ ਸੰਗ੍ਰਹਿ 'ਖਾਮੋਸ਼ੀਆਂ' ਲਈ ਐੱਸ. ਪ੍ਰਸ਼ੋਤਮ ਨੂੰ ਸ਼ੁਭਕਾਮਨਾਵਾਂ

**ਅਜਨਾਲਾ, ਚੇਤਨਪੁਰਾ (ਸੁਖਤਿੰਦਰ ਸਿੰਘ ਰਾਜੂ, ਸੁਖਵੰਤ ਚੇਤਰਨਪੁਰੀ)**- ਏਕਮ ਸਾਹਿਤ ਮੰਚ ਅੰਮ੍ਰਿਤਸਰ ਦੀ ਮੁੱਖ ਸੰਚਾਲਿਕਾ ਤੇ ਏਕਮ ਮੈਗਜ਼ੀਨ ਦੀ ਸੰਪਾਦਕਾ ਅਰਤਿੰਦਰ ਸੰਧੂ ਦੀ ਸਰਪ੍ਰਸਤੀ ਹੇਠ ਮੰਚ ਦੀ ਵਿਸ਼ੇਸ਼ ਰਸਮੀ ਇਕੱਤਰਤਾ ਹੋਈ ਜਿਸ 'ਚ ਮੰਚ ਦੀ ਸਹਿਯੋਗੀ ਸੰਸਥਾ ਰਾਬਤਾ ਮੁਕਾਲਮਾ ਸਾਹਿਤ ਮੰਚ ਦੇ ਮੈਂਬਰ ਸਾਹਿਬਾਨ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ। ਇਕੱਤਰਤਾ 'ਚ ਹਾਜ਼ਰ ਸਾਹਿਤਕਾਰਾਂ ਨੂੰ ਐੱਸ. ਪ੍ਰਸ਼ੋਤਮ ਨੇ ਰਸਮੀ ਤੌਰ 'ਤੇ ਆਪਣੇ ਨਵ ਪ੍ਰਕਾਸ਼ਿਤ ਕਾਵਿ ਸੰਗ੍ਰਹਿ 'ਖਾਮੋਸ਼ੀਆਂ' ਦੀਆਂ ਕਾਪੀਆਂ ਭੇਟ ਕੀਤੀਆਂ।ਹਾਜ਼ਰੀਨ ਐੱਸ. ਪ੍ਰਸ਼ੋਤਮ ਵੱਲੋਂ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਇਕੱਤਰਤਾ ਦੀ ਮੇਜ਼ਬਾਨ ਭੈਣ ਅਰਤਿੰਦਰ ਹੁਰਾਂ ਚਾਹ ਪਾਰਟੀ 'ਚ ਸਭਨਾਂ ਦਾ ਮਿੱਠਾ ਮੂੰਹ ਕਰਵਾਇਆ।



ਇਕੱਤਰਤਾ 'ਚ ਅਰਤਿੰਦਰ ਸੰਧੂ ਤੋਂ ਇਲਾਵਾ ਉਸਤਾਦ ਗ਼ਜ਼ਲਗੋ ਸਰਬਜੀਤ ਸੰਧੂ, ਹਰਜੀਤ ਸਿੰਘ ਸੰਧੂ, ਸਤਵਿੰਦਰ ਸਿੰਘ ਓਠੀ, ਵਿਸ਼ਵ ਪੰਜਾਬੀ ਸਭਾ ਦੇ ਕੌਮੀ ਪ੍ਰਧਾਨ, ਸਾਹਿਤ, ਕਲਾ ਤੇ ਸੱਭਿਆਚਾਰਕ ਪ੍ਰਮੋਟਰ ਸਿਫ਼ਰ ਸਤਬੀਰ ਸਿੰਘ, ਮਲਕੀਤ ਸਿੰਘ ਰਾਸੀ, ਕਵਿੱਤਰੀ ਕੰਵਲਪ੍ਰੀਤ ਕੌਰ ਥਿੰਦ, ਭਾ ਜੀ ਰਾਜਖੁਸ਼ਵੰਤ ਸਿੰਘ ਸੰਧੂ ਤੇ ਪੰਕਜ ਸਿੰਘ ਆਦਿ ਮੌਜੂਦ ਸਨ। ਇਸੇ ਦੌਰਾਨ ਵੱਖਰੇ ਤੌਰ 'ਤੇ ਸੀਨੀਅਰ ਪੱਤਰਕਾਰ, ਸਾਹਿਤਕਾਰ ਤੇ ਹਿੰਦ-ਪਾਕਿ ਦੋਸਤੀ ਲਹਿਰ ਦੇ ਉਸਰਈਏ ਸਤਨਾਮ ਮਾਣਕ, ਪ੍ਰਗਤੀਸ਼ੀਲ ਲੇਖਕ ਸਭਾ ਦੇ ਸੂਬਾਈ ਪ੍ਰਧਾਨ ਪ੍ਰੋ: ਸੁਰਜੀਤ ਜੱਜ, ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ, ਪੰਜਾਬੀ ਦੇ ਸਮਰਾਟ ਕਥਾਕਾਰ ਮੁਖ਼ਤਾਰ ਗਿੱਲ, ਫੋਕਲੋਰ ਰਿਸਰਚ ਅਕੈਡਮੀ ਦੇ ਪ੍ਰਧਾਨ ਰਮੇਸ਼ ਯਾਦਵ, ਮੈਗਜ਼ੀਨ ਅਨੁਤਾਸ਼ ਦੀ ਸੰਪਾਦਕਾ ਕਮਲ ਗਿੱਲ, ਮੈਗਜ਼ੀਨ ਮੇਘਲਾ ਦੇ ਸੰਪਾਦਕ ਜਤਿੰਦਰ ਔਲਖ ਤੇ ਮੈਗਜ਼ੀਨ 'ਅੱਖਰ' ਦੇ ਪ੍ਰਬੰਧਕੀ ਸੰਪਾਦਕ ਧਰਵਿੰਦਰ ਔਲਖ ਹੁਰਾਂ ਨੇ ਐੱਸ. ਪ੍ਰਸ਼ੋਤਮ ਨਾਲ ਨਵ-ਪ੍ਰਕਾਸ਼ਿਤ ਕਾਵਿ ਸੰਗ੍ਰਹਿ 'ਖਾਮੋਸ਼ੀਆਂ' ਲਈ ਵਧਾਈਆਂ ਤੇ ਸ਼ੁੱਭਕਾਮਨਾਵਾਂ ਸਾਂਝੀਆਂ ਕੀਤੀਆਂ।

# ਸ਼ੈਲਿੰਦਰਜੀਤ ਸਿੰਘ ਰਾਜਨ ਦੀ ਕਾਵਿ ਪੁਸਤਕ 'ਸਾਰੀ ਧਰਤੀ ਮੇਰੀ' ਲੋਕ ਅਰਪਿਤ

**ਬਾਬਾ ਬਕਾਲਾ ਸਾਹਿਬ, ਬਿਆਸ (ਜਸਪਾਲ ਸਿੰਘ, ਪਰਮਜੀਤ ਸਿੰਘ ਰੱਖੜਾ)**- ਉੱਘੇ ਸ਼ਾਇਰ ਅਤੇ ਪੱਤਰਕਾਰ ਸ਼ੈਲਿੰਦਰਜੀਤ ਸਿੰਘ ਰਾਜਨ ਦਾ ਨਵਾਂ ਕਾਵਿ ਸੰਗ੍ਰਹਿ 'ਸਾਰੀ ਧਰਤੀ ਮੇਰੀ' ਪੰਜਾਬੀ ਜ਼ੁਬਾਨ ਦੇ ਨਾਮਵਰ ਸਾਹਿਤਕਾਰ ਪ੍ਰੋ: ਗੁਰਭਜਨ ਗਿੱਲ ਦੇ ਗ੍ਰਹਿ ਵਿਖੇ ਲੋਕ ਅਰਪਿਤ



ਕੀਤਾ ਗਿਆ। ਇਸ ਮੌਕੇ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਨਾਮਵਰ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਪ੍ਰੋ: ਗੁਰਭਜਨ ਗਿੱਲ ਨੇ ਕਿਹਾ ਕਿ ਰਾਜਨ ਕੋਲ ਧਰਤੀ ਦੀ ਆਸਾਨ ਜ਼ੁਬਾਨ ਹੋਣ ਕਾਰਣ ਉਸਦੀ ਸ਼ਾਇਰੀ ਵਿੱਚ ਸੰਚਾਰ ਦੀ ਸਮੱਸਿਆ ਬਿਲਕੁਲ ਹੀ ਨਹੀਂ ਹੈ। ਉਸਦੀ ਕਵਿਤਾ ਵਿੱਚ ਧਰਤੀ ਦੇ ਦੁੱਖ ਸੁੱਖ ਦੀ ਅਣਕਹੀ ਵਾਰਤਾ ਹੈ। ਉਸਦੀ ਕਵਿਤਾ ਸਾਨੂੰ ਉਂਗਲੀ ਫੜ ਕੇ ਨਾਲੋ-ਨਾਲ ਤੋਰਦੀ ਹੈ, ਬਾਲ ਨਿਆਣੇ ਵਾਂਗ ਨਿੱਕੀਆਂ-2 ਗੱਲਾਂ ਕਰਦੀ, ਹੁੰਗਾਰੇ ਮੰਗਦੀ ਪ੍ਰਤੀਤ ਹੁੰਦੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਨੇ ਕਿਹਾ ਕਿ 'ਰਾਜਨ' ਅਕਸਰ ਸਾਹਿਤਕ ਸਮਾਗਮਾਂ ਦੀ ਮਿੱਠੀ ਛਬੀਲ ਲਗਾ ਕੇ ਹੀ ਰੱਖਦਾ ਹੈ। ਹੁਣ ਉਹ ਆਪਣੀ ਮੌਲਿਕ ਕਾਵਿ-ਕਿਰਤਾਂ ਦੀ ਪੁਸਤਕ 'ਸਾਰੀ ਧਰਤੀ ਮੇਰੀ' ਨਾਲ ਕਵਿਤਾ ਵਿੱਚ ਨਵੀਆਂ ਸੰਭਾਵਨਾਵਾਂ ਲੈ ਕੇ ਹਾਜ਼ਰ ਹੈ। ਉਸਦੀ ਕਵਿਤਾ ਸਾਨੂੰ ਭਵਿੱਖ-ਮੁਖੀ ਸੰਕਟਾਂ ਪ੍ਰਤੀ ਵੀ ਸੁਚੇਤ ਕਰ ਰਹੀ ਹੈ। ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਦਾ ਕਹਿਣਾ ਸੀ ਕਿ ਪੰਜਾਬੀ ਸਾਹਿਤ ਅਤੇ ਸਿਰਜਣਾ ਦੇ ਖੇਤਰ 'ਚ 'ਰਾਜਨ' ਨਿਰੰਤਰ ਜੁਟੇ ਰਹਿਣ ਵਾਲਾ ਗੱਭਰੂ ਕਾਮਾ ਹੈ। ਕੇਂਦਰੀ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਮੱਖਣ ਕੁਹਾੜ ਨੇ ਕਿਹਾ ਕਿ ਬਾਬਾ ਬਕਾਲਾ ਸਾਹਿਬ ਦੀ ਧਰਤੀ 'ਤੇ ਸਾਹਿਤਕ ਕਿਸ਼ਤੀ ਦੇ ਮਾਂਝੀ ਵਜੋਂ ਉਭਰੇ 'ਰਾਜਨ' ਆਪਣੀ ਲੇਖਣੀ 'ਚ ਵੀ ਆਮ ਲੋਕਾਂ ਵਿੱਚੋਂ ਵਿਸ਼ੇ ਲੈ ਕੇ ਗੱਲ ਕਰਦਾ ਹੈ ਤਾਂ ਲੋਕ ਭਾਵਨਾਵਾਂ ਦੀਆਂ ਅਧੂਰੀਆਂ ਇੱਛਾਵਾਂ ਨੂੰ ਨੇੜਿਉਂ ਫੜਦਾ ਹੈ।

'ਰਾਜਨ' ਕੋਲ ਬਦਲ ਰਹੇ ਸਮਾਜ ਦੀ ਬਦਲਦੀ ਸਮਾਜਿਕ ਅਤੇ ਆਰਥਿਕ ਅਰਥ-ਵਿਵਸਥਾ ਨੂੰ ਘੋਖਣ, ਪੜਤਾਲਣ ਤੇ ਚਿਤਰਨ ਦੀ ਸਾਹਿਤਕ ਭਾਸ਼ਾ ਹੈ, ਜਿਸਦੀ ਸਹਾਇਤਾ ਨਾਲ ਉਹ ਆਪਣੀ ਗੱਲ ਕਹਿੰਦਾ ਹੈ ਅਤੇ ਉਸਦੀ ਕਹੀ ਗੱਲ 'ਚ ਸਾਰਥਿਕ ਸੁਨੇਹਾ ਹੁੰਦਾ ਹੈ। ਬਹੁਤੇ ਬੁਲਾਰਿਆ ਨੇ 'ਰਾਜਨ' ਨੂੰ ਇਸ ਸਾਰਥਿਕ ਯਤਨ ਲਈ ਵਧਾਈ ਦਿੱਤੀ।

ਇਸ ਮੌਕੇ ਡਾ: ਸ਼ਿੰਦਰਪਾਲ, ਦਲਜੀਤ ਸਿੰਘ ਸ਼ਾਹੀ, ਸ਼ਾਇਰ ਮਨਜਿੰਦਰ ਧਨੋਆ, ਗੁਰਮੀਤ ਬਾਜਵਾ, ਮਾ: ਮਨਜੀਤ ਸਿੰਘ ਵੱਸੀ, ਮੈਡਮ ਯਤਿੰਦਰ ਕੌਰ ਮਾਹਲ, ਡਾ: ਲੇਖ ਰਾਜ, ਬੂਟਾ ਰਾਮ ਆਜ਼ਾਦ, ਜਸਵੰਤ ਰਾਏ, ਸੁਰਿੰਦਰਜੀਤ ਚੌਹਾਨ (ਸਾਰੇ ਕਾਰਜਕਾਰਨੀ ਮੈਂਬਰ), ਹਰਪਲਿੰਦਰ ਸਿੰਘ ਬੱਬਨ ਅਤੇ ਹੋਰ ਹਾਜ਼ਰ ਸਨ।

# 'ਲੋਕ ਮਿਲਣੀ' ਦਾ ਮਕਸਦ ਸਰਕਾਰ ਤੇ ਲੋਕਾਂ ਵਿਚਕਾਰ ਦੂਰੀ ਨੂੰ ਘਟਾਉਣਾ : ਤਲਬੀਰ ਗਿੱਲ

**ਮਜੀਠਾ (ਸੋਇਮ ਆਨੰਦ)**- ਲੋਕਾਂ ਦੀਆ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਯਕੀਨੀ ਬਣਾਉਣ ਲਈ ਚਲਾਈ ਜਾ ਰਹੀ ਪੰਜਾਬ ਸਰਕਾਰ ਦੀ ਲੋਕ ਮਿਲਣੀ ਮੁਹਿੰਮ ਤਹਿਤ ਲੋਕਾਂ ਨੂੰ ਆਪਣੇ ਕੰਮਾਂ ਲਈ ਦਫ਼ਤਰਾਂ ਦੇ ਵਾਰ-ਵਾਰ ਚੱਕਰ ਨਹੀਂ ਲਗਾਉਣੇ




ਸਰਕਾਰ ਦੀ ਲੋਕ ਮਿਲਣੀ ਮੁਹਿੰਮ ਦਾ ਮੁੱਖ ਮਕਸਦ ਸਰਕਾਰ ਅਤੇ ਲੋਕਾਂ ਵਿਚਕਾਰ ਦੂਰੀ ਨੂੰ ਘਟਾਉਣਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਲੋਕ ਮਿਲਣੀ ਮੁਹਿੰਮ ਤਹਿਤ ਹਲਕਾ ਮਜੀਠਾ ਦੇ ਪਿੰਡ ਵਿੱਢ ਨੰਗਲ ਵਿਖੇ ਆਮ ਆਦਮੀ ਪਾਰਟੀ ਵੱਲੋਂ ਕਰਵਾਈ ਗਈ ਵਿਸ਼ੇਸ਼ ਇਕੱਤਰਤਾ ਦੌਰਾਨ ਸੰਬੋਧਨ ਕਰਦਿਆ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਪੈਣਗੇ।ਸਰਕਾਰ ਚਾਹੁੰਦੀ ਹੈ ਕਿ ਆਮ ਲੋਕਾਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਉਨ੍ਹਾਂ ਦੇ ਆਪਣੇ ਪਿੰਡ ਵਿੱਚ ਹੀ ਕੀਤਾ ਜਾਵੇ ਅਤੇ ਸਰਕਾਰੀ ਸੇਵਾਵਾਂ ਪਾਰਦਰਸ਼ੀ ਢੰਗ ਨਾਲ ਹਰ ਘਰ ਤੱਕ ਪਹੁੰਚਣ। ਤਲਬੀਰ ਗਿੱਲ ਨੇ ਇਸ ਮੌਕੇ ਪੰਜਾਬ ਸਰਕਾਰ ਵੱਲੋਂ ਸਿੱਖਿਆ, ਸਿਹਤ, ਖੇਤੀਬਾੜੀ ਅਤੇ ਰੁਜ਼ਗਾਰ ਦੇ ਖੇਤਰ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਬਾਰੇ ਵੀ ਜਾਣਕਾਰੀ ਦਿੱਤੀ।ਉਨ੍ਹਾਂ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਵੀ ਕੀਤੀ।ਉਨ੍ਹਾਂ ਨੇ ਪਿੰਡ ਵਾਸੀਆਂ ਦੀਆ ਸਮੱਸਿਆਵਾਂ ਸੁਣੀਆਂ ਅਤੇ ਸਬੰਧਤ ਵਿਭਾਗਾਂ ਰਾਹੀਂ ਜਲਦ ਹੱਲ ਕਰਵਾਉਣ ਦਾ ਭਰੋਸਾ ਦਿੱਤਾ।ਪਿੰਡ ਵਾਸੀਆਂ ਨੇ ਲੋਕ ਮਿਲਣੀ ਦੌਰਾਨ ਸੜਕਾਂ ਦੀ ਖਸਤਾ ਹਾਲਤ, ਪੀਣ ਵਾਲੇ ਸਾਫ਼ ਪਾਣੀ ਦੀ ਘਾਟ, ਸੀਵਰੇਜ ਪ੍ਰਬੰਧ, ਬਿਜਲੀ ਸਪਲਾਈ ਨਾਲ ਜੁੜੀਆਂ ਮੁਸ਼ਕਲਾਂ ਅਤੇ ਸਿਹਤ ਸਹੂਲਤਾਂ ਦੇ ਵਿਸਥਾਰ ਸਮੇਟ ਹੋਰ ਸਥਾਨਕ ਮਸਲੇ ਤਲਬੀਰ ਗਿੱਲ ਦੇ ਧਿਆਨ ਵਿੱਚ ਲਿਆਂਦੇ।ਗਿੱਲ ਨੇ ਹਰ ਸ਼ਿਕਾਇਤ ਨੂੰ ਧਿਆਨ ਨਾਲ ਸੁਣਦੇ ਹੋਏ ਭਰੋਸਾ ਦਿੱਤਾ ਕਿ ਇਨ੍ਹਾਂ ਮਸਲਿਆਂ ਨੂੰ ਤਰਜੀਹ ਦੇ ਆਧਾਰ 'ਤੇ ਸਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਜਲਦ ਤੋਂ ਜਲਦ ਹੱਲ ਕਰਵਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ।ਇਸ ਮੌਕੇ ਪਰਮਿੰਦਰ ਸਿੰਘ ਰੋਮਾਣਾ, ਬਲਦੇਵ ਸਿੰਘ, ਹਰਜਿੰਦਰ ਸਿੰਘ, ਜਗਤਾਰ ਸਿੰਘ, ਬੰਟੀ, ਗੁਰਨਾਮ ਸਿੰਘ, ਪਰਮਜੀਤ ਸਿੰਘ, ਮਲਕੀਤ ਸਿੰਘ, ਨਿਰਮਲ ਜੋਤ ਸਿੰਘ, ਗੁਰਮੇਜ ਸਿੰਘ, ਗੁਲਜ਼ਾਰ ਸਿੰਘ, ਡਾ. ਸੁਖਦੇਵ ਸਿੰਘ, ਦੀਪਕ ਸਿੰਘ, ਪਰਗਟ ਸਿੰਘ, ਜਗਦੇਵ ਸਿੰਘ, ਬਾਬਾ ਜੋਗਾ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਡਿਪਟੀ ਐਡਵੋਕੇਟ ਜਨਰਲ ਰਾਜੀਵ ਮਦਾਨ ਰਾਜਾ ਦਾ ਸਨਮਾਨ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਪੁੱਤਰਾਂ ਦੇ ਦਾਨੀ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਦੀ ਚਰਨ ਛੋਹ ਪ੍ਰਾਪਤ ਧਰਤੀ ਰਮਦਾਸ (ਅਜਨਾਲਾ) ਦੇ ਜੰਮਪਲ ਉਘੇ



ਸਮਾਜ ਸੇਵਕ, ਕਾਨੂੰਨੀ ਮਾਹਿਰ ਅਤੇ ਹੁਣ ਡਿਪਟੀ ਐਡਵੋਕੇਟ ਜਨਰਲ ਪੰਜਾਬ ਵਜੋਂ ਸੇਵਾਵਾਂ ਨਿਭਾਅ ਰਹੇ ਐਡਵੋਕੇਟ ਰਾਜੀਵ ਮਦਾਨ ਰਾਜਾ ਨੂੰ ਪੰਜਾਬ ਪਬਲਿਕ ਸਕੂਲ ਵਿਖੇ ਕਰਵਾਏ ਗਏ ਸਮਾਰੋਹ ਦੌਰਾਨ ਸਨਮਾਨਿਤ ਕੀਤਾ ਗਿਆ। ਦੱਸ ਦੇਈਏ ਕਿ ਐਡਵੋਕੇਟ ਰਾਜੀਵ ਮੈਦਾਨ ਰਾਜਾ ਆਪਣੀਆਂ ਕਾਨੂੰਨੀ ਪੇਸ਼ੇਵਰ/ਸਲਾਹਕਾਰ ਸੇਵਾਵਾਂ ਦੇਣ ਤੋਂ ਇਲਾਵਾ ਸਰਹੱਦੀ ਖੇਤਰ ਵਿੱਚ ਸਮਾਜਿਕ ਜਾਗਰੁਕਤਾ ਪੈਦਾ ਕਰਨ ਦੇ ਨਾਲ-ਨਾਲ ਨੌਜਵਾਨਾਂ ਨੂੰ ਸ਼ਕਤੀਸ਼ਾਲੀ ਬਣਾ ਰਹੇ ਹਨ ਅਤੇ ਯੁਵਕ ਸੇਵਾਵਾਂ ਵਿਭਾਗ, ਪੰਜਾਬ ਨਾਲ ਸਬੰਧਤ ਇੱਕ ਯੂਥ ਵੈੱਲਫੇਅਰ ਕਲੱਬ ਵੀ ਚਲਾ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਆਮ ਲੋਕਾਂ ਦੇ ਨਾਲ-ਨਾਲ ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਸਰਕਾਰ ਦੇ ਹੋਰ ਹਿੱਸੇਦਾਰਾਂ ਵਿੱਚ ਆਰ. ਟੀ. ਆਈ. ਅਤੇ ਹੋਰ ਕਾਨੂੰਨੀ ਅਤੇ ਸਮਾਜਿਕ ਮੁੱਦਿਆਂ ਸਰਕਾਰੀ ਸੰਸਥਾਵਾਂ/ਐੱਨ. ਜੀ. ਓਜ਼ ਦੁਆਰਾ ਆਯੋਜਿਤ ਸਿਖਲਾਈ ਪ੍ਰੋਗਰਾਮਾਂ ਦੌਰਾਨ ਸਰਬਉਤਮ ਸੇਵਾ ਪ੍ਰਦਾਨ ਕਰਨ , ਸੂਚਨਾ ਦਾ ਅਧਿਕਾਰ ਐਕਟ, ਨਸ਼ਿਆਂ ਦੀ ਦੁਰਵਰਤੋਂ ਅਤੇ ਰੋਕਥਾਮ, ਮਨੁੱਖੀ ਅਧਿਕਾਰ, ਘੱਟ ਗਿਣਤੀ ਐਕਟ ਅਤੇ ਆਫ਼ਤ ਪ੍ਰਬੰਧਨ ਵਰਗੇ ਵਿਸ਼ਿਆਂ 'ਤੇ 500 ਤੋਂ ਵੱਧ ਸੈਸ਼ਨ ਆਯੋਜਿਤ ਕੀਤੇ ਜਾ ਚੁੱਕੇ ਹਨ।ਉਨ੍ਹਾਂ ਨੂੰ ਸਟੇਟ ਐਵਾਰਡ-2025 ਵੀ ਪੰਜਾਬ ਸਰਕਾਰ ਵੱਲੋਂ ਮਿਲ ਚੁੱਕਾ ਹੈ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਮੀਟਿੰਗਾਂ ਦਾ ਸਿਲਸਿਲਾ ਜਾਰੀ



**ਗੁਰਦਾਸਪੁਰ (ਜਨਕ ਮਹਾਜਨ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਜ਼ੋਨ ਤੇਜਾ ਸਿੰਘ ਸੁਤੰਤਰ ਵੱਲੋਂ ਪਿੰਡਾਂ ਵਿਚ ਮੀਟਿੰਗਾਂ ਲਾਈਆਂ ਜਾ ਰਹੀਆਂ ਹਨ। ਮੀਟਿੰਗਾਂ ਦੀ ਪ੍ਰਧਾਨਗੀ ਜ਼ੋਨ ਪ੍ਰਧਾਨ ਨਿਰਮਲ ਸਿੰਘ ਆਦੀ, ਸੁਖਵਿੰਦਰ ਸਿੰਘ ਮੀਤ ਪ੍ਰਧਾਨ ਵੱਲੋਂ ਕੀਤੀ ਜਾ ਰਹੀ ਮੀਟਿੰਗ ਵਿਚ ਲੋਕਾਂ ਦੀਆਂ ਹੱਕੀ ਮੰਗਾਂ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਡੀ. ਸੀ. ਦਫ਼ਤਰ ਅੱਗੇ ਧਰਨਾ ਜੋ ਕੇ ਕਿਸਾਨਾਂ ਮਜ਼ਦੂਰਾਂ ਦਾ ਗੰਨੇ ਦਾ ਬਕਾਇਆ, ਹੜ੍ਹ ਪੀੜਤਾਂ ਨੂੰ ਮੁਆਵਜ਼ਾ, ਭਾਰਤ ਮਾਲਾ ਐਕਸਪ੍ਰੈੱਸ ਵੇਅ ਵਿਚ ਕਿਸਾਨਾਂ ਦੀਆਂ ਜ਼ਮੀਨਾਂ ਦਾ ਬਕਾਇਆ ਅਤੇ ਹੋਰ ਲੋਕਲ ਮੰਗਾਂ ਲਈ ਪੱਕਾ ਮੋਰਚਾ ਡੀ. ਸੀ. ਦਫ਼ਤਰ ਗੁਰਦਾਸਪੁਰ ਅੱਗੇ ਲੱਗਣ ਜਾ ਰਿਹਾ ਹੈ, ਜਿਨ੍ਹਾਂ ਵਿਚ ਮੀਟਿੰਗ ਪਿੰਡ ਬਲੱਗਣ, ਕਾਦੀਆਂ ਵਾਲੀ, ਪਿੰਡ ਡੁਗਰੀ, ਪਿੰਡ ਆਦੀ, ਪਿੰਡ ਨਡਾਲਾ, ਬਾਊਪੁਰ ਪਿੰਡ, ਪਿੰਡ ਆਲੀਨੰਗਲ, ਪਿੰਡ ਅਲੀਸ਼ੇਰ ਆਦਿ ਵਿਚ ਕਿਸਾਨਾਂ-ਮਜ਼ਦੂਰਾਂ ਵਿਚ ਜੋਸ਼ ਭਰ ਕੇ ਸਰਕਾਰ ਤੋਂ ਮੰਗ ਮਨਵਾਉਣ ਲਈ ਵੱਡੇ ਸੰਘਰਸ਼ ਲਈ ਏਕਾ ਕੀਤਾ ਗਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਅੱਲੜ ਪਿੰਡੀ, ਰਣਬੀਰ ਸਿੰਘ ਡੁਗਰੀ, ਸੁੱਚਾ ਸਿੰਘ ਬਲੱਗਣ, ਕਰਨੈਲ ਸਿੰਘ ਮੱਲ੍ਹੀ, ਚਰਨਜੀਤ ਸਿੰਘ ਅਲੀਸ਼ੇਰ, ਬਾਬਾ ਰਸ਼ਪਾਲ ਸਿੰਘ, ਦਿਲਬਾਗ ਸਿੰਘ ਹਰਦੋਛੰਨੀ, ਕੁਲਵਿੰਦਰ ਸਿੰਘ ਜੌੜਾ, ਸੁਖਵਿੰਦਰ ਸਿੰਘ ਮੀਤ ਪ੍ਰਧਾਨ, ਗੁਰਮੀਤ ਸਿੰਘ ਬਲੱਗਣ, ਕਰਨੈਲ ਸਿੰਘ ਆਦੀ, ਰਣਜੀਤ ਸਿੰਘ ਬਾਊਪੁਰ, ਦੀਦਾਰ ਸਿੰਘ ਕਾਦੀਆਂ, ਮਨਦੀਪ ਸਿੰਘ ਸੋਨੂੰ, ਬੀਬੀ ਮਨਜਿੰਦਰ ਕੌਰ ਡੁਗਰੀ, ਬੀਬੀ ਮਨਦੀਪ ਕੌਰ ਆਦਿ ਹਾਜ਼ਰ ਸਨ।

# ਕੁੱਲ ਹਿੰਦ ਕਿਸਾਨ ਸਭਾ ਬਲਾਕ ਕਮੇਟੀ ਖਡੂਰ ਸਾਹਿਬ ਦਾ ਗਠਨ

**ਧੂੰਦਾ ਪ੍ਰਧਾਨ, ਬਿਹਾਰੀਪੁਰ ਸਰਪ੍ਰਸਤ ਤੇ ਮੇਜਰ ਸਿੰਘ ਸਕੱਤਰ ਬਣੇ**

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਕੁੱਲ ਹਿੰਦ ਕਿਸਾਨ ਸਭਾ ਬਲਾਕ ਖਡੂਰ ਸਾਹਿਬ ਦਾ ਚੋਣ ਅਜਲਾਸ ਦਰਸ਼ਨ ਸਿੰਘ ਬਿਹਾਰੀਪੁਰ ਦੀ ਪ੍ਰਧਾਨਗੀ ਹੇਠ ਪਿੰਡ ਧੂੰਦਾ ਵਿੱਚ ਕੀਤਾ ਗਿਆ।ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਵਲਟੋਹਾ, ਜਥੇਬੰਦਕ ਸਕੱਤਰ ਦਵਿੰਦਰ ਸੋਹਲ, ਟਰੇਡ ਯੂਨੀਅਨ ਆਗੂ ਬਲਜੀਤ ਸਿੰਘ ਫਤਿਆਬਾਦ, ਨੌਜਵਾਨ ਆਗੂ ਗੁਰਚਰਨ ਸਿੰਘ ਫਤਿਹਾਬਾਦ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।ਇਸ ਮੌਕੇ ਇਕੱਠੇ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਅੱਜ ਸਮੇਂ ਦੀਆਂ ਸਰਕਾਰਾਂ ਸਿਰਫ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਨ ਲਈ ਬਣਦੀਆਂ ਹਨ।ਉਹ ਹਰ ਨੀਤੀ ਕਾਰਪੋਰੇਟ ਪੱਖੀ ਬਣਾਉਂਦੀਆਂ ਹਨ।ਮਿਹਨਤਕਸ਼ ਜਨਤਾ ਦੇ ਅੱਖੀਂ ਘੱਟਾ ਪਾਉਣਾ ਅੱਜ ਦੀਆਂ ਸਰਕਾਰਾਂ ਦਾ ਰਿਵਾਜ ਬਣ ਗਿਆ ਹੈ। ਹੁਣ ਕਿਸਾਨਾਂ, ਮਜ਼ਦੂਰਾਂ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ ਤਾਂ ਕਿ ਬਰਾਬਰ ਤੇ ਖੁਸ਼ਹਾਲ ਸਮਾਜ ਸਿਰਜਣ ਲਈ ਵਿਸ਼ਾਲ ਸਾਂਝੇ ਸੰਘਰਸ਼ ਕਰਕੇ



ਜਿੱਤ ਪ੍ਰਾਪਤ ਕੀਤੀ ਜਾ ਸਕੇ।ਇਸ ਮੌਕੇ ਬਲਾਕ ਟੀਮ ਦਾ ਗਠਨ ਕਰਦਿਆਂ ਬਲਦੇਵ ਸਿੰਘ ਧੂੰਦਾ ਨੂੰ ਪ੍ਰਧਾਨ, ਮੇਜਰ ਸਿੰਘ ਵੈਰੋਵਾਲ ਜਨਰਲ ਸਕੱਤਰ, ਦਰਸ਼ਨ ਬਿਹਾਰੀਪੁਰ ਸਰਪ੍ਰਸਤ ਬਣਾਏ ਗਏ।ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ।ਇਸ ਮੌਕੇ ਨਵੀਂ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ 10 ਅਗਸਤ ਨੂੰ ਸੰਯੁਕਤ ਕਿਸਾਨ ਮੋਰਚਾ ਦੇ ਐਕਸ਼ਨ ਅਨੁਸਾਰ ਤਰਨ ਨਾ ਵਿਖੇ ਰੇਲ ਪੱਟੜੀ ਰੋਕੀ ਜਾਵੇਗੀ।ਸੇਰੋਂ ਖੰਡ ਮਿੱਲ ਮੁੜ ਚਾਲੂ ਕਰਾਉਣ ਲਈ ਚੱਲ ਰਹੇ ਪੱਕੇ ਮੋਰਚੇ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਸ਼ਾਨ ਸਿੰਘ ਧੂੰਦਾ, ਜਰਨੈਲ ਸਿੰਘ ਹੋਠੀਆਂ, ਸਰਦੂਲ ਸਿੰਘ ਬਿਹਾਰੀਪੁਰ ਸਮੇਤ ਕਾਫ਼ੀ ਕਿਸਾਨ ਹਾਜ਼ਰ ਸਨ।

# ਘਰੇਲੂ ਗੈਸ ਸਿਲੰਡਰਾਂ ਦੀ ਦੁਰਵਰਤੋਂ ਜ਼ੋਰਾਂ 'ਤੇ; ਸੰਬੰਧਿਤ ਵਿਭਾਗ ਸੁੱਤਾ ਕੁੰਭਕਰਨੀ ਨੀਂਦ

**ਗੁਰਦਾਸਪੁਰ, (ਜਨਕ ਮਹਾਜਨ)**- ਘਰੇਲੂ ਗੈਸ ਸਿਲੰਡਰਾਂ ਦੀ ਦੁਰਵਰਤੋਂ ਜ਼ੋਰਾਂ 'ਤੇ ਕੀਤੀ ਜਾ ਰਹੀ ਹੈ ਪਰ ਸੰਬੰਧਿਤ ਵਿਭਾਗ ਇਸ ਦੀ ਦੁਰਵਰਤੋਂ ਰੋਕਣ ਵਾਸਤੇ ਕੋਈ ਕਾਰਵਾਈ ਨਹੀਂ ਕਰ ਰਿਹਾ ਜਿਸ ਕਰਕੇ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਫਾਸਟ ਫੂਡ ਦੀਆਂ ਰੇਹੜੀਆਂ ਵਾਲੇ ਅਤੇ ਹੋਰ ਛੋਟੇ-ਮੋਟੇ ਦੁਕਾਨਦਾਰ ਸ਼ਰੇਆਮ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਜਗ੍ਹਾ 'ਤੇ ਘਰੇਲੂ ਗੈਸ ਸਿਲੰਡਰਾਂ ਦੀ ਵਰਤੋਂ ਕਰ ਰਹੇ ਹਨ। ਇਸ ਨਾਲ ਜਿੱਥੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗ ਰਿਹਾ ਹੈ ਉੱਥੇ ਘਰੇਲੂ ਖਪਤਕਾਰਾਂ ਨਾਲ ਧੱਕਾ ਹੋ ਰਿਹਾ ਹੈ। ਲੋਕਾਂ ਨੇ ਦੱਸਿਆ ਕਿ ਇਹ ਫਾਸਟ ਫੂਡ ਦੀਆਂ ਰੇਹੜੀਆਂ ਅਤੇ ਛੋਟੇ ਮੋਟੇ ਦੁਕਾਨਦਾਰ ਸ਼ਰੇਆਮ ਸੜਕ ਕੰਢੇ ਰੇਹੜੀਆਂ 'ਤੇ ਫਾਸਟ ਫੂਡ ਆਦਿ ਬਣਾ ਕੇ ਸਰਕਾਰ ਦਾ ਮੂੰਹ ਚਿੜਾ ਰਹੇ ਹਨ। ਇਸੇ ਪਾਸੇ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਸ ਵਿਭਾਗ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ। ਜਾਣਕਾਰੀ ਅਨੁਸਾਰ ਸਿਵਲ ਸਪਲਾਈ ਵਿਭਾਗ ਅਤੇ ਹੋਰ ਰੋਜ਼ਾਨਾ ਜ਼ਰੂਰੀ ਵਸਤੂਆਂ ਵਰਤਣ ਵਾਲੇ ਸਾਮਾਨ ਤੇ ਨਜ਼ਰ ਰੱਖਣ ਵਾਲੇ ਵਿਭਾਗ ਵੀ ਸੱਤੇ ਤੇ ਹਨ। ਗੁਰਦਾਸਪੁਰ ਸ਼ਹਿਰ ਵਿੱਚ ਅਤੇ ਆਸ ਪਾਸ ਤੇ ਇਲਾਕੇ ਵਿੱਚ ਸਭ ਤੋਂ ਜ਼ਿਆਦਾ ਵਿਅਸਤ ਸੜਕ ਲਾਇਬ੍ਰੇਰੀ ਰੋਡ ਤੋਂ ਹਨੂੰਮਾਨ ਚੌਕ ਤੱਕ ਘਰੇਲੂ ਗੈਸ ਸਿਲੰਡਰਾਂ ਦੀ ਦੁਰਵਰਤੋਂ ਰੇਹੜੀ ਫੜੀ ਵਾਲਿਆਂ ਵੱਲੋਂ ਬੇਖੌਫ ਬਿਨਾਂ ਕਿਸੇ ਡਰ ਤੋਂ ਕੀਤੀ ਜਾ ਰਹੀ ਹੈ ਹੈ। ਲੋਕਾਂ ਦਾ ਕਹਿਣਾ ਹੈ ਕਿ ਸੰਬੰਧਤ ਵਿਭਾਗ ਵੱਲੋਂ ਘਰੇਲੂ ਗੈਸ ਦੀ ਵਰਤੋਂ ਨੂੰ ਰੋਕਣ ਲਈ ਇਨ੍ਹਾਂ ਰੇਹੜੀ ਵਾਲਿਆਂ ਖਿਲਾਫ ਕਦੇ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਵਿਭਾਗ ਨੂੰ ਚਾਹੀਦਾ ਹੈ ਕਿ ਘਰੇਲੂ ਗੈਸ ਸਿਲੰਡਰ ਵਰਤਣ ਵਾਲੇ ਰੇਹੜੀ ਫੜ੍ਹੀ ਵਾਲਿਆਂ 'ਤੇ ਨਕੇਲ ਕੱਸੀ ਜਾਵੇ ਤਾਂ ਜੋ ਸਰਕਾਰ ਨੂੰ ਲੱਖਾਂ ਰੁਪਏ ਦੇ ਲੱਗ ਰਹੇ ਚੂਨੇ ਤੋਂ ਬਚਾਅ ਹੋ ਸਕੇ।



# ਸੰਘੀ ਏਜੰਡਾ

*ਕਾਂਵੜ ਯਾਤਰਾ ਕਾਰਨ ਯੂ ਪੀ ਦੇ ਮੁਜ਼ੱਫਰਨਗਰ ਜ਼ਿਲ੍ਹਾ ਪ੍ਰਸ਼ਾਸਨ ਨੇ 3 ਤੋਂ 10 ਅਗਸਤ ਅਤੇ ਮੇਰਠ ਜ਼ਿਲ੍ਹਾ ਪ੍ਰਸ਼ਾਸਨ ਨੇ 3 ਤੋਂ 12 ਅਗਸਤ ਤੱਕ ਲਈ ਸਾਰੇ ਸਕੂਲ, ਕਾਲਜ ਅਤੇ ਮਦਰੱਸੇ ਬੰਦ ਕਰ ਦਿੱਤੇ ਹਨ। ਇਹ ਕਦਮ ਇਸ ਲਈ ਚੁੱਕਿਆ ਹੈ ਕਿ ਨਾ ਬੱਚਿਆਂ ਨੂੰ ਤੇ ਨਾ ਹੀ ਕਾਂਵੜ ਯਾਤਰੀਆਂ ਨੂੰ ਰੁਕਾਵਟ ਪੇਸ਼ ਆਵੇ। ਕਿਤੇ ਇਹ ਤਾਂ ਨਹੀਂ ਕਿ ਸਕੂਲ ਅਤੇ ਕਾਲਜ ਇਸ ਕਰਕੇ ਬੰਦ ਕੀਤੇ ਗਏ ਹਨ ਕਿ ਪ੍ਰਸ਼ਾਸਨ ਅਸਿੱਧੇ ਤੌਰ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕਾਂਵੜ ਯਾਤਰਾ ਵਿੱਚ ਹਿੱਸਾ ਲੈਣ ਲਈ ਉਤਸ਼ਾਹਤ ਕਰ ਰਿਹਾ ਹੈ?*

*ਇਹ ਸਵਾਲ ਥੋੜ੍ਹਾ ਜਿਹਾ ਅਜੀਬ ਲੱਗੇਗਾ, ਪਰ ਇਸ ਦਾ ਇੱਕ ਆਧਾਰ ਜ਼ਰੂਰ ਹੈ। ਸਿਰਫ ਚਾਰ ਸਾਲ ਪਹਿਲਾਂ, ਯੂ ਪੀ ਦੇ ਲਖੀਮਪੁਰ ਖੇੜੀ ਵਿੱਚ ਸਾਵਣ ਮਹੀਨੇ ਦੇ ਹਰ ਸੋਮਵਾਰ ਨੂੰ ਸਕੂਲ ਬੰਦ ਹੁੰਦੇ ਸਨ। ਇਸ ਤੋਂ ਇਲਾਵਾ ਅਧਿਆਪਕਾਂ ਨੂੰ ਸ਼ਰਧਾਲੂਆਂ ਦੀ ਸੇਵਾ ਕਰਨ ਲਈ ਕਿਹਾ ਜਾਂਦਾ ਸੀ। ਜਦੋਂ ਹੰਗਾਮਾ ਹੋਇਆ ਤਾਂ ਕਿਹਾ ਗਿਆ ਕਿ ਇਹ ਸਵੈਇੱਛਤ ਹੈ। ਹਾਲਾਂਕਿ ਉਨ੍ਹਾਂ ਅਧਿਆਪਕਾਂ ਦੀ ਇੱਕ ਸੂਚੀ ਵੀ ਜਾਰੀ ਕੀਤੀ ਗਈ ਸੀ, ਜਿਨ੍ਹਾਂ ਨੇ ਇਹ ਸੇਵਾ ਕੀਤੀ ਸੀ। ਇਸ ਤੋਂ ਸਪੱਸ਼ਟ ਸੀ ਕਿ ਜਿਨ੍ਹਾਂ ਨੇ ਹਿੱਸਾ ਨਹੀਂ ਸੀ ਲਿਆ, ਉਨ੍ਹਾਂ ਦੇ ਨਾਂਅ ਵੀ ਨੋਟ ਕੀਤੇ ਗਏ ਸਨ।*

*ਪਿਛਲੇ ਸਾਲਾਂ ਵਿੱਚ ਮੇਰਠ, ਬਦਾਯੂੰ, ਗਾਜ਼ੀਆਬਾਦ, ਮੁਜ਼ੱਫਰਨਗਰ, ਬਰੇਲੀ, ਹਰਿਦੁਆਰ ਅਤੇ ਹਾਪੁੜ ਵਿੱਚ ਕਾਂਵੜ ਯਾਤਰਾ ਦੌਰਾਨ ਸਕੂਲ ਇੱਕ ਹਫਤੇ ਲਈ ਬੰਦ ਰੱਖੇ ਜਾਂਦੇ ਸਨ। ਇੱਕ ਅਜਿਹੇ ਦੇਸ਼ ਵਿੱਚ, ਜਿੱਥੇ ਸੜਕ 'ਤੇ ਸ਼ੁੱਕਰਵਾਰ ਦੀ ਨਮਾਜ਼ ਪੜ੍ਹਨ ਨਾਲ ਬਹੁਤ ਹੰਗਾਮਾ ਹੁੰਦਾ ਹੈ, ਕਿਉਂਕਿ ਅੱਧਾ ਘੰਟਾ ਵੀ ਆਵਾਜਾਈ ਦੇਸ਼ ਦੀ ਤਰੱਕੀ ਨੂੰ ਰੋਕਦੀ ਹੈ, ਉੱਥੇ ਕਾਂਵੜੀਆਂ ਕਾਰਨ ਸਕੂਲ ਅਤੇ ਕਾਲਜ ਇੱਕ ਹਫਤੇ ਲਈ ਬੰਦ ਰਹਿਣ ਦੀ ਖਬਰ 'ਤੇ ਚੂੰ ਤੱਕ ਵੀ ਨਹੀਂ ਹੁੰਦੀ। ਸਪੱਸ਼ਟ ਹੈ ਕਿ ਸਿੱਖਿਆ ਹੁਣ ਸਮਾਜ ਦੀ ਤਰਜੀਹੀ ਸੂਚੀ ਵਿੱਚੋਂ ਹੇਠਾਂ ਖਿਸਕ ਰਹੀ ਹੈ। ਕੀ ਸਕੂਲ ਅਤੇ ਕਾਲਜ ਹੁਣ ਸਿੱਖਿਆ ਲਈ ਅਪ੍ਰਸੰਗਕ ਹੋ ਗਏ ਹਨ?*

*ਆਰ ਐੱਸ ਐੱਸ (ਰਾਸ਼ਟਰੀ ਸਵੈਮ ਸੇਵਕ ਸੰਘ) ਸਕੂਲ ਅਤੇ ਕਾਲਜ ਬੰਦ ਕਰਨ ਦੀ ਮੰਗ ਨਹੀਂ ਕਰ ਰਿਹਾ। ਇਸ ਲਈ, ਇਸ 'ਤੇ ਦੋਸ਼ ਲਗਾਉਣਾ ਕਾਨੂੰਨ ਦੇ ਤਹਿਤ ਗੈਰ-ਕਾਨੂੰਨੀ ਮੰਨਿਆ ਜਾਵੇਗਾ। ਉਂਜ ਹੀ ਜਿਵੇਂ ਬਾਬਰੀ ਮਸਜਿਦ ਢਾਹੁਣ ਜਾਂ ਗਾਂਧੀ ਦੀ ਹੱਤਿਆ ਦਾ ਦੋਸ਼ ਲਾਉਣ 'ਤੇ ਇਸ ਦੇ ਮੈਂਬਰ ਅਦਾਲਤ ਜਾਣ ਦੀ ਧਮਕੀ ਦੇਣ ਲੱਗਦੇ ਹਨ, ਪਰ ਕੀ ਇਸ ਗੱਲ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਯੂ ਪੀ ਤੇ ਉੱਤਰਾਖੰਡ ਵਿੱਚ ਆਰ ਐੱਸ ਐੱਸ ਦੀ ਸੰਸਦੀ ਪਾਰਟੀ ਦੀ ਹੀ ਸਰਕਾਰ ਹੈ? ਸ਼ਾਸਕੀ ਨੈਤਿਕਤਾ ਹੁਣ ਸੰਵਿਧਾਨਕ ਨਹੀਂ, ਸਗੋਂ ਆਰ ਐੱਸ ਐੱਸ ਦੀ ਨੈਤਿਕਤਾ ਹੈ। ਉਸੇ ਮੁਤਾਬਕ ਸਾਰੇ ਪ੍ਰਸ਼ਾਸਕੀ ਫੈਸਲੇ ਲਏ ਜਾਂਦੇ ਹਨ।*

*ਅੱਜ ਲੱਗਭੱਗ ਸਾਰੇ ਵਿੱਦਿਅਕ ਅਦਾਰਿਆਂ 'ਤੇ ਆਰ ਐੱਸ ਐੱਸ ਦਾ ਕਬਜ਼ਾ ਹੈ। ਉਸ ਦੇ ਕੰਟਰੋਲ ਵਾਲੇ ਇਨ੍ਹਾਂ ਅਦਾਰਿਆਂ ਵਿੱਚ ਵਿਦਿਆਰਥੀ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਦੀ ਆਗਿਆ ਨਹੀਂ ਹੈ। ਇਹ ਧਰਮ ਹੈ-ਸਵਾਲ ਕਰਨ ਦੀ ਆਜ਼ਾਦੀ, ਆਪਣਾ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਤੇ ਆਪਣੇ ਸ਼ੌਕ ਮੁਤਾਬਕ ਕੰਮ ਕਰਨ ਦੀ ਆਜ਼ਾਦੀ। ਪਿਛਲੇ 12 ਸਾਲਾਂ ਵਿੱਚ ਹੌਲੀ-ਹੌਲੀ ਸਾਰੀਆਂ ਕੇਂਦਰੀ ਯੂਨੀਵਰਸਿਟੀਆਂ ਤੇ ਖੋਜ ਅਦਾਰਿਆਂ ਵਿੱਚ ਅਜਿਹੇ ਵਾਈਸ ਚਾਂਸਲਰ ਤੇ ਡਾਇਰੈਕਟਰ ਫਿੱਟ ਕਰ ਦਿੱਤੇ ਗਏ ਹਨ, ਜਿਹੜੇ ਜਾਂ ਤਾਂ ਆਰ ਐੱਸ ਐੱਸ ਦੀ ਵਿਚਾਰਧਾਰਾ ਵਾਲੇ ਹਨ ਜਾਂ ਉਸ ਦੇ ਜੀ ਹਜ਼ੂਰੀਏ ਹਨ। ਹੌਲੀ-ਹੌਲੀ ਵਿੱਦਿਅਕ ਅਦਾਰੇ ਆਰ ਐੱਸ ਐੱਸ ਵੱਲੋਂ ਸੰਚਾਲਤ ਸਰਸਵਤੀ ਸ਼ਿਸ਼ੂ ਮੰਦਰਾਂ ਦੇ ਸੰਸਕਰਣ ਬਣਦੇ ਜਾ ਰਹੇ ਹਨ। ਸ਼ਿਸ਼ੂ ਮੰਦਰਾਂ ਵਿੱਚ ਬਾਲ ਮਨਾਂ ਨੂੰ ਹਿੰਦੂਤਵਵਾਦੀ ਸਾਂਚੇ ਵਿੱਚ ਢਾਲਿਆ ਜਾਂਦਾ ਹੈ। ਇਸ ਤਰ੍ਹਾਂ ਉਹ ਆਜ਼ਾਦ ਤੌਰ 'ਤੇ ਸੋਚਣ ਦੀ ਸਮਰੱਥਾ ਗੁਆ ਬੈਠਦੇ ਹਨ। ਉਨ੍ਹਾਂ ਦੇ ਦਿਮਾਗ ਪਿਲਪਿਲੇ ਹੋ ਜਾਂਦੇ ਹਨ। ਜਿਨ੍ਹਾਂ ਨੂੰ ਇਸ ਜਾਲ ਵਿੱਚੋਂ ਨਿਕਲਣ ਦਾ ਮੌਕਾ ਮਿਲਦਾ ਹੈ, ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਏਨੇ ਸਾਲ ਉਨ੍ਹਾਂ ਨਾਲ ਧੋਖਾ ਕੀਤਾ ਗਿਆ। ਉਹ ਸਹੀ ਮਾਅਨਿਆਂ ਵਿੱਚ ਸਿੱਖਿਆ ਪ੍ਰਾਪਤ ਨਹੀਂ ਸਨ ਕਰ ਰਹੇ। ਉਨ੍ਹਾਂ ਨੂੰ ਨਫਰਤ ਦੇ ਹਿੰਦੂਤਵਵਾਦੀ ਵਿਚਾਰ ਦੇ ਟੀਕੇ ਲਾਏ ਜਾਂਦੇ ਰਹੇ।*

*ਪਿਛਲੇ ਦਿਨੀਂ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਆਰ ਐੱਸ ਐੱਸ ਨੌਜਵਾਨਾਂ ਨੂੰ ਵਿਦਿਆਰਥੀ ਨਹੀਂ ਬਣਨ ਦੇ ਰਿਹਾ। ਇਸ ਬਿਆਨ ਨੂੰ ਅਖਬਾਰਾਂ ਨੇ ਖਾਸ ਥਾਂ ਨਹੀਂ ਦਿੱਤੀ। ਲੋਕਾਂ ਨੇ ਆਮ ਕਰਕੇ ਇਸ ਨੂੰ ਅਣਸੁਣਿਆ ਕਰ ਦਿੱਤਾ, ਕਿਉਂਕਿ ਉਹ ਇਸ ਦੀ ਸੱਚਾਈ ਤੇ ਮਹੱਤਵ ਨੂੰ ਨਹੀਂ ਸਮਝ ਸਕੇ। ਕਾਂਵੜ ਯਾਤਰਾ ਦੌਰਾਨ ਸਕੂਲ-ਕਾਲਜ ਬੰਦ ਕਰਨ ਨਾਲ ਸ਼ਾਇਦ ਲੋਕਾਂ ਨੂੰ ਸਮਝ ਆ ਜਾਵੇ ਕਿ ਆਰ ਐੱਸ ਐੱਸ ਦੀ ਵਿਚਾਰਧਾਰਾ ਲਾਗੂ ਕਰਨ ਵਾਲੀਆਂ ਯੂ ਪੀ ਤੇ ਉੱਤਰਾਖੰਡ ਦੀਆਂ ਸਰਕਾਰਾਂ ਬੱਚਿਆਂ ਨੂੰ ਛੁੱਟੀਆਂ ਕਿਉਂ ਦਿੰਦੀਆਂ ਹਨ।*

## ਕਾਂਗਰਸ ਦਾ ਕਲੇਸ਼

ਪੰਜੇ ਵਾਲੇ ਪਾਰਟੀ 'ਚ ਬੈਠੇ ਨੇ ਮਚਾਈ ਯੁੱਧ,
ਧੜਿਆਂ ਦੇ ਵਿੱਚ ਕਰੀ ਜਾਂਦੇ ਨੇ ਸਟਿੰਗ ਜੀ।
ਹੁਣੇ ਅੱਖ ਰੱਖੀ ਬੈਠੇ ਸੀ ਐੱਮ ਦੇ ਅਹੁਦੇ 'ਤੇ,
ਇੱਕ-ਦੂਜੇ ਦੀ ਹੀ ਵੱਖੀ ਮਾਰਦੇ ਐ ਸਿੰਗ ਜੀ।
ਚੰਨੀ ਕਿਆਂ ਦਾ ਵੀ ਚੰਨ ਚੜ੍ਹਦਾ ਨਾ ਜਾਪਦਾ ਏ,
ਹਾਈਕਮਾਂਡ ਅੱਗੇ ਜਾ ਕੇ ਦੇਖਿਆ ਅੜਿੰਗ ਜੀ।
ਚਾਹੁੰਦਾ ਏ ਰਾਹੁਲ ਸਿੱਧੀ ਕਰ ਦੇਵਾਂ ਪਾਰਟੀ ਨੂੰ,
ਕੱਢਣੇ ਉਹ ਚਾਹੁੰਦਾ ਪਏ ਹੋਏ 'ਵਲ-ਵਿੰਗ' ਜੀ।
ਮੰਗਦਾ ਵਿਰੋਧੀ ਧੜਾ ਜਦੋਂ ਅਸਤੀਫਾ ਉਹਤੋਂ,
ਮੱਥੇ ਤਿਊੜੀ ਪਾਵੇ ਬਹੁਤ ਲੱਗਦਾ ਤੜਿੰਗ ਜੀ।
ਬੈਠ ਕੇ 'ਬਘੇਲ' ਲਾਗੇ 'ਸ਼ੇਰ' ਬਣ ਬੋਲਦਾ ਏ,
ਰਹਿਣਾ ਭਰਦਾਨ ਮੈਂ ਹੀ ਆਖਦਾ ਵੜਿੰਗ ਜੀ,

-ਤਰਲੋਚਨ ਸਿੰਘ ਦੁਪਾਲਪੁਰ, 001-408-905-5517

# ਭਾਰਤ ਨੂੰ ਆਪਣਾ ਸੈਨਿਕ ਖਰਚ ਘਟਾਉਣਾ ਚਾਹੀਦੈ

ਡਾ. ਅਨੂਪ ਸਿੰਘ

ਦੇਸ਼ ਨੂੰ ਆਤਮ ਨਿਰਭਰ ਬਣਾਉਣ ਦੀਆਂ ਗੱਲਾਂ ਬੀਤੇ ਸਾਢੇ ਤਿੰਨ ਦਹਾਕਿਆਂ ਤੋਂ ਚਰਚਾ ਵਿਚ ਹਨ । ਗਾਹੇ-ਬਗਾਹੇ ਇਨ੍ਹਾਂ 'ਚ ਗੰਭੀਰਤਾ ਵੀ ਪ੍ਰਤੀਤ ਹੁੰਦੀ ਹੈ, ਪਰ ਅਮਲ 'ਚ ਠੋਸ ਕੁਝ ਵੀ ਨਹੀਂ ਹੁੰਦਾ । ਪ੍ਰਾਜੈਕਟਾਂ ਤੇ ਯੋਜਨਾਵਾਂ ਦੇ ਅਮਲ ਵਿਚ 'ਚ ਬੇਤਹਾਸ਼ਾ ਦੇਰੀ ਅਤੇ ਗਲ-ਗਲ ਤੱਕ ਧਸਿਆ ਭ੍ਰਿਸ਼ਟਾਚਾਰ ਖੋਤੀ ਨੂੰ ਘੜੀ-ਮੁੜੀ ਬੋਹੜ ਥੱਲੇ ਲੈ ਆਉਂਦਾ ਹੈ । ਹਾਕਮਾਂ ਦੀ ਬਦਨੀਅਤੀ ਤੇ ਬੇਈਮਾਨੀ ਦਾ ਆਲਮ ਇਹ ਹੈ ਕਿ ਖੇਤੀ ਪ੍ਰਧਾਨ ਦੇਸ਼ ਅੱਜ ਵੀ ਰਸੋਈ 'ਚ ਵਰਤੀਆਂ ਜਾਣ ਵਾਲੀਆਂ ਦਾਲਾਂ ਤੇ ਖਾਣਾ ਬਣਾਉਣ ਵਾਲੇ ਤੇਲਾਂ 'ਚ ਆਤਮ ਨਿਰਭਰ ਨਹੀਂ ਹੋ ਸਕਿਆ । ਆਉ ਆਤਮ ਨਿਰਭਰਤਾ ਨੂੰ ਥੋੜ੍ਹਾ ਵਿਸਥਾਰ 'ਚ ਵੇਖੀਏ-ਪਰਖੀਏ :

ਭਾਰਤ ਆਪਣੀ ਲੋੜ ਦੇ ਦੁਰਲੱਭ ਖਣਿਜਾਂ ਦਾ 90 ਫੀਸਦੀ ਚੀਨ ਤੋਂ ਮੰਗਵਾਉਂਦਾ ਹੈ । ਇਹ ਉਹ ਜ਼ਰੂਰੀ ਸਮੱਗਰੀ ਹੈ, ਜਿਹੜੀ ਲੜਾਕੂ ਜਹਾਜ਼ਾਂ, ਮਿਜ਼ਾਈਲਾਂ, ਰਾਡਾਰ ਪ੍ਰਣਾਲੀਆਂ, ਸਮਾਰਟ ਫ਼ੋਨਾਂ ਤੇ ਇਲੈਕਟਰਾਨਿਕ ਵਾਹਨਾਂ ਦੀਆਂ ਬੈਟਰੀਆਂ ਤੇ ਪੌਣ ਟਰਬਾਈਨਾਂ ਲਈ ਲੋੜੀਂਦੀ ਹੈ,ਪਰ ਕੇਰਲਾ, ਤਾਮਿਲਨਾਡੂ, ਉਡੀਸ਼ਾ, ਆਂਧਰਾ ਪ੍ਰਦੇਸ਼ ਤੇ ਰਾਜਸਥਾਨ ਦੇ ਤੱਟਾਂ 'ਤੇ ਨਿਊਡੀਮੀਅਮ , ਸਮੈਰੀਅਮ, ਲੈਥੇਨਮ ਅਤੇ ਆਕਸਾਈਡ ਵਾਲੇ ਮੋਨੋਜਾਈਟ ਦੇ ਵੱਡੇ ਭੰਡਾਰਾਂ ਨੂੰ ਕੱਢਣ ਤੇ ਸੋਧਣ ਦਾ ਕੰਮ ਅੱਜ ਤੱਕ ਸ਼ੁਰੂ ਨਹੀਂ ਕੀਤਾ ਗਿਆ। ਸੋ ਸਿੱਟੇ ਵਜੋਂ ਭਾਰਤ ਨੇ ਆਪਣੇ ਦੁਰਲੱਭ ਧਰਤੀ ਖਣਿਜਾਂ ਦਾ ਕੇਵਲ 1 ਫੀਸਦੀ ਹੀ ਵਰਤਿਆ ਹੈ । ਸਰਕਾਰ ਨੇ ਇਨ੍ਹਾਂ ਖਣਿਜਾਂ ਦੀ ਰਣਨੀਤਕ ਮਹੱਤਤਾ ਨੂੰ ਵੇਖਦਿਆਂ 2026-27 ਦੇ ਬਜਟ ਵਿਚ ਚਾਰ ਖਣਿਜ-ਭਰਪੂਰ ਤਟਵਰਤੀ ਸੂਬਿਆਂ 'ਚ ਦਸ ਹਜ਼ਾਰ ਕਰੋੜ ਰੁਪਏ ਦੇ ਦੁਰਲੱਭ ਖਣਿਜਾ ਕੋਰੀਡੋਰ ਦਾ ਐਲਾਨ ਕੀਤਾ ਹੈ। ਭਾਵ ਸਾਡੇ ਦੇਸ਼ ਨੇ ਚੀਨ 'ਤੇ ਆਪਣੀ ਨਿਰਭਰਤਾ ਘਟਾਉਣ ਲਈ ਅਮਰੀਕਾ, ਜਾਪਾਨ ਤੇ ਆਸਟਰੇਲੀਆ ਦੇ ਨਾਲ 'ਕੁਆਡ' ਦੀ ਪਹਿਲਕਦਮੀ 'ਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ । ਅਜਿਹਾ ਇਸ ਲਈ ਜ਼ਰੂਰੀ ਸੀ, ਕਿਉਂਕਿ 12 ਮਈ 2020 ਨੂੰ ਆਤਮ ਨਿਰਭਰ ਭਾਰਤ ਮਿਸ਼ਨ ਦੀ ਸ਼ੁਰੂਆਤ ਦੇ ਛੇ ਸਾਲ ਬਾਅਦ ਵੀ ਚੀਨ ਨਾਲ ਭਾਰਤ ਦਾ ਵਪਾਰ ਘਾਟਾ ਲਗਾਤਾਰ ਵਧਦਾ ਜਾ ਰਿਹਾ ਹੈ । ਇਹ ਘਾਟਾ 2020-21 ਵਿਚ 64.7 ਅਰਬ ਡਾਲਰ ਸੀ, ਜੋ 2025-26 ਵਿਚ ਵਧ ਕੇ 112.16 ਅਰਬ ਡਾਲਰ ਹੋ ਗਿਆ ।

ਵਰਤਮਾਨ ਸਥਿਤੀ ਕੀ ਹੈ ? ਦੇਸ਼ ਦੀਆਂ ਉਤਪਾਦਨ ਨਾਲ ਜੁੜੇ ਪ੍ਰੋਤਸਾਹਨਾਂ/ਪ੍ਰੇਰਕਾਂ ਨਾਲ ਸੰਬੰਧਤ ਫੈਕਟਰੀਆਂ 'ਚ ਜੋੜੇ ਜਾਂਦੇ ਫ਼ੋਨ ਚੀਨੀ ਏਕੀਕ੍ਰਿਤ ਸਰਕਟਾਂ 'ਤੇ ਚੱਲਦੇ ਹਨ । (2) ਭਾਰਤ ਜੋ ਦਵਾਈਆਂ ਦੁਨੀਆਂ ਭਰ ਵਿਚ ਬਰਾਮਦ ਕਰਦਾ ਹੈ, ਉਹ ਚੀਨੀ ਸਰਗਰਮ ਫਾਰਮਾਸਿਊਟੀਕਲ ਸਮੱਗਰੀ (ਅਫੀ) ਤੋਂ ਬਣਦੀਆਂ ਹਨ । (3) ਸਾਡੇ ਨਵੇਂ ਪਲਾਂਟਾਂ ਵਿਚ ਸੈਮੀ ਕੰਡਕਟਰ ਬਣਾਉਣ ਵਾਲੀਆਂ 99.5 ਫੀਸਦੀ ਮਸ਼ੀਨਾਂ ਚੀਨ ਤੋਂ ਆਉਂਦੀਆਂ ਹਨ । ਇਸ ਤਰ੍ਹਾਂ ਅਸੀਂ 'ਮੇਡ ਇਨ ਇੰਡੀਆ' ਦੇ ਲਬਾਦੇ ਹੇਠ ਉਹ ਚੀਜ਼ਾਂ ਬਣਾ ਰਹੇ ਹਨ, ਜਿਨ੍ਹਾਂ ਦਾ ਕੱਚਾ ਮਾਲ 'ਮੇਡ ਇਨ ਚਾਇਨਾ' ਹੈ । ਸਾਡੇ ਦੇਸ਼ ਨੇ ਚੀਨ ਦੇ ਸ਼ੁਰੂਆਤੀ ਮਾਡਲ ਅਸੈਂਬਲਿੰਗ ਦੀ ਨਕਲ ਤਾਂ ਕਰ ਲਈ ਹੈ, ਪਰ ਉਸ ਦੇ ਡੂੰਘੇ ਪੜਾਅ (ਸਪਲਾਈ ਚੇਨ ਦੀ ਮਾਲਕੀ) ਨੂੰ ਲਾਗੂ ਨਹੀਂ ਕੀਤਾ। ਨਿਰਭਰ ਅਤੇ ਹਕੀਕੀ ਤੌਰ 'ਤੇ ਆਤਮ ਨਿਰਭਰ ਹੋਣ ਵਿਚ ਇਹੀ ਫਰਕ ਹੈ ।

ਸਿੱਟੇ ਵਜੋਂ ਅਸੀਂ ਤਿੰਨ ਪ੍ਰਮੁੱਖ ਖੇਤਰਾਂ ਵਿਚ ਅੱਜ ਤੱਕ ਸਵੈ-ਨਿਰਭਰ ਨਹੀਂ ਬਣ ਸਕੇ । (ੳ) ਊਰਜਾ (ਅ) ਖਾਣਾ ਬਣਾਉਣ ਵਾਲੇ ਤੇਲ ਤੇ ਦਾਲਾਂ (ੲ) ਰਸਾਇਣਿਕ ਖਾਦਾਂ। ਆਉ, ਥੋੜ੍ਹਾ ਵਿਸਥਾਰ 'ਚ ਵੇਖੀਏ : ਭਾਰਤ ਆਪਣੀਆਂ ਊਰਜਾ ਲੋੜਾਂ ਦਾ 87.7 ਫੀਸਦੀ ਬਾਹਰੋਂ ਮੰਗਵਾਉਂਦਾ ਹੈ । ਸਾਡੀ ਕੱਚੇ ਤੇਲ ਦੀ ਦਰਾਮਦ 'ਚ ਰੂਸ ਦਾ ਹਿੱਸਾ 2021 ਵਿਚ 2 ਫੀਸਦੀ ਸੀ ਜੋ 2024 ਤੱਕ ਵਧ ਕੇ 35 ਫੀਸਦੀ ਹੋਣ ਨਾਲ ਦਰਾਮਦ ਦੀ ਕੀਮਤ 1.1 ਅਰਬ ਡਾਲਰ ਤੋਂ ਵਧ ਕੇ 50.2 ਅਰਬ ਡਾਲਰ ਤੱਕ ਪਹੁੰਚ ਗਈ ਹੈ । ਸਾਡੀ ਰਸੋਈ ਗੈਸ ਅਤੇ ਐੱਲ ਐੱਨ ਜੀ ਦਰਾਮਦ ਦਾ 50 ਫੀਸਦੀ ਤੋਂ ਵੱਧ ਹੋਰਮੁਜ਼ ਦੀ ਖਾੜੀ ਰਾਹੀਂ ਆਉਂਦਾ ਹੈ, ਜਿਥੇ ਮਾਰਚ ਤੋਂ ਜੁਲਾਈ 2026 ਤੱਕ ਯੁੱਧ ਕਾਰਨ ਸਪਲਾਈ ਚੇਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ । ਸਿੱਟੇ ਵਜੋਂ ਐੱਲ ਪੀ ਜੀ ਦੇ ਬਿੱਲ 'ਚ ਵੱਡਾ ਵਾਧਾ ਹੋਣ ਕਾਰਨ ਹਰ ਭਾਰਤੀ ਘਰ-ਪਰਿਵਾਰ ਪ੍ਰਭਾਵਿਤ ਹੋਇਆ ਹੈ । ਕੀਮਤਾਂ ਵਧੀਆ ਅਤੇ ਸਪਲਾਈ ਘਟੀ । ਭਾਰਤ ਆਪਣੀਆਂ ਖਾਣ ਵਾਲੇ ਤੇਲ ਦੀਆਂ ਲੋੜਾਂ ਦਾ 55 ਫੀਸਦੀ ਦੇ ਲਗਭਗ ਦਰਾਮਦ ਕਰਦਾ ਹੈ । ਸਾਡਾ ਦੇਸ਼ ਸਾਲਾਨਾ 1.61 ਲੱਖ ਕਰੋੜ ਦਾ ਪਾਮ ਆਇਲ ਇੰਡੋਨੇਸ਼ੀਆ ਤੇ ਮਲੇਸ਼ੀਆ ਤੋਂ ਅਤੇ ਸੂਰਜਮੁਖੀ ਦਾ ਤੇਲ ਯੂਕਰੇਨ ਤੇ ਰੂਸ ਤੋਂ ਆਉਂਦਾ ਹੈ । ਸੋਇਆਬੀਨ ਦਾ ਤੇਲ ਅਸੀਂ ਦੱਖਣੀ ਅਮਰੀਕਾ ਤੋਂ ਮੰਗਵਾਉਂਦੇ ਹਾਂ । ਸਾਲ 2022 ਵਿਚ ਰੂਸ-ਯੂਕਰੇਨ ਜੰਗ ਸ਼ੁਰੂ ਹੋਣ ਬਾਅਦ ਸੂਰਜਮੁਖੀ ਤੇਲ ਦੀਆਂ ਕੀਮਤਾਂ 60 ਫੀਸਦੀ ਵਧ ਗਈਆਂ ਹਨ ।

ਭਾਰਤ ਦੀਆਂ ਕਈ ਅਹਿਮ ਖਾਦ ਸ਼੍ਰੇਣੀਆਂ ਦੀਆਂ 80 ਤੋਂ 90 ਫੀਸਦੀ ਖਾਦਾਂ ਰੂਸ ਪੂਰੀਆਂ ਕਰਦਾ ਹੈ, ਜਿੱਥੇ ਅਮਰੀਕਨ ਪਾਬੰਦੀਆਂ ਜਾਂ ਹੋਰ ਰੁਕਾਵਟਾਂ ਕਾਰਨ ਸਾਡੀ ਖੇਤੀ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਹੈ । ਇਜ਼ਰਾਈਲ ਤੇ ਅਮਰੀਕਾ ਵੱਲੋਂ ਈਰਾਨ 'ਤੇ ਹਮਲੇ ਬਾਅਦ ਯੂਰੀਆ ਦੀਆਂ ਕੀਮਤਾਂ 55 ਫੀਸਦੀ ਵਧ ਗਈਆਂ ਹਨ। ਇਹ ਆਮ ਹੀ ਕਿਹਾ ਜਾਂਦਾ ਹੈ ਕਿ ਭਾਰਤ ਖੇਤੀ ਪ੍ਰਧਾਨ ਦੇਸ਼ ਹੈ ਅਤੇ ਇਹ ਹੈ ਵੀ । ਭਾਰਤ ਦੀ ਕਰੀਬ ਅੱਧੀ ਵਸੋਂ ਖੇਤੀ 'ਤੇ ਨਿਰਭਰ ਹੈ, ਪਰ ਰਸਾਇਣਿਕ ਖਾਦਾਂ ਅਸੀਂ ਵੱਡੀ ਪੱਧਰ 'ਤੇ ਦਰਾਮਦ ਕਰਦੇ ਹਾਂ ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਆਤਮ ਨਿਰਭਰਤਾ ਲਈ ਕੀ ਕੀਤਾ ਜਾਵੇ? ਭਾਰਤ ਪਾਸ 200 ਗੀਗਾਵਾਟ ਤੋਂ ਵੱਧ ਨਵਿਆਉਣਯੋਗ ਊਰਜਾ ਸਮਰੱਥਾ ਹੈ । ਭਾਰਤ ਸਰਕਾਰ ਨੇ 2035 ਤੱਕ 1000 ਗੀਗਾਵਾਟ ਦਾ ਟੀਚਾ ਰੱਖਿਆ ਹੈ । ਜੇਕਰ ਅਸੀਂ ਇਸ ਟੀਚੇ ਨੂੰ ਪ੍ਰਾਪਤ ਕਰ ਲੈਂਦੇ ਹਾਂ ਤਾਂ ਭਾਰਤ ਤੇਲ ਨਿਰਭਰਤਾ ਨੂੰ ਢਾਂਚਾਗਤ ਤੌਰ 'ਤੇ ਘਟਾ ਸਕਦਾ ਹੈ ।

ਇਸੇ ਤਰ੍ਹਾਂ ਇਲੈਕਟ੍ਰਾਨਿਕ ਕੰਪੋਨੈਂਟ ਮੈਨੂਫੈਕਚਰਿੰਗ, ਜਿਨ੍ਹਾਂ ਨੂੰ ਕਈ ਗੁਣਾਂ ਵੱਡਾ ਕਰਨ ਦੀ ਲੋੜ ਹੈ, ਜਿਸ ਵਿਚ ਤਕਨਾਲੋਜੀ ਤਬਾਦਲੇ ਦੀਆਂ ਸ਼ਰਤਾਂ ਬਾਅਦ ਵਿਚ ਜੋੜਨ ਦੀ ਥਾਂ ਪਹਿਲਾਂ ਤੋਂ ਲਾਗੂ ਹੋਣੀਆਂ ਚਾਹੀਦੀਆਂ ਹਨ । ਐਪਲ ਜਾਂ ਹੋਰ ਫ਼ੋਨ ਜਾਂ ਮਸ਼ੀਨਾਂ ਜੋੜਨਾ ਤਾਂ ਸ਼ੁਰੂਆਤ ਹੈ, ਅਸਲ ਮੰਜ਼ਲ ਤਾਂ ਉਨ੍ਹਾਂ 'ਚ ਲੱਗੀਆਂ ਚਿੱਪਾਂ ਦਾ ਨਿਰਮਾਣ ਕਰਨ ਦੀ ਹੈ । ਭੋਜਨ ਸੁਰੱਖਿਆ ਦੇ ਮਾਮਲੇ ਵਿਚ ਮਿਸ਼ਨ ਆਇਲਸੀਡਜ਼ ਤੇ ਦੇਸੀ ਖਾਦ ਉਤਪਾਦਨ ਨੂੰ ਰੱਖਿਆ ਪ੍ਰੋਗਰਾਮ ਵਾਂਗ ਅਪਣਾਉਣਾ ਹੋਵੇਗਾ । ਦਾਲਾਂ ਦੀ ਖੇਤੀ ਨੂੰ ਉਤਸ਼ਾਹਤ ਕਰਨ ਲਈ ਕਿਸਾਨਾਂ ਨੂੰ ਲਾਹੇਵੰਦ ਕੀਮਤਾਂ ਅਤੇ ਗਾਰੰਟੀਸ਼ੁਦਾ ਖਰੀਦ ਤੋਂ ਛੁੱਟ ਖੇਤੀ ਵਿਭਿੰਨਤਾ ਲਈ ਪ੍ਰੇਰਿਕ ਦੇਣੇ ਚਾਹੀਦੇ ਹਨ । ਖਾਦਾਂ ਅਤੇ ਖਾਣ ਵਾਲੇ ਤੇਲਾਂ ਦਾ ਇਕ ਸਾਲ ਦਾ ਭੰਡਾਰ ਦੇਸ਼ 'ਚ ਰਹਿਣਾ ਚਾਹੀਦਾ ਹੈ ।

ਸਭ ਤੋਂ ਜ਼ਰੂਰੀ ਹੈ ਕਿ ਭਾਰਤ ਨੂੰ ਖੋਜ ਤੇ ਵਿਕਾਸ ਉੱਪਰ ਖਰਚਾ ਹੁਣ ਨਾਲੋਂ 5 ਤੋਂ 10 ਗੁਣਾਂ ਵਧਾਉਣਾ ਚਾਹੀਦਾ ਹੈ । ਇਸ ਵੇਲੇ ਭਾਰਤ ਆਪਣੇ ਕੁੱਲ ਘਰੇਲੂ ਉਤਪਾਦਨ ਦਾ ਕੇਵਲ 0.64 ਫੀਸਦੀ ਖਰਚ ਕਰ ਰਿਹਾ ਹੈ । ਇਸ ਲਈ ਵਿਕਸਤ ਭਾਰਤ ਬਣਨ ਲਈ ਖੋਜ ਤੇ ਵਿਕਾਸ ਉੱਪਰ 3 ਤੋਂ 6 ਫੀਸਦੀ ਖਰਚਾ ਕਰਨਾ ਹੋਵੇਗਾ ।

ਆਤਮ-ਨਿਰਭਰਤਾ ਦੀ ਪਰਖ ਪੜਤਾਲ ਲਈ ਸੈਨਿਕ ਸਮਰੱਥਾ ਤੇ ਸਾਜ਼-ਸਮਾਨ ਦੀ ਦਰਾਮਦ ਨੂੰ ਵੇਖਣਾ-ਪਰਖਣਾ ਹੋਵੇਗਾ ।

ਸਵੀਡਨ ਆਧਾਰਿਤ ਸੰਸਥਾ 'ਸਿਪਰੀ' (ਸ਼ੀਫ੍ਰੀ) ਨੇ 10 ਮਾਰਚ 2024 ਨੂੰ ਆਪਣੀ ਸਾਲਾਨਾ ਰਿਪੋਰਟ ਜਾਰੀ ਕੀਤੀ । ਇਸ ਰਿਪੋਰਟ ਅਨੁਸਾਰ ਹੁਣ ਰੂਸ ਭਾਰਤ ਨੂੰ ਸਭ ਤੋਂ ਵੱਧ ਜੰਗੀ ਸਾਜ਼ੋ-ਸਮਾਨ ਤੇ ਹਥਿਆਰ ਬਰਾਮਦ ਨਹੀਂ ਕਰਦਾ, ਸਗੋਂ ਇਸ ਦੀ ਥਾਂ ਅਮਰੀਕਾ ਤੇ ਫਰਾਂਸ ਨੇ ਲੈ ਲਈ ਹੈ, ਪਰ ਅਜੇ ਵੀ 2019-2023 ਦਰਮਿਆਨ ਭਾਰਤ ਆਪਣੇ ਜੰਗੀ ਸਾਜ਼ੋ-ਸਮਾਨ ਤੇ ਹਥਿਆਰਾਂ ਦਾ 36 ਫੀਸਦੀ ਰੂਸ ਤੋਂ ਮੰਗਵਾਉਂਦਾ ਹੈ, ਜਦੋਂ ਕਿ 1991 ਤੋਂ ਪਹਿਲਾਂ (1960-64 ਤੋਂ 1991 ਤੱਕ) ਲਗਭਗ ਅੱਧਾ ਜੰਗੀ ਸਾਜ਼ੋ-ਸਮਾਨ ਤੇ ਹਥਿਆਰ ਰੂਸ ਤੋਂ ਦਰਾਮਦ ਕੀਤੇ ਜਾਂਦੇ ਸਨ । ਇਸ ਵੇਲੇ ਭਾਰਤ ਦੁਨੀਆਂ 'ਚ ਜੰਗੀ ਸਾਜ਼ੋ-ਸਮਾਨ ਤੇ ਹਥਿਆਰਾਂ ਦਾ ਸਭ ਤੋਂ ਵੱਡਾ ਦਰਾਮਦਕਾਰ ਹੈ । ਦੁਨੀਆਂ ਦੇ ਹਥਿਆਰਾਂ ਦੇ 2019-23 ਦੇ ਕੁੱਲ ਸੌਦਿਆਂ ਦਾ 9.8 ਫੀਸਦੀ ਭਾਰਤ ਨਾਲ ਹੋਇਆ ਹੈ ।

ਦੇਸ਼ ਭਗਤ ਰੱਖਿਆ ਮਾਹਰਾਂ ਅਨੁਸਾਰ ਭਾਰਤ ਨੂੰ ਜੰਗੀ ਸਾਜ਼ੋ-ਸਮਾਨ ਤੇ ਹਥਿਆਰ ਖਰੀਦਣ ਦੀ ਥਾਂ ਇਨ੍ਹਾਂ ਨੂੰ ਬਣਾਉਣ ਦੀ ਤਕਨੀਕ ਗ੍ਰਹਿਣ ਕਰਨੀ ਚਾਹੀਦੀ ਹੈ । ਇਸ ਮੰਤਵ ਲਈ ਖੋਜ ਤੇ ਵਿਕਾਸਉੱਪਰ ਖਰਚ ਹੁਣ ਨਾਲੋਂ 5 ਤੋਂ 10 ਗੁਣਾਂ ਵਧਾਉਣਾ ਹੋਵੇਗਾ ਅਤੇ ਤਕਨੀਕ ਵਿਕਾਸ ਉੱਪਰ ਬਜਟ ਵਿਵਸਥਾ ਵਧਾਉਣੀ ਹੋਵੇਗੀ । ਸਭ ਤੋਂ ਜ਼ਰੂਰੀ ਹੈ ਕਿ 'ਵਿਸ਼ਵ ਗੁਰੂ' ਬਣਨ ਜਾ ਰਹੇ ਭਾਰਤ ਨੂੰ ਆਪਣੇ ਗੁਆਂਢੀਆਂ ਨਾਲ ਸੰਬੰਧ ਸੁਧਾਰਨੇ ਚਾਹੀਦੇ ਹਨ । ਇਸ ਵੇਲੇ ਸਾਡੇ ਆਪਣੇ ਬਹੁਤੇ ਗੁਆਂਢੀਆਂ ਨਾਲ ਸੰਬੰਧ ਸੁਖਾਵੇਂ ਨਹੀਂ ਹਨ। ਸਿਆਣਿਆਂ ਦਾ ਕਥਨ ਹੈ ਕਿ ਤੁਸੀਂ ਆਪਣੇ ਦੋਸਤ ਬਦਲ ਸਕਦੇ ਹੋ, ਪਰ ਗੁਆਂਢੀ ਨਹੀਂ। 'ਗੁਆਂਢ ਵਿਗੁੱਤੇ ਹੋਣ ਨਾਲੋਂ ਕੁੜਮ ਵਿਗੁੱਤੇ ਹੋਣਾ ਚੰਗਾ ਹੈ ।"

ਭਾਰਤ-ਪਾਕਿ ਤਣਾਉ-ਟਕਰਾਉ ਦਾ ਸਭ ਤੋਂ ਵੱਧ ਸੇਕ ਪੰਜਾਬ ਅਤੇ ਜੰਮੂ-ਕਸ਼ਮੀਰ ਨੂੰ ਝੱਲਣਾ ਪੈਂਦਾ ਹੈ । ਚੀਨ ਨਾਲ ਵੱਖ-ਵੱਖ ਪੱਧਰਾਂ 'ਤੇ ਸਾਡਾ ਸੰਪਰਕ ਬਣਿਆ ਰਹਿੰਦਾ ਹੈ । ਇੱਥੋਂ ਤੱਕ ਕਿ ਸਾਡੇ ਪ੍ਰਧਾਨ ਮੰਤਰੀ 2025 ਵਿਚ ਚੀਨ ਵਿਚ ਇਕ ਅੰਤਰ-ਰਾਸ਼ਟਰੀ ਸੰਮੇਲਨ 'ਚ ਭਾਗ ਲੈ ਕੇ ਆਏ ਅਤੇ ਸਿਖ਼ਰ ਵਾਰਤਾ ਵੀ ਹੋਈ, ਪਰ ਪਾਕਿਸਤਾਨ ਨਾਲ ਸਾਡਾ ਕੋਈ ਕੂਟਨੀਤਕ, ਰਾਜਨੀਤਕ ਤੇ ਆਰਥਿਕ ਸੰਪਰਕ ਨਹੀਂ । ਦੂਜੇ ਪਾਸੇ ਭਾਰਤ ਸਰਕਾਰ ਸੈਨਿਕ ਹਥਿਆਰ ਤੇ ਹੋਰ ਸੰਬੰਧਤ ਸਾਜ਼ੋ-ਸਮਾਨ ਵੱਡੇ ਪੱਧਰ 'ਤੇ ਦਰਾਮਦ ਕਰ ਰਹੀ ਹੈ । ਭਾਰਤ 2017 ਤੋਂ ਲੈ ਕੇ 2021 ਤੱਕ ਦਾ ਸਭ ਤੋਂ ਵੱਡਾ ਦਰਾਮਦਕਾਰ ਬਣਿਆ ਰਿਹਾ ਹੈ ।

ਭਾਰਤ ਰੂਸ ਪਾਸੋਂ ਕੁੱਲ ਖਰੀਦੇ ਜਾਂਦੇ ਹਥਿਆਰਾਂ 'ਚੋਂ 45 ਫੀਸਦੀ, ਫਰਾਂਸ 'ਚੋਂ 29 ਫੀਸਦੀ ਅਤੇ ਅਮਰੀਕਾ ਤੋਂ 11 ਫੀਸਦੀ ਹਥਿਆਰ ਖਰੀਦਦਾ ਹੈ । ਹੁਣ ਭਾਰਤ ਲਈ ਨਵਾਂ ਵਿਕਰੇਤਾ ਇਜ਼ਰਾਈਲ ਹੈ । ਕੁਝ ਹਥਿਆਰ ਅਸੀਂ ਦੱਖਣੀ ਕੋਰੀਆ ਤੇ ਦੱਖਣੀ ਅਫ਼ਰੀਕਾ ਤੋਂ ਵੀ ਖਰੀਦਦੇ ਹਾਂ । ਰਿਪੋਰਟ ਦੋ ਪੰਜ-ਪੰਜ ਸਾਲਾਂ ਦੇ ਕਾਲ ਅੰਤਰਾਂ ਦਾ ਮੁਕਾਬਲਾ ਕਰਦੀ ਹੈ, ਭਾਵ 2013-17 ਅਤੇ 2018-22 ਅਤੇ ਸਿੱਟਾ ਕੱਢਦੀ ਹੈ ਕਿ ਰੂਸ ਤੋਂ ਹਥਿਆਰਾਂ ਦੀ ਦਰਾਮਦ ਘਟੀ ਹੈ । ਕਾਰਨ ਇਹ ਹੈ ਕਿ ਸਪਲਾਈ ਕਰਨ ਵਾਲੇ ਦੇਸ਼ਾਂ ਦਰਮਿਆਨ ਸਖ਼ਤ ਮੁਕਾਬਲਾ ਚੱਲ ਰਿਹਾ ਹੈ । ਅਮਰੀਕਾ, ਰੂਸ ਤੇ ਫਰਾਂਸ ਤਿੰਨ ਵੱਡ ਸਪਲਾਇਰ ਹਨ । ਇਨ੍ਹਾਂ ਦਾ ਵਿਸ਼ਵ ਵਿਚ ਹਿੱਸਾ 40 ਫੀਸਦੀ, 16 ਫੀਸਦੀ ਅਤੇ 11 ਫੀਸਦੀ ਹੈ ।

ਪਾਕਿਸਤਾਨ ਪੂਰੇ ਵਿਸ਼ਵ 'ਚ ਵੇਚੇ-ਖਰੀਦੇ ਜਾਂਦੇ ਹਥਿਆਰਾਂ 'ਚੋਂ ਕੇਵਲ 3.7 ਫੀਸਦੀ ਹਿੱਸਾ ਖਰੀਦਦਾ ਹੈ । ਚੀਨ ਪਾਕਿਸਤਾਨੀ ਹਥਿਆਰਾਂ ਦੀ ਬਰਾਮਦ ਵਿਚ 77 ਫੀਸਦੀ ਹਿੱਸਾ ਪਾਉਂਦਾ ਹੈ। ਇਕ ਹੋਰ ਪੱਖ ਤੋਂ ਭਾਰਤ ਦੇ ਹਥਿਆਰਾਂ ਉੱਪਰ ਖਰਚ ਨੂੰ ਵੇਖਣਾ ਚਾਹੀਦਾ ਹੈ । ਹੇਠਾਂ ਇਕ ਸਾਰਣੀ ਪੇਸ਼ ਹੈ :

| ਦੇਸ਼ | ਹਥਿਆਰਾਂ 'ਤੇ ਖਰਚ (ਡਾਲਰਾਂ 'ਚ) | ਹਥਿਆਰਾਂ 'ਤੇ ਖਰਚ (ਰੁਪਿਆ 'ਚ) |
|---|---|---|
| ਅਮਰੀਕਾ | 954 ਅਰਬ | 92,34,720 ਕਰੋੜ |
| ਚੀਨ | 336 ਅਰਬ | 32,52,480 ਕਰੋੜ |
| ਰੂਸ | 190 ਅਰਬ | 18,39,200 ਕਰੋੜ |
| ਜਰਮਨੀ | 114 ਅਰਬ | 11,03,520 ਕਰੋੜ |
| ਭਾਰਤ | 92 ਅਰਬ | 8,90,560 ਕਰੋੜ |

ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਰੂਸ ਤੋਂ ਛੁੱਟ ਇਨ੍ਹਾਂ ਦੇਸ਼ਾਂ ਦੇ ਕੁੱਲ ਘਰੇਲੂ ਉਤਪਾਦਨ ਭਾਰਤ ਨਾਲੋਂ ਜ਼ਿਆਦਾ ਹਨ । ਚੀਨ ਦਾ ਕੁੱਲ ਘਰੇਲੂ ਉਤਪਾਦਨ ਭਾਰਤ ਨਾਲੋਂ ਪੰਜ ਗੁਣਾਂ ਜ਼ਿਆਦਾ ਹੈ ਅਤੇ ਅਮਰੀਕਾ ਦਾ ਲਗਭਗ ਨੌਂ ਗੁਣਾਂ । ਜਰਮਨੀ ਭਾਰਤ ਦੇ ਮੁਕਾਬਲੇ ਛੋਟਾ ਦੇਸ਼ ਹੈ ਅਤੇ ਆਬਾਦੀ ਵੀ ਬਹੁਤ ਥੋੜ੍ਹੀ ਹੈ । ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ 'ਚ ਅਸੀਂ ਰੂਸ ਤੋਂ ਵੀ ਬਹੁਤ ਪਿੱਛੇ ਹਾਂ । ਇਸ ਲਈ ਭਾਰਤ ਨੂੰ ਆਪਣੇ ਗੁਆਂਢੀਆਂ ਨਾਲ ਸੰਬੰਧ ਸੁਧਾਰਨੇ ਚਾਹੀਦੇ ਹਨ ਅਤੇ ਆਪਣਾ ਸੈਨਿਕ ਖਰਚਾ ਘਟਾਉਣਾ ਚਾਹੀਦਾ ਹੈ । ਵੱਧ ਤੋਂ ਵੱਧ ਧਨ ਸਿੱਖਿਆ, ਸਿਹਤ, ਖੇਤੀਬਾੜੀ ਤੇ ਪੇਂਡੂ ਵਿਕਾਸ 'ਤੇ ਖਰਚ ਕਰਨਾ ਚਾਹੀਦਾ ਹੈ।

**# ਸੰਪਰਕ : 98768-01268**

# ਦਿਲਾਂ ਵਿੱਚ ਧੜਕਦੇ ਪਿੰਡ

ਜਗਤਾਰ ਸਿੰਘ ਹਿੱਸੋਵਾਲ

ਸਾਲ 2024 ਵਿੱਚ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਮੇਰੀ ਡਿਊਟੀ ਪੁਲਸ ਪਾਰਟੀ ਨਾਲ ਪਿੰਡ ਕਿਲ੍ਹਾ ਰਾਏਪੁਰ ਵਿਖੇ ਲੱਗੀ ਹੋਈ ਸੀ। ਅਸੀਂ ਸਰਕਾਰੀ ਸਕੂਲ ਦੇ ਵਿਹੜੇ ਵਿੱਚ ਕੁਰਸੀਆਂ ਡਾਹ ਕੇ ਬੈਠੇ ਹੋਏ ਸਾਂ । ਸਕੂਲ ਦਾ ਚੌਕੀਦਾਰ ਚਾਹ-ਪਾਣੀ ਦੇ ਪ੍ਰਬੰਧ ਲਈ ਕਦੇ ਇੱਧਰ ਤੇ ਕਦੇ ਉਧਰ ਭੱਜਿਆ ਫਿਰਦਾ ਸੀ। ਪੋਲਿੰਗ ਸਟਾਫ਼ ਆਪਣੇ-ਆਪਣੇ ਕਮਰਿਆਂ ਵਿੱਚ ਚੋਣ ਸਮੱਗਰੀ ਨੂੰ ਸੈੱਟ ਕਰਨ ਵਿੱਚ ਰੁਝਿਆ ਹੋਇਆ ਸੀ। ਸਾਰਾ ਮਾਹੌਲ ਅਗਲੇ ਦਿਨ ਦੀ ਵੋਟਿੰਗ ਦੀਆਂ ਤਿਆਰੀਆਂ ਦਾ ਗਵਾਹ ਬਣਿਆ ਹੋਇਆ ਸੀ।

ਕੁਝ ਦੇਰ ਬਾਅਦ ਪੋਲਿੰਗ ਪਾਰਟੀ ਦਾ ਇੱਕ ਕਰਮਚਾਰੀ ਬਾਹਰ ਆ ਕੇ ਸਾਡੇ ਕੋਲ ਬੈਠ ਗਿਆ। ਗੱਲਾਂ-ਬਾਤਾਂ ਵਿੱਚ ਉਸਨੇ ਆਪਣਾ ਨਾਂਅ ਕਮਲ ਹੈਬੋਵਾਲ ਦੱਸਿਆ। ਮੈਂ ਸਹਿਜੇ ਹੀ ਪੁੱਛ ਬੈਠਾ-ਵੀਰ ਜੀ, ਹੈਬੋਵਾਲ ਤਾਂ ਹੁਣ ਲੁਧਿਆਣਾ ਸ਼ਹਿਰ ਦਾ ਹਿੱਸਾ ਬਣ ਚੁੱਕਾ ਹੈ, ਫਿਰ ਆਪਣੇ ਨਾਂਅ ਨਾਲ 'ਹੈਬੋਵਾਲ' ਜੋੜਨ ਦੀ ਕੀ ਲੋੜ ਹੈ?

ਉਹ ਕੁਝ ਪਲ ਚੁੱਪ ਰਿਹਾ । ਉਸ ਦੇ ਚਿਹਰੇ 'ਤੇ ਇੱਕ ਉਦਾਸ ਮੁਸਕਰਾਹਟ ਤੈਰ ਗਈ ਸੀ । ਫਿਰ ਹੌਲੀ ਜਿਹੇ ਬੋਲਿਆ-ਸ਼ਹਿਰ ਨੇ ਭਾਵੇਂ ਮੇਰੇ ਪਿੰਡ ਨੂੰ ਆਪਣੇ ਵਿੱਚ ਸਮੇਟ ਲਿਆ ਹੈ, ਪਰ ਮੇਰੇ ਦਿਲ ਵਿੱਚ ਮੇਰਾ ਪਿੰਡ ਅੱਜ ਵੀ ਵੱਸਦਾ ਹੈ । ਮੈਂ ਆਪਣੇ ਨਾਮ ਨਾਲ 'ਹੈਬੋਵਾਲ' ਇਸ ਲਈ ਲਿਖਦਾ ਹਾਂ ਤਾਂ ਜੋ ਮੇਰੀ ਪਛਾਣ ਦੇ ਨਾਲ-ਨਾਲ ਮੇਰੇ ਪਿੰਡ ਦਾ ਨਾਂਅ ਵੀ ਜਿਉਂਦਾ ਰਹੇ ।

ਉਸ ਦਾ ਜਵਾਬ ਸੁਣ ਕੇ ਮੈਂ ਕੁਝ ਪਲਾਂ ਲਈ ਨਿਰ-ਉਤਰ ਹੋ ਗਿਆ। ਇਹ ਉਸ ਪੀੜ੍ਹੀ ਦੀ ਹੂਕ ਸੀ, ਜਿਸ ਨੇ ਆਪਣੀਆਂ ਅੱਖਾਂ ਸਾਹਮਣੇ ਪਿੰਡ ਦੀ ਜ਼ਰਖੇਜ਼ ਮਿੱਟੀ ਨੂੰ ਸੀਮੈਂਟ ਵਿੱਚ ਬਦਲਦਿਆਂ ਵੇਖਿਆ ਹੈ । ਜਿਸ ਨੇ ਖੇਤਾਂ ਵਿੱਚ ਲਹਿਰਾਉਂਦੀਆਂ ਫ਼ਸਲਾਂ ਦੀ ਥਾਂ ਇਮਾਰਤਾਂ ਦੇ ਜੰਗਲ ਉੱਗਦੇ ਵੇਖੇ ਹਨ, ਜਿਸ ਨੇ ਪਿੱਪਲਾਂ ਅਤੇ ਬੋਹੜਾਂ ਦੀਆਂ ਛਾਵਾਂ ਦੀ ਥਾਂ ਕੱਚ ਅਤੇ ਕੰਕਰੀਟ ਦੀ ਚਮਕ ਫੈਲਦਿਆਂ ਵੇਖੀ ਹੈ, ਜਿਸ ਨੇ ਸੱਥਾਂ ਦੀ ਰੌਣਕ ਨੂੰ ਖ਼ਾਮੋਸ਼ੀ ਵਿੱਚ ਬਦਲਦਿਆਂ ਅਤੇ ਚਿੜੀਆਂ ਦੇ ਗੀਤਾਂ ਨੂੰ ਹਾਰਨਾਂ ਦੇ ਸ਼ੋਰ ਵਿੱਚ ਗੁੰਮ ਹੁੰਦੇ ਵੇਖਿਆ ਹੈ।

ਉਸ ਦੀਆਂ ਗੱਲਾਂ ਸੁਣਦਿਆਂ ਮੈਨੂੰ ਪਾਲੀ ਦੇਤਵਾਲੀਆ ਦੀ ਉਹ ਮਸ਼ਹੂਰ ਸਤਰ ਯਾਦ ਆ ਗਈ,'ਚਾਲ਼ੀ ਪਿੰਡਾਂ ਦੀ ਜ਼ਮੀਨ ਲੁਧਿਆਣਾ ਖਾ ਗਿਆ।' ਉਸ ਦਿਨ ਮੈਨੂੰ ਪਹਿਲੀ ਵਾਰ ਇਸ ਗੀਤ ਦੇ ਬੋਲਾਂ ਦਾ ਅਸਲ ਦਰਦ ਮਹਿਸੂਸ ਹੋਇਆ। ਇਹ ਸਿਰਫ਼ ਇੱਕ ਗੀਤ ਨਹੀਂ, ਸਗੋਂ ਪੰਜਾਬ ਦੇ ਬਦਲਦੇ ਭੂਗੋਲ ਅਤੇ ਸੁੰਗੜਦੇ ਜਾ ਰਹੇ ਸਮਾਜ ਦਾ ਜਿਉਂਦਾ-ਜਾਗਦਾ ਦਸਤਾਵੇਜ਼ ਹੈ। ਇਹ ਉਹਨਾਂ ਬੇਅਵਾਜ਼ ਲੋਕਾਂ ਦੀ ਆਵਾਜ਼ ਹੈ, ਜਿਨ੍ਹਾਂ ਦੇ ਪਿੰਡ ਵਿਕਾਸ ਦੇ ਨਕਸ਼ਿਆਂ ਵਿੱਚ ਤਾਂ ਗਾਇਬ ਹੋ ਗਏ, ਪਰ ਉਨ੍ਹਾਂ ਦੇ ਦਿਲਾਂ ਵਿੱਚ ਅੱਜ ਵੀ ਧੜਕਦੇ ਹਨ।

ਅਸੀਂ ਅਕਸਰ ਵਿਕਾਸ ਨੂੰ ਚੌੜੀਆਂ ਸੜਕਾਂ, ਫਲਾਈਓਵਰਾਂ, ਉੱਚੀਆਂ ਇਮਾਰਤਾਂ ਅਤੇ ਚਮਕਦਾਰ ਬਾਜ਼ਾਰਾਂ ਨਾਲ ਮਾਪਦੇ ਹਾਂ, ਪਰ ਵਿਕਾਸ ਦੀ ਇੱਕ ਕੀਮਤ ਵੀ ਹੁੰਦੀ ਹੈ। ਕਈ ਵਾਰ ਇਹ ਕੀਮਤ ਸਿਰਫ਼ ਜ਼ਮੀਨ ਹੀ ਨਹੀਂ ਹੁੰਦੀ, ਸਗੋਂ ਇਸ ਨਾਲ ਪਿੰਡਾਂ ਦੀ ਪਛਾਣ, ਬੋਲੀਆਂ, ਰਿਸ਼ਤੇ, ਲੋਕ-ਰਿਵਾਜ, ਮੇਲੇ, ਸੱਥ, ਖੂਹ, ਬੋਹੜ ਅਤੇ ਸਦੀਆਂ ਤੋਂ ਸਿਰਜਿਆ ਸੱਭਿਆਚਾਰ ਵੀ ਹੌਲੀ-ਹੌਲੀ ਅਲੋਪ ਹੋ ਜਾਂਦਾ ਹੈ।

ਅੱਜ ਲੁਧਿਆਣਾ ਮਹਾਨਗਰ ਬਣ ਗਿਆ ਹੈ, ਪਰ ਇਸ ਦੀਆਂ ਚੌੜੀਆਂ ਸੜਕਾਂ ਹੇਠਾਂ ਕਿੰਨੀਆਂ ਪਗਡੰਡੀਆਂ ਦੱਬੀਆਂ ਪਈਆਂ ਹਨ, ਕਿੰਨੇ ਖੂਹਾਂ ਦੀਆਂ ਯਾਦਾਂ ਮਿੱਟੀ ਵਿੱਚ ਰਲ ਗਈਆਂ ਹਨ ਅਤੇ ਕਿੰਨੇ ਬੋਹੜਾਂ ਦੀਆਂ ਛਾਵਾਂ ਸਿਰਫ਼ ਕਹਾਣੀਆਂ ਦਾ ਹਿੱਸਾ ਬਣ ਕੇ ਰਹਿ ਗਈਆਂ ਹਨ । ਇਸ ਦਾ ਹਿਸਾਬ ਕਿਸੇ ਸਰਕਾਰੀ ਰਿਕਾਰਡ ਵਿੱਚ ਨਹੀਂ ਮਿਲਦਾ।

ਮੈਂ ਮਹਿਸੂਸ ਕੀਤਾ ਕਿ ਜਦੋਂ ਕੋਈ ਆਪਣੇ ਨਾਂਅ ਨਾਲ ਆਪਣੇ ਪਿੰਡ ਦਾ ਨਾਂਅ ਜੋੜਦਾ ਹੈ, ਉਹ ਸਿਰਫ਼ ਇੱਕ ਪਤਾ ਨਹੀਂ ਲਿਖਦਾ, ਸਗੋਂ ਆਪਣੀਆਂ ਜੜ੍ਹਾਂ ਨਾਲ ਆਪਣਾ ਰਿਸ਼ਤਾ ਵੀ ਦਰਜ ਕਰਦਾ ਹੈ। ਉਹ ਇਹ ਐਲਾਨ ਕਰਦਾ ਹੈ ਕਿ ਭਾਵੇਂ ਉਸਦਾ ਪਿੰਡ ਨਕਸ਼ੇ ਤੋਂ ਮਿਟ ਗਿਆ ਹੋਵੇ, ਪਰ ਉਸ ਦੀ ਰੂਹ ਵਿੱਚ ਉਹ ਅੱਜ ਵੀ ਵੱਸਦਾ ਹੈ।

ਕੁਝ ਸਮੇਂ ਬਾਅਦ ਉਹ ਕਰਮਚਾਰੀ ਆਪਣੀ ਡਿਊਟੀ ਨਿਭਾਉਣ ਲਈ ਉੱਠ ਕੇ ਚਲਾ ਗਿਆ, ਪਰ ਉਸ ਦੀਆਂ ਗੱਲਾਂ ਮੇਰੇ ਮਨ 'ਤੇ ਅਜਿਹੀ ਛਾਪ ਛੱਡ ਗਈਆਂ, ਜੋ ਅੱਜ ਤੱਕ ਮਿਟ ਨਹੀਂ ਸਕੀ। ਅੱਜ ਵੀ ਜਦੋਂ ਕਿਸੇ ਦੇ ਨਾਂਅ ਨਾਲ ਉਸ ਦੇ ਪਿੰਡ ਦਾ ਨਾਂਅ ਜੁੜਿਆ ਵੇਖਦਾ ਹਾਂ ਤਾਂ ਇੰਝ ਲੱਗਦਾ ਹੈ, ਜਿਵੇਂ ਉਹ ਆਪਣੇ ਪੁਰਖਿਆਂ ਦੀ ਮਿੱਟੀ ਨੂੰ ਮੱਥੇ ਨਾਲ ਲਾ ਕੇ ਤੁਰ ਰਿਹਾ ਹੋਵੇ।

ਕਿਉਂਕਿ ਸੱਚ ਇਹ ਹੈ ਕਿ ਪਿੰਡ ਕਦੇ ਨਕਸ਼ਿਆਂ ਵਿੱਚ ਹੀ ਨਹੀਂ ਵੱਸਦੇ, ਬਲਕਿ ਪਿੰਡ ਆਪਣੇ ਲੋਕਾਂ ਦੀ ਬੋਲੀ ਵਿੱਚ ਵੱਸਦੇ ਹਨ, ਉਨ੍ਹਾਂ ਦੀਆਂ ਯਾਦਾਂ ਵਿੱਚ ਸਾਹ ਲੈਂਦੇ ਹਨ, ਉਨ੍ਹਾਂ ਦੇ ਸੱਭਿਆਚਾਰ ਵਿੱਚ ਖਿੜਦੇ ਹਨ ਅਤੇ ਉਨ੍ਹਾਂ ਦੇ ਨਾਮਾਂ ਵਿੱਚ ਸਦਾ ਲਈ ਅਮਰ ਹੋ ਜਾਂਦੇ ਹਨ। ਸ਼ਾਇਦ ਇਸੇ ਲਈ ਕਿਹਾ ਜਾਂਦਾ ਹੈ—'ਜਿਸ ਦਿਨ ਪਿੰਡ ਮਰਦੇ ਹਨ, ਉਸ ਦਿਨ ਸਿਰਫ਼ ਜ਼ਮੀਨ ਨਹੀਂ ਉੱਜੜਦੀ, ਇੱਕ ਪੂਰਾ ਸੱਭਿਆਚਾਰ ਅਨਾਥ ਹੋ ਜਾਂਦਾ ਹੈ।'

**# ਸੰਪਰਕ : 98783-30324**

# ਬਜ਼ੁਰਗ ਸਾਡਾ ਸਰਮਾਇਆ ਜਾਂ... ?

ਗੁਰਬਾਜ ਸਿੰਘ ਖੈਰਦੀਨਕੇ

ਪੁਰਾਣਿਆਂ ਸਮਿਆਂ ਵਿੱਚ ਅਸੀਂ ਜਦ ਵੀ ਕਿਸੇ ਪਿੰਡ ਵੜਦੇ ਸਾਂ ਤਾਂ ਸਾਨੂੰ ਦੂਰੋਂ ਹੀ ਬਜ਼ੁਰਗਾਂ ਦਾ ਟੋਲਾ ਪਿੰਡ ਦੇ ਮੁੱਖ ਮੋੜ, ਚੌਰਾਹੇ, ਬੰਬੀਆਂ, ਬੋਹੜ, ਫਿਰਨੀਆਂ ਤੇ ਵੱਡੇ-ਵੱਡੇ ਮੰਜੇ-ਤਖਤਪੋਸ਼ਾਂ ਉੱਤੇ ਬੈਠਾ ਦਿਸਦਾ ਸੀ ਤਾਸ਼ਾਂ, ਬਾਰਾਂ-ਟਾਣੀਆਂ ਖੇਡਦੇ ਦੁਪਹਿਰਾਂ ਲੰਘਦੀਆਂ ਸਨ । ਇਨ੍ਹਾਂ ਦਾ ਮੁੱਖ ਵਿਸ਼ਾ ਪਿੰਡ ਅਤੇ ਇਸ ਦੇ ਘਰ-ਘਰ ਦੀਆਂ ਚਰਚਾਵਾਂ, ਸਿਆਸਤ-ਵਿਰਾਸਤ ਤੇ ਇਤਿਹਾਸ ਦੀਆਂ ਗੱਲਾਂ, ਚਹਿਲ-ਪਹਿਲ ਤੇ ਹਾਸੇ ਠੱਠੇ ਹੁੰਦੇ ਸਨ, ਕੀ ਅਮਲੀ, ਬਜ਼ੁਰਗ, ਅਧਖੜ੍ਹ, ਨੌਜੁਆਨ, ਸੱਤਰੇ-ਬਹੱਤਰੇ । ਇਹ ਬਜ਼ੁਰਗਾਂ ਦੇ ਟੋਲੇ, ਖੁੰਢ ਚਰਚਾ ਦੇ ਅੱਡੇ, ਸਾਰੇ ਪਿੰਡ ਦੀ ਸ਼ਾਨ ਹੁੰਦੇ ਸਨ, ਜੋ ਅੱਜ ਕੱਲ੍ਹ ਵਿਰਾਨ ਤੇ ਬੇਜਾਨ ਦਿਸਦੇ ਹਨ। ਨਾ ਉਹ ਬਜ਼ੁਰਗ ਰਹੇ ਹੁਣ, ਨਾ ਉਹ ਪੁਰਾਣੇ ਕੀਮਤੀ ਸਮੇਂ, ਸਥਾਨ ਤੇ ਸਮਾਨ। ਪੁਰਾਣਿਆਂ ਸਮਿਆਂ ਵੇਲੇ ਜਦੋਂ ਵੀ ਕੋਈ ਘਰ-ਪਰਵਾਰ ਵਿੱਚ ਵੱਡਾ ਕੰਮ-ਕਾਜ, ਜੰਮਣ-ਮਰਨ, ਵਿਆਹ-ਧਮਾਨ ਆਦਿ ਦਾ ਵੇਲਾ ਹੁੰਦਾ ਹੈ ਤਾਂ ਅਕਸਰ ਘਰ ਪਰਵਾਰ ਦੇ ਸਾਰੇ ਮੈਂਬਰ ਬਜ਼ੁਰਗ ਮਾਤਾ-ਪਿਤਾ ਦੀ ਅਗਵਾਈ ਅਤੇ ਸਲਾਹ ਲੈ ਕੇ ਚੱਲਦੇ ਸਨ । ਹਰ ਕੰਮ-ਉਤਸਵ ਉਨ੍ਹਾਂ ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਸੀ । ਅੱਜ ਵੀ ਹਾਲਾਤ ਭਾਵੇਂ ਕੁਝ ਹੋਰ ਨੇ, ਪਰ ਹਮੇਸ਼ਾ ਹੀ ਘਰਵਾਲੇ ਕਹਿੰਦੇ ਸੁਣੀਦੇ ਹਨ ਕਿ ਕਿਸੇ ਬਜ਼ੁਰਗ ਜਾਂ ਵੱਡੇ ਬੰਦੇ ਦੀ ਸਲਾਹ ਲੈ ਲਓ, ਕੋਈ ਵੀ ਕਾਜ ਕੰਮ ਜਾਂ ਮੁਸ਼ਕਲ ਦਾ ਨਿਵਾਰਣ ਤੇ ਨਿਪਟਾਰਾ ਜਲਦੀ ਤੇ ਸਹੀ ਹੋ ਜਾਵੇਗਾ । ਸਾਡੇ ਬਜ਼ੁਰਗਾਂ ਨੇ ਉਮਰ ਹੰਢਾਈ ਹੁੰਦੀ ਹੈ, ਉਨ੍ਹਾਂ ਦਾ ਤਜਰਬਾ ਤੇ ਉਨ੍ਹਾਂ ਦੀ ਅਗਵਾਈ ਬੜੀ ਕੀਮਤੀ ਤੇ ਅਸਰਦਾਰ ਹੁੰਦੀ ਹੈ। ਪੁਰਾਣਿਆਂ ਵੇਲਿਆਂ ਵਿੱਚ ਜੰਞਾਂ ਦਾ ਢੁਕਾਅ ਕਰਨ ਵੇਲੇ ਬਜ਼ਰਗਾਂ ਨੂੰ ਅਕਸਰ ਨਾਲ ਲਿਜਾਇਆ ਜਾਂਦਾ ਸੀ, ਤਾਂ ਕਿ ਦੁਲਹਨ ਵਾਲੇ ਪਾਸੇ ਤੋਂ ਮਿਲਣ ਵਾਲੀਆਂ ਸਿੱਠਣੀਆਂ ਤੇ ਹੋਰ ਮਖੌਲ, ਬੁਝਾਰਤਾਂ ਦਾ ਸਾਮਣਾ ਤੇ ਹੱਲ ਕਰਨ ਵਿੱਚ ਬਜ਼ੁਰਗਾਂ ਤੇ ਮਾਈਆਂ ਦੀ ਮਦਦ ਲਈ ਜਾ ਸਕੇ। ਘਰਾਂ ਵਿੱਚ ਵੀ ਛੋਟੀ-ਮੋਟੀ ਦਵਾ-ਦਾਰੂ ਜਾਂ ਦਰਦਾਂ ਦਾ ਇਲਾਜ ਇਨਾਂ ਬਜ਼ੁਰਗ ਬਾਬੇ-ਮਾਈਆਂ ਦੇ ਸਲਾਹ-ਮਸ਼ਵਰੇ ਤੇ ਦੇਸੀ ਘਰੇਗੀ ਇਲਾਜਾਂ ਨਾਲ ਹੀ ਸੰਭਵ ਹੋ ਜਾਂਦੇ ਸਨ । ਬਜ਼ੁਰਗਾਂ ਸਾਡੇ ਘਰਾਂ ਦੇ ਜਾਇਦਾਦਾਂ ਦੇ ਜਿੰਦਰੇ ਸਮਾਨ ਰਾਖੇ ਕਹੇ ਜਾਂਦੇ ਸਨ । ਉਨਾਂ ਦੀ ਹਾਜ਼ਰੀ ਵਿੱਚ ਮਾਪੇ ਬੱਚਿਆਂ ਨੂੰ ਬੇਫਿਕਰ ਹੋ ਕੇ ਛੱਡ ਕੇ ਆਪਣੀ ਦੁਨੀਆਦਾਰੀ ਦੇ ਕੰਮਕਾਰ ਨਿਪਟਾ ਛੱਡਦੇ ਸਨ ।

ਪਰ ਅੱਜ ਸਮਾਂ ਬਹੁਤ ਹੱਦ ਤੱਕ ਬਦਲ ਚੁੱਕਾ ਹੈ। ਸਭਿਅਤਾ ਦੇ ਪੈਰ ਪਸਾਰਨ ਨਾਲ ਭੀੜ ਵਧੀ , ਤਕਨੀਕ ਦੇ ਪਸਰਨ ਨਾਲ ਸੁੱਖ-ਸੁਵਿਧਾ ਦੇ ਸਾਧਨ ਵਧਣ ਨਾਲ ਤਕਨੀਕ ਵਿੱਚ ਘਾਟ ਸਾਹਮਣੇ ਆਈ ਹੈ। ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ, ਚੰਗਾ ਤੇ ਮਾੜਾ। ਸਾਡੀ ਬਦਨਸੀਬੀ ਹੀ ਕਹੀ ਜਾ ਸਕਦੀ ਹੈ ਜਾਂ ਫਿਰ ਕੁਝ ਹੋਰ , ਅੱਜ ਬਹੁਤ ਘੱਟ ਘਰਾਂ ਵਿੱਚ ਬਜ਼ੁਰਗ ਦਿਸਦੇ ਹਨ, ਸਾਡੇ ਜੀਵਨ ਦਾ ਪੱਧਰ ਤੇ ਅਵਧੀ ਛੋਟੀ ਹੁੰਦੀ ਜਾ ਰਹੀ ਹੈ, ਸਾਡੇ ਜੀਵਨ ਖਾਣ-ਪਾਣ ਦੇ ਤੌਰ-ਤਰੀਕੇ ਤੇ ਮੁੱਜਸਮੇ ਹੀ ਮਿਲਾਵਟਾਂ, ਖਾਦਾਂ-ਕੈਮੀਕਲਾਂ ਦੀ ਬਹੁਤਾਤ ਨਾਲ ਝੰਬੇ ਤੇ ਦੂਸ਼ਿਤ ਹੋਏ ਪਏ ਹਨ। ਜਿਹੜੇ ਵਿਚਾਰੇ ਬਜ਼ੁਰਗ ਇਕਾ-ਦੁੱਕਾ ਹਨ, ਉਹ ਵੀ ਅੰਦਰੇ-ਅੰਦਰ ਹੀ ਦੁੱਖ-ਸੰਤਾਪ, ਔਲਾਦ ਦੇ ਵਿਛੋੜੇ ਕਾਰਨ ਬਾਹਰ ਨਿਕਲਣਾ-ਵਿਚਰਨਾ ਪਸੰਦ ਨਹੀ ਕਰਦੇ, ਕਿਉਂਕਿ ਖੁੰਢ ਚਰਚਾਵਾਂ, ਬੋਹੜਾਂ ਦੀ ਛਾਂ, ਬੰਬੀਆਂ ਦੀ ਰੌਣਕ ਹੀ ਖਤਮ ਹੋ ਚੁੱਕੀ ਹੈ, ਜੋ ਕਿ ਸਾਡੇ ਸਭਿਆਚਾਰ ਦੀ ਇਕ ਰੰਗੀਨ ਵੰਨਗੀ ਸੀ । ਇਨ੍ਹਾਂ ਸਭ ਚੀਜ਼ਾਂ ਲਈ ਕਿਸੇ ਕੋਲ ਸਮਾਂ ਨਹੀਂ, ਸਭ ਲੋਕ ਕਿਸੇ ਅਣਕਿਆਸੀ, ਅਣਮਿੱਥੀ ਤੇ ਦਿਸਹੱਦਿਆਂ ਭਰੀ ਦੌੜ ਵਿੱਚ ਇੱਕ-ਦੂਜੇ ਤੋਂ ਬਸ ਅੱਗੇ ਹੀ ਅੱਗੇ ਨਿਕਲਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ।

ਤਰੱਕੀ ਦੇ ਹਾਣ ਦੇ ਹੋ ਕੇ ਚੱਲਣ ਵਿੱਚ ਕੋਈ ਹਰਜ਼ ਨਹੀਂ, ਪਰ ਜੇ ਇਸ ਦਾ ਮੁੱਲ ਰਿਸ਼ਤਿਆਂ ਵਿਚਲੇ ਵਿਛੋੜੇ ਨੂੰ ਚੁਕਾਉਣਾ ਪਵੇ ਤਾਂ ਬਹੁਤ ਦੁੱਖਦਾਈ ਤੇ ਪੀੜ ਭਰਿਆ ਹੋਵੇਗਾ। ਅੱਜ ਕਾਫੀ ਹੱਦ ਤੱਕ ਨੌਕਰੀਪੇਸ਼ਾ ਤੇ ਪੜ੍ਹਿਆ-ਲਿਖਿਆ ਵਰਗ ਸ਼ਹਿਰ ਵੱਸਣ-ਰਸਣ ਨੂੰ ਮਹੱਤਤਾ ਦੇਂਦਾ ਹੈ, ਵੱਸਣਾ ਵੀ ਚਾਹੀਦਾ ਹੈ, ਕੋਈ ਗਲਤ ਗੱਲ ਨਹੀਂ, ਪਰ ਜੇ ਇਸ ਦਾ ਮੁੱਲ ਬਜ਼ੁਰਗ ਮਾਪਿਆਂ ਦੀ ਖ਼ੁਸ਼ੀ ਤੇ ਚਾਵਾਂ ਨੂੰ ਰੌਂਦ ਕੇ ਚੁਕਾਇਆ ਜਾਵੇ ਤਾਂ ਬਹੁਤ ਵੱਡੇ ਦੁੱਖ, ਪੀੜ ਤੇ ਸੰਤਾਪ ਦੀ ਗੱਲ ਹੋਵੇਗੀ। ਅੱਜ ਬਹੁਤ ਸਾਡੇ ਪੜ੍ਹੇ-ਲਿਖੇ ਸਿਆਣੇ ਵੀਰ ਬਜ਼ੁਰਗ ਮਾਪਿਆਂ ਨੂੰ ਆਪਣੇ ਸਿਰ ਭਾਰ ਸਮਝਦੇ ਹਨ, ਆਪ ਤਾਂ ਸ਼ਹਿਰੀ ਮਹੱਲਨੁਮਾ ਮਕਾਨਾਂ-ਕੋਠੀਆਂ 'ਚ ਰਹਿੰਦੇ ਨੇ, ਫਿਰ ਮਾਪਿਆਂ ਨੇ ਕੀ ਵਿਗਾੜਿਆ ਹੈ, ਜੋ ਉਨਾਂ ਨੂੰ ਨਾਲ ਨਹੀ ਰੱਖ ਸਕਦੇ, ਬਜ਼ੁਰਗਾਂ ਨੂੰ ਪੁੱਤਾਂ-ਨੂੰਹਾਂ ਤੇ ਪੁੱਤ-ਪੋਤਰਿਆਂ ਦੀਆਂ ਸ਼ਕਲਾਂ ਤੇ ਹਾਸੇ-ਚਾਵਾਂ ਵਿਹੂਣੇ ਰਾਹਾਂ ਤੱਕਦੇ ਅੰਨ੍ਹੇ ਹੋਣ 'ਤੇ ਰੋਣ-ਕੁਰਲਾਵਣ ਲਈ ਕਿਉਂ ਛੱਡਿਆ ਜਾਂਦਾ ਹੈ । ਮਾਂ-ਬਾਪ ਬਿਰਧ ਘਰ ਹੀ ਕਿਉਂ ਅਸਲ ਘਰ ਬਣਾ ਦਿੱਤੇ ਜਾਂਦੇ ਹਨ । ਮਾਂ ਬਾਪ ਨੂੰ ਘਰਾਂ ਦੇ ਜਿੰਦਰੇ ਕਿਉਂ ਸਮਝਿਆ ਜਾਂਦਾ ਹੈ । ਮਾਂ-ਪਿਓ ਨੂੰ ਤਿਰਸਕਾਰੀ ਤੇ ਨਫਰਤ ਭਰੇ ਰਵੱਈਏ ਨਾਲ ਕਿਉਂ ਨਿਵਾਜਿਆ ਜਾਂਦਾ ਹੈ । ਮਾਂ-ਬਾਪ ਦੀਆਂ ਹਦਾਇਤਾਂ-ਸਲਾਹਾਂ ਨੂੰ ਨਜ਼ਰਅੰਦਾਜ ਕਿਉਂ ਕੀਤਾ ਜਾਂਦਾ ਹੈ। ਬਜ਼ੁਰਗ ਮਾਪਿਆਂ ਦਿਆਂ ਚੇਹਰਿਆਂ ਦੀਆਂ ਝੁਰੜੀਆਂ ਤੇ ਅੱਖਾਂ ਦੇ ਹੰਝੂਆਂ ਦੇ ਹੜ੍ਹ ਸਾਨੂੰ ਨਜ਼ਰ ਕਿਉਂ ਨਜ਼ਰ ਨਹੀ ਆਉਂਦੇ । ਉਨਾਂ ਨੂੰ ਇਕੱਲਤਾ ਤੇ ਵਿਛੋੜੇ ਦੇ ਨਾਗਾਂ ਵੱਲੋਂ ਡੱਸਣ ਲਈ ਕਿਉਂ ਛੱਡ ਦਿੱਤਾ ਜਾਂਦਾ ਹੈ।

ਅਸੀਂ ਕਿੰਨੇ ਕੁ ਸਿਆਣੇ ਹਾਂ, ਜੋ ਅਸੀਂ ਘਰ-ਨੁਮਾ ਬਹਿਸ਼ਤੀ-ਬਾਗ ਨੂੰ ਪੈਦਾ ਕਰਨ, ਪਾਲਣ-ਸਿੰਜਣ ਤੇ ਮਿਹਨਤ-ਮੁਸ਼ਕੱਤ ਤੇ ਚਾਵਾਂ, ਰੀਝਾਂ ਨਾਲ ਜਵਾਂ-ਤਰਾਂ, ਤਰੋਤਾਜ਼ਾ ਕਰਨ, ਵਧਾਵਣ ਵਾਲੇ ਬਾਗਬਾਨ-ਮਾਲੀ ਨੂੰ ਬਾਹਰ ਕੱਢ ਦਿੰਦੇ ਹਾਂ, ਲਾਹਨਤ ਹੈ ਸਾਡੇ ਸੰਸਕਾਰਾਂ ਤੇ ਸੋਚ-ਲੋਚ 'ਤੇ, ਜੋ ਆਪਣੇ ਪਾਲਣਹਾਰ ਤੇ ਰੱਬ ਰੂਪੀ ਮਾਪਿਆਂ ਨੂੰ ਬਿਰਧ-ਘਰਾਂ ਦਾ ਰਸਤਾ ਵਿਖਾਉਂਦੇ ਹਨ । ਰੱਬ ਨੂੰ ਤਾਂ ਅਸੀਂ ਆਪਣਾ ਪਾਲਣਹਾਰ ਕਹਿ ਨਿਵਾਜ਼ਦੇ ਹਾਂ ਕੀ ਸਾਡੇ ਮਾਂ-ਬਾਪ ਸਾਡੇ ਪਾਲਣ ਹਾਰ ਨਹੀ ਹਨ, ਕੀ ਉਹਨਾਂ ਸਾਨੂੰ ਰੱਬ ਦੀ ਤਰ੍ਹਾਂ ਪਾਲਿਆ ਨਹੀ, ਸਾਡੇ ਗੰਦ-ਮਲ ਸਾਫ ਨਹੀ ਕੀਤੇ, ਸਾਨੂੰ ਸੁੱਕੀ ਥਾਂ ਪਾ ਕੇ ਆਪ ਗਿੱਲੀ ਥਾਂ 'ਤੇ ਨਹੀ ਸੌਂਦੇ ਰਹੇ, ਸਾਡੀ ਸਵੇਰੇ ਕੀਤੀ ਮੰਗ ਨੂੰ ਕਦੇ ਸ਼ਾਮ ਨਹੀ ਪੈਣ ਦਿੱਤੀ, ਸਾਡੇ ਜ਼ਿੱਦ ਅੱਗੇ ਕਦੇ ਨਹੀ ਜਿੱਤੇ। ਸਾਨੂੰ ਬਚਪਨ ਵਿੱਚ ਉਗਲੀਂ ਪਕੜ ਕੇ ਜ਼ਿੰਦਗੀ ਦੀਆਂ ਟੇਡੀਆਂ-ਮੇਢੀਆਂ ਰਾਹਾਂ 'ਤੇ ਚੱਲਣਾ ਸਿਖਾਉਣ ਵਾਲਿਆਂ ਨੂੰ ਅਸੀਂ ਬਿਰਧ ਘਰਾਂ ਦਾ ਰਾਹ ਕਿਉਂ ਵਿਖਾ ਦਿੰਦੇ ਹਾਂ ? ਸਾਡੇ ਪਸੰਦ ਦੀ ਹਰ ਚੀਜ਼ ਲੈ ਕੇ ਦੇਣ ਨੂੰ ਮਾਣ ਨਹੀ ਸਮਝਿਆ । ਫੇਰ ਅਸੀਂ ਆਪਣੇ ਫਰਜ਼ ਤੇ ਸੇਵਾ ਤੋਂ ਕਿਵੇਂ ਭੱਜ ਸਕਦੇ ਹਾਂ ? ਜਦੋਂ ਉਨ੍ਹਾਂ ਨੂੰ ਸਾਡੀ ਸਭ ਤੋਂ ਵੱਧ ਲੋੜ ਹੁੰਦੀ ਹੈ, ਉਦੋਂ ਅਸੀਂ ਕਿਉਂ ਹਾਰ ਜਾਂਦੇ ਹਾਂ? ਸਾਡੇ ਲਈ ਸਾਡੇ ਮਾਪੇ ਸਾਰੇ ਜੱਗ ਨਾਲ ਲੜ ਜਾਂਦੇ ਹਨ ਤਾਂ ਅਸੀਂ ਉਨਾਂ ਦੀ ਸੇਵਾ ਵਿੱਚ ਇਕ ਪਲ ਵਿੱਚ ਹੀ ਕਿਉਂ ਥੱਕ ਜਾਂਦੇ ਹਾਂ। ਜ਼ਰਾ ਤੁਸੀਂ ਬਜ਼ਰਗ ਮਾਂ-ਬਾਪ ਨੂੰ ਦੋ ਪਲ ਲਈ ਉਨ੍ਹਾਂ ਦੇ ਕੋਲ ਬੈਠ ਕੇ ਉਨ੍ਹਾਂ ਦੀ ਪਸੰਦ ਦੀ ਚੀਜ਼, ਦੁੱਖ ਪੀੜਾਂ, ਲੋੜ ਬਾਰੇ ਹੀ ਪੁੱਛ ਲਓ, ਉਨ੍ਹਾਂ ਨੂੰ ਅਪਾਰ ਤੇ ਅੰਤਾਂ ਦੀ ਖੁਸ਼ੀ ਹੋਵੇਗੀ, ਉਨ੍ਹਾਂ ਨੂੰ ਸਾਰੇ ਦਰਦ ਭੁੱਲ ਜਾਣਗੇ, ਬਜ਼ੁਰਗਾਂ ਦੀ ਸੇਵਾ ਤੇ ਸਤਿਕਾਰ ਨਾਲ ਹੀ ਪੀੜ੍ਹੀਓ-ਪੀੜ੍ਹੀ ਦੇ ਪਿਆਰ ਤੇ ਸਾਥ ਦੀਆਂ ਨੀਹਾਂ ਹੋਰ ਮਜ਼ਬੂਤ ਤੇ ਡੂੰਘੇਰੀਆਂ ਹੋ ਜਾਂਦੀਆਂ ਹਨ ।

ਹਮੇਸ਼ਾ ਯਾਦ ਰੱਖੋ, ਹਰ ਇਨਸਾਨ ਬਾਲਕ ਦੇ ਰੂਪ ਵਿੱਚ ਪੈਦਾ ਹੁੰਦਾ, ਫੇਰ ਜੁਆਨ ਹੁੰਦਾ ਹੈ, ਵਿਆਹਿਆ ਜਾਂਦਾ ਹੈ, ਬਾਪ ਬਣਦਾ ਹੈ, ਬਜ਼ੁਰਗ ਹੁੰਦਾ ਹੈ, ਜੋ ਅੱਜ ਅਸੀਂ ਆਪਣੇ ਬਜ਼ੁਰਗਾਂ ਨਾਲ ਸਲੂਕ ਕਰਦੇ ਹਾਂ, ਉਹੀ ਸਾਨੂੰ ਆਪਣੇ ਬੱਚਿਆਂ ਤੋਂ ਕੱਲ੍ਹ ਸਹਿਣਾ ਪਵੇਗਾ, ਕਮਾਈ ਤਾਂ ਬੰਦਾ ਹਮੇਸ਼ਾ ਹੀ ਕਰਦਾ ਹੈ, ਧਨ-ਦੌਲਤ ਵੀ ਪ੍ਰਾਪਤ ਕਰ ਲਵੇਗਾ, ਪਰ ਮਾਂ-ਬਾਪ ਦਾ ਸਾਥ ਦੁਬਾਰਾ ਕਦੇ ਨਹੀ ਮਿਲਦਾ । ਜੋ ਅਸੀਂ ਅੱਜ ਆਪਣੇ ਬੱਚਿਆਂ ਲਈ ਕਮਾਇਆ ਹੈ, ਇਹ ਸਾਡੇ ਬਜ਼ੁਰਗਾਂ ਦੀ ਹੀ ਦਿੱਤੀ ਜ਼ਿੰਦਗੀ ਤੇ ਤਾਲੀਮ ਤੇ ਅਸ਼ੀਰਵਾਦ ਸਦਕਾ ਹੀ ਹੈ। ਜੋ ਅਸੀਂ ਅੱਜ ਬੀਜਿਆ ਹੈ, ਉਹੀ ਸਾਨੂੰ ਕੱਲ੍ਹ ਨੂੰ ਵੱਢਣਾ ਪੈਣਾ ਹੈ, ਜੇਕਰ ਅਸੀਂ ਆਪਣੇ ਅੱਜ ਨੂੰ ਨਾ ਸੰਵਾਰਿਆ, ਸੰਭਾਲਿਆ ਤਾਂ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਕੱਲ੍ਹ ਦੇ ਹਨੇਰੇ ਤੇ ਦੁੱਖਾਂ ਵਿੱਚ ਹਮੇਸ਼ਾ ਲਈ ਗੁਆ ਦੇਵਾਂਗੇ, ਕਿਉਂਕਿ ਕੱਲ੍ਹ ਦੀ ਜ਼ਿੰਦਗੀ ਦੀ ਰਹਿਤਲ ਤੇ ਨੀਂਹ ਸਾਡੇ ਅੱਜ ਦੇ ਬਜ਼ੁਰਗਾਂ ਦੇ ਪਿਆਰ, ਸਤਿਕਾਰ ਤੇ ਸੰਸਕਾਰਾਂ ਉੱਪਰ ਅਧਾਰਤ ਹੋਵੇਗੀ।

**# ਸੰਪਰਕ : 098723-34944**

# ਪੰਜਾਬ ਰੋਡਵੇਜ਼ ਤੇ ਪੀ ਆਰ ਟੀ ਸੀ ਦੇ ਕੱਚੇ ਮੁਲਾਜ਼ਮਾਂ ਵੱਲੋਂ ਚੱਕਾ ਜਾਮ

## ਸਰਕਾਰ ਨੇ ਜਲਦ ਮੰਗਾਂ ਨਾ ਮੰਨੀਆਂ ਤਾਂ ਵਿੱਢਿਆ ਜਾਵੇਗਾ ਤਿੱਖਾ ਸੰਘਰਸ਼




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਭਰ ਵਿੱਚ ਅੱਜ ਪੰਜਾਬ ਰੋਡਵੇਜ਼ ਤੇ ਪਨਬਸ/ਪੀ.ਆਰ.ਟੀ.ਸੀ. ਦੇ ਠੇਕਾ ਮੁਲਾਜ਼ਮਾਂ ਨੇ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਸੂਬਾ ਪੱਧਰੀ ਹੜਤਾਲ ਸ਼ੁਰੂ ਕਰ ਦਿੱਤੀ ਹੈ।ਇਸ ਹੜਤਾਲ ਕਾਰਨ ਸੂਬੇ ਦੇ ਵੱਖ-ਵੱਖ ਡਿੱਪੂਆਂ ਤੋਂ ਚੱਲਣ ਵਾਲੀਆਂ ਸਰਕਾਰੀ ਬੱਸਾਂ ਦਾ ਚੱਕਾ ਪੂਰੀ ਤਰ੍ਹਾਂ ਜਾਮ ਰਹੇਗਾ।

ਇਹ ਹੜਤਾਲ 'ਪੰਜਾਬ ਰੋਡਵੇਜ਼, ਪਨਬਸ ਤੇ ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ' ਦੇ ਸੱਦੇ 'ਤੇ ਕੀਤੀ ਜਾ ਰਹੀ ਹੈ।ਯੂਨੀਅਨ ਦੀਆਂ ਪ੍ਰਮੁੱਖ ਮੰਗਾਂ ਵਿੱਚ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ, ਆਊਟਸੋਰਸਿੰਗ ਨੂੰ ਖ਼ਤਮ ਕਰਨਾ ਤੇ ਬੀਤੇ ਸਾਲ ਪ੍ਰਦਰਸ਼ਨਾਂ ਦੌਰਾਨ ਮੁਲਾਜ਼ਮ ਆਗੂਆਂ 'ਤੇ ਦਰਜ ਕੀਤੇ ਪੁਲਸ ਕੇਸ ਵਾਪਸ ਲੈਣਾ ਸ਼ਾਮਲ ਹੈ। ਪੰਜਾਬ ਵਿਧਾਨ ਸਭਾ ਦਾ ਮੌਨਸੂਨ ਸੈਸ਼ਨ ਨੂੰ ਇੱਕ ਵੀਡੀਓ ਜਾਰੀ ਕਰਦਿਆਂ ਦੱਸਿਆ ਕਿ ਸੰਘਰਸ਼ੀ ਕਾਮਿਆਂ ਨੇ ਸਰਕਾਰ ਨੂੰ ਹੜਤਾਲ ਦਾ ਨੋਟਿਸ ਪਹਿਲਾਂ ਹੀ ਦੇ ਦਿੱਤਾ ਸੀ, ਪਰ ਵਾਰ-ਵਾਰ ਮੀਟਿੰਗਾਂ ਹੋਣ ਦੇ ਬਾਵਜੂਦ ਕੋਈ ਠੋਸ ਸਿੱਟਾ ਨਹੀਂ ਨਿਕਲਿਆ।ਉਨ੍ਹਾਂ ਕਿਹਾ ਕਿ ਸਾਨੂੰ ਕਈ ਵਾਰ ਮੰਗਾਂ ਪੂਰੀਆਂ ਕਰਨ ਦੇ ਭਰੋਸੇ ਦਿੱਤੇ ਗਏ।ਲੰਘੇ ਵੀਰਵਾਰ ਨੂੰ ਵੀ ਟਰਾਂਸਪੋਰਟ ਪ੍ਰਬੰਧਕਾਂ ਨਾਲ ਹੋਈ ਬੈਠਕ 'ਚ ਭਰੋਸਾ ਤਾਂ ਦਿੱਤਾ ਗਿਆ, ਪਰ ਕੋਈ ਵੀ ਲਿਖਤੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ।ਇਸੇ ਕਾਰਨ ਐਤਵਾਰ ਅੱਧੀ ਰਾਤ ਤੋਂ ਹੀ ਸਾਰੇ ਠੇਕਾ ਕਾਮਿਆਂ ਨੇ ਕੰਮ ਛੱਡ ਕੇ ਹੜਤਾਲ ਸ਼ੁਰੂ ਕਰ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੇ ਮੱਦੇਨਜ਼ਰ ਯੂਨੀਅਨ ਵੱਲੋਂ ਮੁਹਾਲੀ ਵਿਖੇ ਭੁੱਖ ਹੜਤਾਲ ਕਰਨ ਦੀ ਵੀ ਯੋਜਨਾ ਬਣਾਈ ਗਈ ਹੈ।ਇਸ ਤੋਂ ਇਲਾਵਾ ਸੋਮਵਾਰ ਸਵੇਰੇ 10 ਵਜੇ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਇੱਕ ਅਹਿਮ ਮੀਟਿੰਗ ਤੈਅ ਕੀਤੀ ਗਈ ਹੈ।ਜੇਕਰ ਸਰਕਾਰ ਨੇ ਯੂਨੀਅਨ ਦੀਆਂ ਮੰਗਾਂ 'ਤੇ ਕੋਈ ਲਿਖਤੀ ਭਰੋਸਾ ਨਾ ਦਿੱਤਾ, ਤਾਂ ਇਹ ਹੜਤਾਲ ਅਣਮਿੱਥੇ ਸਮੇਂ ਲਈ ਜਾਰੀ ਰਹੇਗੀ ਤੇ ਮੰਗਲਵਾਰ ਤੋਂ ਭੁੱਖ ਹੜਤਾਲ ਵੀ ਸ਼ੁਰੂ ਕਰ ਦਿੱਤੀ ਜਾਵੇਗੀ।

ਯੂਨੀਅਨ ਦੀ ਮੰਗ ਹੈ ਕਿ ਪਿਛਲੇ 11-12 ਸਾਲਾਂ ਤੋਂ ਸੇਵਾਵਾਂ ਦੇ ਰਹੇ ਠੇਕਾ ਮੁਲਾਜ਼ਮਾਂ ਨੂੰ ਤੁਰੰਤ ਪੱਕਾ ਕੀਤਾ ਜਾਵੇ ਤੇ 15-16 ਸਾਲਾਂ ਤੋਂ ਆਊਟਸੋਰਸਿੰਗ 'ਤੇ ਕੰਮ ਕਰ ਰਹੇ ਕਾਮਿਆਂ ਨੂੰ ਸਿੱਧੇ ਵਿਭਾਗੀ ਠੇਕੇ 'ਚ ਲਿਆਂਦਾ ਜਾਵੇ।ਇਸ ਦੇ ਨਾਲ ਹੀ, ਲੰਘੇ ਸਾਲ ਨਵੰਬਰ ਮਹੀਨੇ ਵਿੱਚ ਕਿਲੋਮੀਟਰ ਸਕੀਮ ਵਿਰੁੱਧ ਹੋਏ ਹਿੰਸਕ ਪ੍ਰਦਰਸ਼ਨਾਂ ਦੌਰਾਨ ਦਰਜ ਕੀਤੇ ਗਏ ਕੇਸਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਹੜਤਾਲ ਦੇ ਪਹਿਲੇ ਹੀ ਦਿਨ ਬੱਸ ਸੇਵਾਵਾਂ ਠੱਪ ਹੋਣ ਕਾਰਨ ਸਕੂਲ-ਕਾਲਜ ਜਾਣ ਵਾਲੇ ਵਿਦਿਆਰਥੀਆਂ, ਦਫ਼ਤਰੀ ਕਾਮਿਆਂ ਤੇ ਖਾਸ ਕਰਕੇ ਮਹਿਲਾ ਯਾਤਰੀਆਂ ਨੂੰ ਭਾਰੀ ਪ੍ਰੇਸ਼ਾਨੀ ਝੱਲਣੀ ਪਈ ਅਤੇ ਲੋਕ ਨਿੱਜੀ ਤੇ ਹੋਰ ਸਾਧਨਾਂ ਦਾ ਸਹਾਰਾ ਲੈਣ ਲਈ ਮਜਬੂਰ ਹੋਏ।

ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਰੋਡਵੇਜ਼ ਤੇ ਪਨਬੱਸ ਦੇ ਆਉਟਸੋਰਸ ਅਤੇ ਕੰਟਰੈਕਟ (ਕੱਚੇ) ਮੁਲਾਜ਼ਮਾਂ ਵੱਲੋਂ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਸੂਬਾ ਪੱਧਰ 'ਤੇ ਤਿੰਨ ਦਿਨਾਂ ਦੀ ਹੜਤਾਲ ਸ਼ੁਰੂ ਕਰ ਦਿੱਤੀ ਹੈ।ਇਸ ਹੜਤਾਲ ਵਿੱਚ ਪੰਜਾਬ ਭਰ ਦੇ ਕਰੀਬ 9 ਹਜ਼ਾਰ ਮੁਲਾਜ਼ਮ ਸ਼ਾਮਲ ਹੋ ਕੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰ ਰਹੇ ਹਨ।ਪ੍ਰਦਰਸ਼ਨਕਾਰੀ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਵਾਅਦਾ ਕੀਤਾ ਗਿਆ ਸੀ ਕਿ ਪੰਜਾਬ ਰੋਡਵੇਜ਼ ਤੇ ਪਨਬੱਸ ਦੇ ਸਾਰੇ ਕੱਚੇ, ਆਉਟਸੋਰਸ ਤੇ ਕੰਟਰੈਕਟ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ ਅਤੇ ਟਰਾਂਸਪੋਰਟ ਵਿਭਾਗ ਨੂੰ ਮਜ਼ਬੂਤ ਕਰਨ ਲਈ ਵੱਡੀ ਗਿਣਤੀ ਵਿੱਚ ਨਵੀਆਂ ਬੱਸਾਂ ਸ਼ਾਮਲ ਕੀਤੀਆਂ ਜਾਣਗੀਆਂ, ਪਰ ਸਾਢੇ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਇਹ ਵਾਅਦੇ ਅਜੇ ਤੱਕ ਪੂਰੇ ਨਹੀਂ ਹੋਏ।ਮੁਲਾਜ਼ਮਾਂ ਨੇ ਦੱਸਿਆ ਕਿ ਉਨ੍ਹਾਂ ਦੀ ਟਰਾਂਸਪੋਰਟ ਮੰਤਰੀ ਨਾਲ ਕਈ ਵਾਰ ਮੀਟਿੰਗ ਹੋ ਚੁੱਕੀ ਹੈ ਤੇ 20 ਜੁਲਾਈ ਨੂੰ ਵੀ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ ਗਿਆ ਸੀ, ਪਰ ਸਰਕਾਰ ਵੱਲੋਂ ਕੋਈ ਠੋਸ ਫ਼ੈਸਲਾ ਨਹੀਂ ਲਿਆ ਗਿਆ।ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਵੱਲੋਂ ਕਿਲੋਮੀਟਰ ਸਕੀਮ ਤਹਿਤ ਨਵੀਆਂ ਬੱਸਾਂ ਚਲਾਈਆਂ ਜਾ ਰਹੀਆਂ ਹਨ, ਜਦਕਿ ਵਿਭਾਗ ਦੇ ਕੱਚੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਅੱਜ ਟਰਾਂਸਪੋਰਟ ਮੰਤਰੀ ਨਾਲ ਯੂਨੀਅਨ ਆਗੂਆਂ ਦੀ ਅਹਿਮ ਮੀਟਿੰਗ ਤੈਅ ਹੈ।ਜੇਕਰ ਇਸ ਮੀਟਿੰਗ ਵਿੱਚ ਉਨ੍ਹਾਂ ਦੀਆਂ ਮੰਗਾਂ ਸਬੰਧੀ ਕੋਈ ਸਕਾਰਾਤਮਕ ਫ਼ੈਸਲਾ ਨਹੀਂ ਲਿਆ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ ਤੇ ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਸਮੇਤ ਵੱਡੇ ਪੱਧਰ 'ਤੇ ਅਗਲਾ ਐਕਸ਼ਨ ਐਲਾਨਿਆ ਜਾਵੇਗਾ।

# ਚੰਨੀ-ਵੜਿੰਗ ਵਿਵਾਦ ਹੋਰ ਭਖਿਆ, ਮੀਟਿੰਗ 'ਚ ਹੋਈ ਨਾਅਰੇਬਾਜ਼ੀ, ਵੜਿੰਗ ਨੇ ਵੀ ਘੇਰੇ ਵਿਰੋਧੀ..!




**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਪੰਜਾਬ ਪ੍ਰਧਾਨ ਦੀ ਦਾਅਵੇਦਾਰੀ ਨੂੰ ਲੈ ਕੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿੱਚ ਚੱਲ ਰਿਹਾ ਵਿਵਾਦ ਦਿਨ ਬ ਦਿਨ ਭਖਦਾ ਜਾ ਰਿਹਾ ਹੈ।ਪੰਜਾਬ ਇੰਚਾਰਜ ਭੂਪੇਸ਼ ਬਘੇਲ ਵੱਲੋਂ ਜ਼ਿਲ੍ਹਾ ਪੱਧਰੀ ਕੀਤੀਆਂ ਜਾ ਰਹੀਆਂ ਮੀਟਿੰਗਾਂ ਦੀ ਲੜੀ ਤਹਿਤ ਜ਼ਿਲ੍ਹਾ ਬਠਿੰਡਾ ਦੀ ਮੀਟਿੰਗ ਗੋਨਿਆਣਾ ਵਿਖੇ ਇੱਕ ਪੈਲੇਸ ਵਿੱਚ ਹੋਈ, ਜਿਸ ਵਿੱਚ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪੰਜਾਬ ਪ੍ਰਧਾਨ ਪੰਜਾਬ ਇੰਚਾਰਜ ਭੂਪੇਸ਼ ਬਘੇਲ ਨੇ ਸੰਬੋਧਨ ਕਰਦਿਆਂ ਵਰਕਰਾਂ ਨੂੰ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਲਾਮਬੰਦ ਹੋਣ ਦਾ ਸੱਦਾ ਦਿੱਤਾ ਅਤੇ ਸਰਕਾਰ ਬਣਾਉਣ ਦਾ ਦਾਅਵਾ ਕੀਤਾ।

ਵੜਿੰਗ ਤੇ ਬਘੇਲ ਨੇ ਕਾਂਗਰਸ ਦੇ ਕਲੇਸ਼ 'ਤੇ ਜਵਾਬ ਦਿੰਦਿਆਂ ਕਿਹਾ ਕਿ ਸਭ ਕੁਝ ਠੀਕ ਠਾਕ ਹੈ ਅਤੇ ਸਾਰੀ ਲੀਡਰਸ਼ਿਪ ਇੱਕਜੁੱਟ ਹੋ ਕੇ ਆਉਂਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਿੱਚ ਹੈ।ਮੀਟਿੰਗ ਵਿੱਚ ਮਾਹੌਲ ਉਸ ਸਮੇਂ ਤਲਖੀ ਵਾਲਾ ਬਣ ਗਿਆ ਜਦੋਂ ਚੰਨੀ ਸਮਰਥਕ ਨੌਜਵਾਨਾਂ ਵੱਲੋਂ ਚੰਨੀ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।

ਹਾਲਾਤ ਉਸ ਸਮੇਂ ਹੋਰ ਵਿਗੜ ਗਏ, ਜਦੋਂ ਨਾਅਰੇ ਲਾਉਣ ਵਾਲੇ ਨੌਜਵਾਨ ਨੂੰ ਵੜਿੰਗ ਨੇ ਸਟੇਜ 'ਤੇ ਸੱਦ ਲਿਆ ਤੇ ਚੰਨੀ ਦੇ ਹੱਕ ਵਿੱਚ ਨਾਅਰੇ ਲਾਉਣ ਲਈ ਉਕਸਾਇਆ, ਜਿਸ 'ਤੇ ਉਕਤ ਵਰਕਰ ਨੇ ਚੰਨੀ ਜ਼ਿੰਦਾਬਾਦ ਤੇ ਰਾਹੁਲ ਗਾਂਧੀ ਜ਼ਿੰਦਾਬਾਦ ਦੇ ਨਾਅਰੇ ਲਾਏ, ਫਿਰ ਵੜਿੰਗ ਨੇ ਉਕਤ ਸਮਰਥਕ ਨੂੰ ਚੰਨੀ ਨੂੰ ਫੋਨ ਲਾਉਣ ਲਈ ਕਹਿ ਦਿੱਤਾ।

ਉਕਤ ਸਮਰਥਕ ਨੇ ਵੀ ਚੰਨੀ ਨੂੰ ਫੋਨ ਲਾ ਲਿਆ, ਪਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਸਮਰਥਕ ਦਾ ਫੋਨ ਨਾ ਚੱਕਿਆ, ਜਿਸ 'ਤੇ ਵੜਿੰਗ ਨੇ ਚੁਟਕੀ ਲੈਂਦਿਆਂ ਕਿਹਾ ਕਿ ਕੁਲਬੀਰ ਜੀਰਾ ਸਾਹਿਬ ਇਹਨੂੰ ਮੇਰਾ ਨੰਬਰ ਦੇ ਦਿਓ ਅਤੇ ਉਕਤ ਸਮਰਥਕ ਨੂੰ ਵੜਿੰਗ ਨੇ ਕਿਹਾ ਜਦੋਂ ਮਰਜ਼ੀ ਫੋਨ ਲਾ ਲਈ ਮੈਂ ਫੋਨ ਜ਼ਰੂਰ ਚੱਕੂਗਾ।

ਵੜਿੰਗ ਨੇ ਰੌਲਾ ਪਾਉਣ ਵਾਲੇ ਵਰਕਰਾਂ ਨੂੰ ਵਿਰੋਧੀਆਂ ਦੀ ਚਾਲ ਦੱਸਿਆ ਤੇ ਕਿਹਾ ਕਿ ਚੰਨੀ ਕਦੇ ਨਹੀਂ ਕਾਂਗਰਸ ਦੇ ਪ੍ਰੋਗਰਾਮ ਵਿੱਚ ਵਿਘਨ ਪਾਉਣ ਲਈ ਕਹਿ ਸਕਦੇ, ਇਹ ਰੌਲਾ ਵਿਰੋਧੀ ਪਵਾ ਰਹੇ ਹਨ।ਵੜਿੰਗ ਨੇ ਤਲਖੀ ਵਾਲੇ ਅੰਦਾਜ਼ ਵਿੱਚ ਚੰਨੀ ਸਮਰਥਕਾਂ ਨੂੰ ਕਰੜੇ ਹੱਥੀਂ ਵੀ ਲਿਆ ਅਤੇ ਗੰਭੀਰ ਇਲਜ਼ਾਮ ਲਾਉਂਦਿਆਂ ਨਵੇਂ ਚਿਹਰੇ ਦੇ ਨੌਜਵਾਨਾਂ ਨੂੰ ਟਿਕਟਾਂ ਦਵਾਉਣ ਦੀ ਗੱਲ ਕਹੀ।

ਪੰਜਾਬ ਇੰਚਾਰਜ ਭੂਪੇਸ਼ ਬਘੇਲ ਅਤੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੋਸ਼ ਲਾਏ ਕਿ ਪੰਜਾਬ ਦੇ ਹਾਲਾਤ ਸਰਕਾਰ ਦੇ ਹੱਥੋਂ ਨਿਕਲ ਚੁੱਕੇ ਹਨ, ਪਰ ਮੁੱਖ ਮੰਤਰੀ ਭਗਵੰਤ ਮਾਨ ਦਾ ਕੋਈ ਧਿਆਨ ਨਹੀਂ।ਇਸ ਮੌਕੇ ਕਾਂਗਰਸ ਦੇ ਘਮਸਾਨ ਤੇ ਵੜਿੰਗ ਨੇ ਪੱਤਰਕਾਰਾਂ ਨਾਲ ਉਲਝਦੇ ਹੋਏ ਕਿਹਾ ਕਿ ਹਾਈਕਮਾਂਡ ਉਨ੍ਹਾਂ ਦੇ ਨਾਲ ਹੈ ਮੈਂ ਅਸਤੀਫ਼ਾ ਕਿਉਂ ਦੇਵਾਂ, ਪਰ ਦੂਜਾ ਧੜਾ ਬਿਨਾਂ ਮਤਲਬ ਦੀ ਵਿਵਾਦਤ ਕਾਰਗੁਜ਼ਾਰੀ ਕਰ ਰਿਹਾ ਹੈ, ਜਿਸ ਦੇ ਹਾਈਕਮਾਂਡ ਨਿਗ੍ਹਾ ਰੱਖ ਰਹੀ ਹੈ।

## ਕਾਤਰਾਂ

### ਹੈਰੋਇਨ ਸਮੇਤ ਕਾਬੂ

**ਬੱਧਨੀ ਕਲਾਂ (ਲਵਲੀ ਕੁਮਾਰ)**-ਪੁਲਸ ਚੌਕੀ ਬਿਲਾਸਪੁਰ ਦੀ ਟੀਮ ਨੇ ਨਸ਼ਾ ਤਸਕਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਇੱਕ ਵਿਅਕਤੀ ਨੂੰ 10 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ।ਜਾਣਕਾਰੀ ਅਨੁਸਾਰ ਚੌਕੀ ਇੰਚਾਰਜ ਜਸਵੰਤ ਸਿੰਘ ਸਰਾਂ ਦੀ ਅਗਵਾਈ ਹੇਠ ਏ ਐੱਸ ਆਈ ਇਕਬਾਲ ਸਿੰਘ, ਹੈੱਡ ਕਾਂਸਟੇਬਲ ਧਰਮ ਪਾਲ ਤੇ ਸਮੂਹੀ ਪੁਲਸ ਟੀਮ ਨੇ ਸੰਦੀਪ ਸਿੰਘ ਉਰਫ਼ ਮੱਦੀ ਪੁੱਤਰ ਅੰਮ੍ਰਿਤਪਾਲ ਸਿੰਘ ਵਾਸੀ ਮਾਛੀਕੇ ਨੂੰ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ।ਪੁਲਸ ਨੇ ਮੁਲਜ਼ਮ ਖ਼ਿਲਾਫ਼ ਪੁਲਸ ਚੌਕੀ ਬਿਲਾਸਪੁਰ ਵਿਖੇ ਮਾਮਲਾ ਦਰਜ ਕਰ ਲਿਆ ਹੈ।ਪੁਲਸ ਵੱਲੋਂ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

### ਸਕੂਲ ਬੱਸਾਂ ਦੀ ਚੈਕਿੰਗ, ਦੋ ਦੇ ਚਲਾਨ

**ਧੂਰੀ (ਮਨੋਹਰ ਸਿੰਘ ਸੱਗੂ)**-ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸੰਗਰੂਰ ਪਰਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਧੂਰੀ ਵਿਖੇ ਸਕੂਲ ਬੱਸਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਗਈ।ਇਸ ਦੌਰਾਨ ਟ੍ਰੈਫਿਕ ਇੰਚਾਰਜ ਸੰਜੇ ਕੁਮਾਰ, ਸਿੱਖਿਆ ਵਿਭਾਗ ਦੇ ਇੰਦਰਜੀਤ ਸਿੰਘ ਤੇ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਸੰਗਰੂਰ ਦੇ ਅਮਨਦੀਪ ਸਿੰਘ ਵੱਲੋਂ ਸਾਂਝੇ ਤੌਰ 'ਤੇ ਅੱਠ ਸਕੂਲ ਬੱਸਾਂ ਦੀ ਜਾਂਚ ਕੀਤੀ ਗਈ।ਚੈਕਿੰਗ ਦੌਰਾਨ ਦੋ ਬੱਸਾਂ ਵਿੱਚ ਨਿਯਮਾਂ ਦੀ ਉਲੰਘਣਾ ਪਾਈ ਗਈ।ਇੱਕ ਬੱਸ ਵਿੱਚ ਫਸਟ ਏਡ ਕਿੱਟ ਦੀ ਕਮੀ ਤੇ ਦੂਜੀ ਵਿੱਚ ਡਰਾਈਵਰ ਵੱਲੋਂ ਨਿਰਧਾਰਤ ਵਰਦੀ ਨਾ ਪਹਿਨਣ ਕਾਰਨ ਦੋ ਚਲਾਨ ਕੀਤੇ ਗਏ।ਟੀਮ ਨੇ ਸਕੂਲ ਪ੍ਰਬੰਧਕਾਂ ਤੇ ਬੱਸ ਚਾਲਕਾਂ ਨੂੰ ਹਦਾਇਤ ਕੀਤੀ ਕਿ ਫਸਟ ਏਡ ਕਿੱਟ, ਅੱਗ ਬੁਝਾਊ ਯੰਤਰ, ਲੋੜੀਂਦੇ ਦਸਤਾਵੇਜ਼ ਤੇ ਹੋਰ ਸੁਰੱਖਿਆ ਉਪਕਰਨ ਹਰ ਸਮੇਂ ਬੱਸਾਂ ਵਿੱਚ ਮੌਜੂਦ ਹੋਣੇ ਚਾਹੀਦੇ ਹਨ।ਪ੍ਰਦੀਪ ਸਿੰਘ ਗਿੱਲ ਨੇ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

### ਮੋਟਰਸਾਈਕਲ ਸਵਾਰ ਸੋਨੇ ਦੇ ਚੈਨੀ ਝਪਟ ਕੇ ਫਰਾਰ

**ਧੂਰੀ (ਮਨੋਹਰ ਸਿੰਘ ਸੱਗੂ)**-ਐਤਵਾਰ ਸਵੇਰੇ ਸਥਾਨਕ ਸ਼ਹਿਰ ਅੰਦਰ ਮਾਲ ਗੋਦਾਮ ਰੋਡ 'ਤੇ ਮੋਟਰਸਾਈਕਲ ਸਵਾਰ ਝਪਟਮਾਰ ਰਾਹ ਤੁਰੇ ਜਾਂਦੇ ਕੱਪੜਾ ਵਪਾਰੀ ਦੀ ਸੋਨੇ ਦੀ ਚੈਨੀ ਝਪਟ ਕੇ ਫਰਾਰ ਹੋ ਗਏ।ਝਪਟਮਾਰੀ ਦਾ ਸ਼ਿਕਾਰ ਹੋਏ ਹੋਲਸੇਲ ਕੱਪੜਾ ਵਪਾਰੀ ਲਖਪਤ ਵੱਲੋਂ ਸਥਾਨਕ ਪੁਲਸ ਕੋਲ ਕੀਤੀ ਗਈ ਲਿਖਤੀ ਸ਼ਿਕਾਇਤ ਅਨੁਸਾਰ ਉਹ ਐਤਵਾਰ ਸਵੇਰੇ ਸਾਢੇ ਕੁ ਅੱਠ ਵਜੇ ਆਪਣੇ ਘਰ ਨੇੜੇ ਗੋਲ ਪਾਰਕ ਕੋਲ ਸੈਰ ਕਰ ਰਿਹਾ ਸੀ ਕਿ ਸਾਹਮਣਿਓਂ ਆਏ ਦੋ ਮੋਟਰਸਾਈਕਲ ਸਵਾਰ ਉਸ ਦੇ ਗਲੇ 'ਚ ਪਾਏ ਲੌਕਟ ਸਮੇਤ ਸੋਨੇ ਦੀ ਚੈਨੀ ਝਪਟ ਕੇ ਫਰਾਰ ਹੋ ਗਏ।ਝਪਟਮਾਰਾਂ ਦੀਆਂ ਤਸਵੀਰਾਂ ਆਂਢ ਗੁਆਂਢ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ 'ਚ ਕੈਦ ਹੋ ਗਈਆਂ।

# ਸਰਕਾਰੀ ਕਾਲਜ ਲੜਕੀਆਂ ਵਿਖੇ ਨਵੀਂ ਵਿਦਿਆਰਥੀ ਕੌਂਸਲ ਦੀ ਸਥਾਪਨਾ



**ਲੁਧਿਆਣਾ (ਰੈਕਟਰ ਕਥੂਰੀਆ)**-ਸਰਕਾਰੀ ਕਾਲਜ ਲੜਕੀਆਂ ਲੁਧਿਆਣਾ ਦੀ ਨਵੀਂ ਵਿਦਿਆਰਥੀ ਕੌਂਸਲ ਦਾ ਉਦਘਾਟਨ ਸਮਾਰੋਹ 3 ਅਗਸਤ ਨੂੰ ਕੀਤਾ ਗਿਆ।ਮਾਣਯੋਗ ਪ੍ਰਿੰਸੀਪਲ ਸ੍ਰੀਮਤੀ ਸੁਮਨ ਲਤਾ ਦੁਆਰਾ ਕੁੱਲ 50 ਕੌਂਸਲ ਮੈਂਬਰਾਂ ਦਾ ਸਨਮਾਨ ਕੀਤਾ ਗਿਆ।ਬੀਏ-999 ਦੀ ਵਿਦਿਆਰਥਣ ਜੈਸਮੀਨ ਕੌਰ ਨੂੰ ਹੈੱਡ ਗਰਲ ਚੁਣਿਆ ਗਿਆ।ਬੀਏ-99 ਦੀ ਵਿਦਿਆਰਥਣ ਸੰਨਿਧਾ ਮਹਾਜਨ, ਬੀਐੱਸਸੀ-999 ਦੀ ਵਿਦਿਆਰਥਣ ਜੈਸਮੀਨ ਕੌਰ ਤੇ ਬੀਏ-99 ਦੀ ਵਿਦਿਆਰਥਣ ਕਨਿਕਾ ਮਲਹੋਤਰਾ ਨੂੰ ਕ੍ਰਮਵਾਰ ਡਿਪਟੀ ਹੈੱਡ ਗਰਲ, ਸਕੱਤਰ ਤੇ ਸੰਯੁਕਤ ਸਕੱਤਰ ਚੁਣਿਆ ਗਿਆ। ਵਿਦਿਆਰਥੀਆਂ ਨੇ ਸੰਸਥਾ ਦੇ ਵਿਕਾਸ ਲਈ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੇ ਦਿਲ ਨਾਲ ਨਿਭਾਉਣ ਦਾ ਪ੍ਰਣ ਲਿਆ।ਇਸ ਮੌਕੇ ਪ੍ਰਿੰਸੀਪਲ ਸੁਮਨ ਲਤਾ ਨੇ ਸਾਰੇ ਨਵੇਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਦੱਸਿਆ ਕਿ ਉਹ ਸਾਰੇ ਕਾਲਜ ਦੀ ਤਰੱਕੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।ਉਨ੍ਹਾਂ ਵਿਦਿਆਰਥੀ ਕੌਂਸਲ ਦੇ ਇੰਚਾਰਜ ਡਾ. ਹਰਲੀਨ ਦੀ ਸਖ਼ਤ ਮਿਹਨਤ ਤੇ ਸਮਰਪਣ ਲਈ ਪ੍ਰਸ਼ੰਸਾ ਕੀਤੀ। ਸਮਾਰੋਹ ਦੇ ਅੰਤ ਵਿੱਚ ਡਾ. ਹਰਲੀਨ ਕੌਰ ਨੇ ਧੰਨਵਾਦ ਮਤਾ ਪੇਸ਼ ਕੀਤਾ।

# ਮੋਹਨ ਲਾਲ ਵਾਲੀ ਗਲੀ ਬਣੀ ਨਰਕ : 15 ਸਾਲਾਂ ਤੋਂ ਸੀਵਰੇਜ ਦੀ ਮਾਰ ਝੱਲ ਰਹੇ ਲੋਕ ਘਰ ਵੇਚਣ ਲਈ ਮਜਬੂਰ !

## ਗੰਦੇ ਪਾਣੀ ਤੇ ਮੱਛਰਾਂ ਦੀ ਭਰਮਾਰ ਕਾਰਨ ਬੀਮਾਰ ਹੋ ਰਹੇ ਬੱਚੇ, ਰਿਸ਼ਤੇਦਾਰਾਂ ਨੇ ਵੀ ਮੋੜਿਆ ਮੁੱਖ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਕਿਸੇ ਸਮੇਂ ਪੌਸ਼ ਏਰੀਆ ਮੰਨੇ ਜਾਂਦੇ ਖੇਤਰ ਦੀ ਮੋਹਨ ਲਾਲ ਵਾਲੀ ਗਲੀ ਨੰਬਰ 3 ਅੱਜ ਪ੍ਰਸ਼ਾਸਨ ਅਣਦੇਖੀ ਕਾਰਨ ਸੀਵਰੇਜ ਦੇ ਨਰਕ ਵਿੱਚ ਤਬਦੀਲ ਹੋ ਚੁੱਕੀ ਹੈ।ਪਿਛਲੇ 15 ਸਾਲਾਂ ਤੋਂ ਤਰਸਯੋਗ ਖਸਤਾ ਹਾਲ ਸੀਵਰੇਜ ਦੇ ਗੰਦੇ ਪਾਣੀ, ਭਿਆਨਕ ਬਦਬੂ ਤੇ ਮੱਛਰਾਂ ਦੇ ਪ੍ਰਕੋਪ ਤੋਂ ਤੰਗ ਆ ਕੇ ਇੱਥੋਂ ਦੇ ਵਾਸੀ ਆਪਣੇ ਪੁਰਖਿਆਂ ਦੇ ਘਰ ਵੇਚ ਕੇ ਪ੍ਰਵਾਸ ਕਰਨ ਲਈ ਮਜਬੂਰ ਹੋ ਰਹੇ ਹਨ।ਦੁਖਦ ਪਹਿਲੂ ਇਹ ਹੈ ਕਿ ਗਲੀ ਦੀ ਖਸਤਾ ਹਾਲਤ ਦੇਖ ਕੇ ਹੁਣ ਕੋਈ ਖਰੀਦਦਾਰ ਇੱਥੇ ਮਕਾਨ ਲੈਣ ਲਈ ਵੀ ਤਿਆਰ ਨਹੀਂ ਹੈ।ਗਲੀ ਵਿੱਚ ਹਰ ਵੇਲੇ ਓਵਰਫਲੋਅ ਹੁੰਦਾ ਗੰਦਾ ਪਾਣੀ ਲੋਕਾਂ ਦੀਆਂ ਦਹਿਲੀਜ਼ਾਂ ਲੰਘ ਕੇ ਘਰਾਂ ਦੇ ਅੰਦਰ ਵੜ ਰਿਹਾ ਹੈ, ਜਿਸ ਕਾਰਨ ਸਥਾਨਕ ਨਿਵਾਸੀ ਇਸੇ ਬਦਬੂਦਾਰ ਪਾਣੀ ਵਿੱਚੋਂ ਲੰਘ ਕੇ ਆਉਣ-ਜਾਣ ਲਈ ਮਜਬੂਰ ਹਨ।ਗਲੀ ਵਾਸੀ ਹਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਅਮਨਦੀਪ ਸਿੰਘ, ਕੁਲਬੀਰ ਸਿੰਘ, ਅਮਨ ਠਾਕੁਰ, ਲਵਲੀ, ਵੀਨਾ ਰਾਣੀ, ਆਸ਼ਾ ਰਾਣੀ, ਪਰਮਜੀਤ ਤੇ ਗੌਰਵ ਕੁਮਾਰ ਨੇ ਆਪਣੇ ਦਰਦ ਬਿਆਨ ਕਰਦਿਆਂ ਦੱਸਿਆ ਕਿ ਉਹ ਨਗਰ ਕੌਂਸਲ ਤੋਂ ਲੈ ਕੇ ਜਨ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਬੂਹੇ ਖੜਕਾ-ਖੜਕਾ ਕੇ ਥੱਕ ਚੁੱਕੇ ਹਨ, ਪਰ ਕਿਸੇ ਵੀ ਜ਼ਿੰਮੇਵਾਰ ਅਧਿਕਾਰੀ ਦੇ ਕੰਨ 'ਤੇ ਜੂੰ ਨਹੀਂ ਸਰਕੀ।

ਪੀੜਤਾਂ ਨੇ ਦੱਸਿਆ ਕਿ ਦੂਸ਼ਿਤ ਪਾਣੀ ਤੇ ਮੱਛਰਾਂ ਦੀ ਭਰਮਾਰ ਕਾਰਨ ਘਰਾਂ ਵਿੱਚ ਬੱਚੇ ਲਗਾਤਾਰ ਬੀਮਾਰ ਰਹਿਣ ਲੱਗੇ ਹਨ।ਹਾਲਾਤ ਇਹ ਬਣ ਚੁੱਕੇ ਹਨ ਕਿ ਨਰਕ ਭਰੇ ਮਾਹੌਲ ਕਾਰਨ ਰਿਸ਼ਤੇਦਾਰਾਂ ਤੇ ਸਾਕ-ਸੰਬੰਧੀਆਂ ਨੇ ਵੀ ਇੱਥੇ ਆਉਣਾ ਛੱਡ ਦਿੱਤਾ ਹੈ, ਜਿਸ ਨਾਲ ਉਹ ਆਪਣੇ ਆਪ ਨੂੰ ਸਮਾਜ ਨਾਲੋਂ ਕੱਟੇ ਹੋਏ ਮਹਿਸੂਸ ਕਰ ਰਹੇ ਹਨ।ਵਿਭਾਗੀ ਕਾਰਵਾਈ 'ਤੇ ਰੋਸ ਜਤਾਉਂਦਿਆਂ ਉਨ੍ਹਾਂ ਕਿਹਾ ਕਿ ਜਨ ਸਿਹਤ ਵਿਭਾਗ ਦੇ ਮੁਲਾਜ਼ਮ ਕਦੇ-ਕਦਾਈਂ ਬਾਂਸ ਮਾਰ ਕੇ ਡੰਗ-ਟਪਾਊ ਕੰਮ ਕਰ ਜਾਂਦੇ ਹਨ, ਜਦਕਿ ਮਸਲਾ ਜਿਉਂ ਦਾ ਤਿਉਂ ਖੜ੍ਹਾ ਹੈ।ਉਨ੍ਹਾਂ ਜ਼ੋਰਦਾਰ ਮੰਗ ਕੀਤੀ ਕਿ ਇਸ ਗਲੀ ਵਿੱਚ ਤੁਰੰਤ ਨਵਾਂ ਸੀਵਰੇਜ ਪਾਇਆ ਜਾਵੇ ਤਾਂ ਜੋ ਇਸ ਵਿਕਰਾਲ ਸਮੱਸਿਆ ਦਾ ਸਥਾਈ ਹੱਲ ਹੋ ਸਕੇ।ਇਸ ਸਬੰਧੀ ਜਦੋਂ ਜਨ ਸਿਹਤ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਕੇਵਲ ਗਰਗ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦਾਅਵਾ ਕੀਤਾ ਕਿ ਇਸ ਖੇਤਰ ਵਿੱਚ ਨਵੀਂ ਸੀਵਰੇਜ ਪਾਈਪਲਾਈਨ ਵਿਛਾਉਣ ਲਈ ਚਾਰਾਜੋਈ ਕੀਤੀ ਜਾ ਰਹੀ ਹੈ।ਉਨ੍ਹਾਂ ਆਖਿਆ ਕਿ ਜਦੋਂ ਤੱਕ ਨਵਾਂ ਪ੍ਰੋਜੈਕਟ ਸਿਰੇ ਨਹੀਂ ਚੜ੍ਹਦਾ, ਉਦੋਂ ਤੱਕ ਆਰਜ਼ੀ ਤੌਰ 'ਤੇ ਸਫ਼ਾਈ ਕਰਵਾ ਕੇ ਸੀਵਰੇਜ ਦੀ ਨਿਕਾਸੀ ਨੂੰ ਚਾਲੂ ਰੱਖਣ ਦੀਆਂ ਕੜੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

# ਸੀਨੀਅਰ ਪੱਤਰਕਾਰ ਸਤੀਸ਼ ਕੁਮਾਰ ਸਾਹਨੀ ਦਾ ਦੇਹਾਂਤ

## ਪੱਤਰਕਾਰਾਂ, ਬੁੱਧੀਜੀਵੀਆਂ, ਸਮਾਜ ਸੇਵੀਆਂ ਤੇ ਰਾਜਨੀਤਕ ਪਾਰਟੀਆਂ ਨੇ ਕੀਤਾ ਪਰਵਾਰ ਨਾਲ ਦੁੱਖ ਸਾਂਝਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿਛਲੇ ਲੰਬੇ ਸਮੇਂ ਪੱਤਰਕਾਰੀ ਨਾਲ ਜੁੜੇ ਸਤੀਸ਼ ਕੁਮਾਰ ਸਾਹਨੀ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਸਦੀਵੀ ਵਿਛੋੜਾ ਦੇ ਗਏ।ਸਤੀਸ਼ ਸਾਹਨੀ ਨੇ ਪੱਤਰਕਾਰੀ ਕਰਦਿਆਂ ਦੂਰਦਰਸ਼ਨ, ਅਕਾਲੀ ਪੱਤਰਕਾਰ, ਹਿੰਦ ਸਮਾਚਾਰ ਤੇ ਜਗਬਾਣੀ ਕਲਾ ਆਦਿ ਅਖ਼ਬਾਰਾਂ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ।ਸਤੀਸ਼ ਸਾਹਨੀ ਦਾ ਅੰਤਿਮ ਸੰਸਕਾਰ ਗਾਂਧੀ ਰੋਡ ਮੋਗਾ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ।ਉਨ੍ਹਾਂ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਵਿਕਾਸ ਸਾਹਨੀ ਤੇ ਬਿਪਨ ਸਾਹਨੀ ਨੇ ਦਿਖਾਈ।ਸਤੀਸ਼ ਸਾਹਨੀ ਨੇ ਹਮੇਸ਼ਾ ਹੀ ਨਿਰਪੱਖਤਾ ਨਾਲ ਪੱਤਰਕਾਰੀ ਕੀਤੀ ਤੇ ਸ਼ਹਿਰ ਵਿੱਚ ਚੰਗਾ ਨਾਮਣਾ ਖੱਟਿਆ।ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਸ਼ਾਮਲ ਹੁੰਦਿਆਂ ਸਾਥੀ ਪੱਤਰਕਾਰਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਆਪਣੇ ਵਿਛੜੇ ਸਾਥੀ ਨੂੰ ਅਕੀਦਤ ਭੇਟ ਕੀਤੀ।ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਸਪੁੱਤਰ ਵਿਕਾਸ ਸਾਹਨੀ ਨਾਲ ਸੀਨੀਅਰ ਕਾਂਗਰਸੀ ਆਗੂ ਲਾਭ ਸਿੰਘ ਆਹਲੂਵਾਲੀਆ, ਸਾਬਕਾ ਚੇਅਰਮੈਨ ਸੀਨੀਅਰ ਕਾਂਗਰਸੀ ਆਗੂ ਵਿਨੋਦ ਬਾਂਸਲ, ਭਾਜਪਾ ਆਗੂ ਵਿਨੇ ਸ਼ਰਮਾ, ਐਡਵੋਕੇਟ ਵਿਜੇ ਧੀਰ, ਪੱਤਰਕਾਰ ਪਵਨ ਗਰੋਵਰ ਕੈਨੇਡਾ, ਪੱਤਰਕਾਰ ਗੋਪੀ ਰਾਊਕੇ, ਪੱਤਰਕਾਰ ਓਪੀ ਆਜ਼ਾਦ ਪੱਤਰਕਾਰ ਸੁਰਿੰਦਰ ਪਾਲ ਸਿੰਘ, ਜਸਪਾਲ ਸਿੰਘ ਬੱਬੀ, ਪੱਤਰਕਾਰ ਬਲਵਿੰਦਰ ਬਿੰਦਾ, ਜੈ ਕ੍ਰਿਸ਼ਨ ਗੁਲਾਟੀ ਪੱਤਰਕਾਰ, ਇਲੈਕਟ੍ਰੋਨਿਕ ਮੀਡੀਆ ਤੋਂ ਨਵਦੀਪ ਮਹੇਸਰੀ, ਦਲੀਪ ਕੁਮਾਰ, ਸੰਦੀਪ ਪੱਪਲੀ ਦੀਪਕ ਸਿੰਗਲਾ, ਡਾ. ਸੰਦੀਪ ਸ਼ਰਮਾ, ਵਿੱਕੀ ਬੱਬਰ, ਸ਼ੁਭਮ ਵਰਮਾ, ਪ੍ਰਦੂਮਣ ਸਿੰਘ ਭੱਟੀ, ਨਵੀਨ ਕੁਮਾਰ, ਪ੍ਰੈੱਸ ਫੋਟੋਗਰਾਫਰ ਹਰਜੀਤ ਸਿੰਘ, ਰਾਜੂ ਕੁਮਾਰ, ਨਰੇਸ਼ ਕੌੜਾ, ਸੁਧੀਰ ਗਰਗ, ਨੀਲਾ ਧਮੀਜਾ, ਨਿਸ਼ੀ ਮਨਚੰਦਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਧਾਰਮਿਕ, ਸਮਾਜਿਕ, ਰਾਜਨੀਤਕ ਪਾਰਟੀ ਦੇ ਆਗੂਆਂ ਤੇ ਸ਼ਹਿਰ ਦੇ ਪਤਵੰਤਿਆਂ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

# ਦੇਹ ਵਪਾਰ ਦਾ ਧੰਦਾ ਕਰਵਾਉਣ ਵਾਲੇ ਗਰੋਹ ਦਾ ਪਰਦਾ ਫਾਸ਼, ਸੱਤ ਔਰਤਾਂ ਸਮੇਤ ਇੱਕ ਕਾਬੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪਾਤੜਾਂ ਪੁਲਸ ਨੇ ਇੱਕ ਘਰ ਵਿੱਚ ਛਾਪੇਮਾਰੀ ਕਰਕੇ ਪਿਛਲੇ ਲੰਬੇ ਸਮੇਂ ਤੋਂ ਗੈਰ-ਕਾਨੂੰਨੀ ਦੇਹ ਵਪਾਰ ਦਾ ਧੰਦਾ ਕਰਵਾਉਣ ਵਾਲੇ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲਸ ਵੱਲੋਂ ਕੀਤੀ ਗਈ ਇਸ ਕਾਰਵਾਈ ਦੌਰਾਨ ਦੇਹ ਵਪਾਰ ਦੇ ਧੰਦੇ ਵਿੱਚ ਗਲਤਾਨ ਮੌਕੇ ਉੱਤੇ ਮੌਜੂਦ ਸੱਤ ਔਰਤਾਂ ਸਮੇਤ ਇੱਕ ਵਿਅਕਤੀ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ।ਫੜੇ ਗਏ ਕਥਿਤ ਦੋਸ਼ੀਆਂ ਖਿਲਾਫ਼ ਪੁਲਸ ਨੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦਿਆਂ ਥਾਣਾ ਮੁਖੀ ਪਾਤੜਾਂ ਇੰਸਪੈਕਟਰ ਗਗਨਦੀਪ ਸਿੰਘ ਤੇ ਸਿਟੀ ਪੁਲਸ ਚੌਕੀ ਇੰਚਾਰਜ ਜੱਜਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਗੁਪਤ ਸੂਚਨਾ ਦੇ ਅਧਾਰ ਉੱਤੇ ਮਹਿੰਦਰ ਕੌਰ ਵਾਸੀ ਨੇੜੇ ਮੱਛੀ ਪਾਲਣ ਚੁਨਾਗਰਾ ਰੋਡ ਪਾਤੜਾਂ ਦੇ ਘਰ ਉੱਤੇ ਛਾਪੇਮਾਰੀ ਕੀਤੀ।ਉਨ੍ਹਾਂ ਦੱਸਿਆ ਕਿ ਮਹਿੰਦਰ ਕੌਰ ਆਪਣੇ ਘਰ ਵਿੱਚ ਅਕਸਰ ਹੀ ਬਾਹਰੋਂ ਔਰਤਾਂ ਨੂੰ ਬੁਲਾ ਕੇ ਜਿਸਮ ਫਰੋਸ਼ੀ ਦਾ ਧੰਦਾ ਕਰਵਾਉਣ ਦੀ ਆਦੀ ਹੈ।ਇਸ ਮੁਹੱਲੇ 'ਚ ਸ਼ਰੀਫ ਲੋਕ ਆਪਣੇ ਪਰਿਵਾਰ ਤੇ ਬੱਚਿਆਂ ਸਮੇਤ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਮਹਿੰਦਰ ਕੌਰ ਪਿਛਲੇ ਕਾਫੀ ਸਮੇਂ ਤੋਂ ਇਹ ਧੰਦਾ ਕਰ ਰਹੀ ਹੈ, ਜਿਸ ਕਰਕੇ ਇਥੇ ਰਹਿ ਰਹੇ ਸ਼ਰੀਫ਼ ਪਰਵਾਰਾਂ ਦਾ ਘਰ ਤੋਂ ਬਾਹਰ ਨਿਕਲਣਾ ਵੀ ਮੁਸ਼ਕਲ ਹੋ ਰਿਹਾ ਹੈ।ਉਨ੍ਹਾਂ ਦੱਸਿਆ ਕਿ ਮਹਿੰਦਰ ਕੌਰ ਵਿਅਕਤੀਆਂ ਨੂੰ ਆਪਣੇ ਘਰ ਬੁਲਾ ਕੇ ਸ਼ਰੇਆਮ ਜਿਸਮ ਫਰੋਸ਼ੀ ਦਾ ਧੰਦਾ ਕਰਵਾਉਂਦੀ ਸੀ।ਪੁਲਸ ਵੱਲੋਂ ਕੀਤੀ ਗਈ ਛਾਪੇਮਾਰੀ ਦੌਰਾਨ ਸੱਤ ਔਰਤਾਂ ਤੇ ਇੱਕ ਵਿਅਕਤੀ ਨੂੰ ਮੌਕੇ ਉੱਤੇ ਕਾਬੂ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਮਹਿੰਦਰ ਕੌਰ ਵਾਸੀ ਨੇੜੇ ਮੱਛੀ ਪਾਲਣ ਚੁਨਾਗਰਾ ਰੋਡ ਪਾਤੜਾਂ, ਖੁਸ਼ਪ੍ਰੀਤ ਕੌਰ ਵਾਸੀ ਨਵੀ ਅਨਾਜ ਮੰਡੀ ਸੁਨਾਮ ਜ਼ਿਲ੍ਹਾ ਸੰਗਰੂਰ, ਪਰਮਜੀਤ ਕੌਰ ਵਾਸੀ ਕਰਤਾਰਪੁਰਾ ਬਸਤੀ ਸੰਗਰੂਰ, ਮਨਪ੍ਰੀਤ ਕੌਰ ਵਾਸੀ ਪ੍ਰੀਤ ਨਗਰ ਸੰਗਰੂਰ, ਮਨਪ੍ਰੀਤ ਕੌਰ ਵਾਸੀ ਅਵਤਾਰ ਨਗਰ ਪਟਿਆਲਾ, ਅੰਮ੍ਰਿਤਪਾਲ ਕੌਰ ਵਾਸੀ ਟਿੱਬੀ ਬਸਤੀ ਸੁਨਾਮ ਜ਼ਿਲ੍ਹਾ ਸੰਗਰੂਰ, ਪ੍ਰਿੰਸਪਾਲ ਸਿੰਘ ਵਾਸੀ ਪਿੰਡ ਅਲਾਦੀਨਪੁਰ ਜ਼ਿਲ੍ਹਾ ਤਰਨਤਾਰਨ ਤੇ ਲਵਪ੍ਰੀਤ ਕੌਰ ਉਰਫ ਨਵੂ ਉਰਫ ਅੰਬਰਸਰਨੀ ਵਾਸੀ ਚੁਨਾਗਰਾ ਰੋਡ ਹਰਮਨ ਨਗਰ ਪਾਤੜਾਂ ਨੂੰ ਕਾਬੂ ਕਰਕੇ ਕਥਿਤ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ।

# ਗੁਰਦੁਆਰਾ ਰਤਨਗੜ੍ਹ ਸਾਹਿਬ ਦੀ ਨਵੀਂ ਇਮਾਰਤ ਕੀਤੀ ਸੰਗਤਾਂ ਨੂੰ ਸਮਰਪਿਤ

## ਅੱਜ ਹੋਣਗੇ ਗੁਰਦੁਆਰਾ ਲੰਗਰ ਸਾਹਿਬ ਵਿਖੇ ਬਰਸੀ ਸਮਾਗਮ




**ਹਜ਼ੂਰ ਸਾਹਿਬ (ਇਕਬਾਲ ਸਿੰਘ ਖਹਿਰਾ)**-ਪ੍ਰਭ ਭਗਤੀ 'ਚ ਲੀਨ ਅਤੇ ਦਸ਼ਮੇਸ਼ ਪਿਤਾ ਜੀ ਦੇ ਦਰਸ਼ਨਾ ਨੂੰ ਉਡੀਕਦੇ ਸਾਧੂ ਰਤਨ ਦਾਸ ਨੂੰ ਗੁਰੂ ਸਾਹਿਬ ਦੇ ਅੰਤਿਮ ਦਰਸ਼ਨ ਦੇਣ ਵੇਲੇ ਅਤੇ ਸੰਗਤਾਂ ਨੂੰ ਸੰਦੇਸ਼ ਭੇਜਣ ਵਾਲੇ ਸਥਾਨ 'ਤੇ ਸੰਪਰਦਾਇ ਕਾਰ ਸੇਵਾ ਵਾਲੇ ਮਹਾਂਪੁਰਸ਼ ਸੰਤ ਬਾਬਾ ਨਰਿੰਦਰ ਸਿੰਘ-ਸੰਤ ਬਾਬਾ ਬਲਵਿੰਦਰ ਸਿੰਘ ਵੱਲੋਂ ਗੁਰਦੁਆਰਾ ਰਤਨਗੜ੍ਹ ਸਾਹਿਬ ਦੇ ਦਰਬਾਰ ਸਾਹਿਬ ਦੀ ਨਵੀਂ ਇਮਾਰਤ ਨੂੰ ਅੱਜ ਸ੍ਰੀ ਅਖੰਡ ਪਾਠਾਂ ਦੇ ਭੋਗ, ਸਜੇ ਗੁਰਮਤਿ ਸਮਾਗਮ ਦੀ ਅਰਦਾਸ ਉਪਰੰਤ ਸੰਗਤਾਂ ਦੇ ਖੁੱਲ੍ਹੇ ਦਰਸ਼ਨਾਂ ਲਈ ਸਮਰਪਿਤ ਕਰ ਦਿੱਤਾ। ਇਸ ਮੌਕੇ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਜਥੇਦਾਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਪੰਜ ਪਿਆਰੇ ਸਾਹਿਬਾਨ ਉਚੇਚੇ ਤੌਰ ਤੇ ਪਧਾਰੇ। ਅਰਦਾਸ ਸਿੰਘ ਸਾਹਿਬ ਬਾਬਾ ਰਾਮ ਸਿੰਘ ਨੇ ਕੀਤੀ ਜਦਕਿ ਹੁਕਮਨਾਮਾ ਗਿਆਨੀ ਸਰਬਜੀਤ ਸਿੰਘ ਨਿਰਮਲੇ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੇ ਸਰਵਣ ਕਰਵਾਇਆ। ਸੰਤ ਬਾਬਾ ਨਰਿੰਦਰ ਸਿੰਘ ਮੁਖੀ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਗੁਰੂ ਅਤੇ ਸਿੱਖ ਵਿਚਲੇ ਰਿਸ਼ਤੇ, ਸਿੱਖ ਦੀ ਸ਼ਰਧਾ-ਭਾਵਨਾ ਅਤੇ ਗੁਰਦੁਆਰਾ ਸਾਹਿਬ ਦੀ ਲੋੜ ਵਿਸ਼ੇ ਤੇ ਜੋਰ ਦਿੰਦਿਆਂ ਕਿਹਾ ਕਿ ਗੁਰਦੁਆਰੇ ਮਨੁੱਖੀ ਸੇਵਾ ਦੇ ਸਰੋਤ ਹਨ। ਭਾਈ ਸਾਹਿਬ ਭਾਈ ਗਿ: ਪਿੰਦਰਪਾਲ ਸਿੰਘ ਨੇ ਪੁਰਾਤਨ ਲਿਖਤਾਂ ਦੇ ਹਵਾਲਿਆਂ ਨਾਲ ਗੁਰਦੁਆਰਾ ਰਤਨਗੜ੍ਹ ਸਾਹਿਬ ਦੇ ਇਤਿਹਾਸਕ, ਅੰਗ-ਸੰਗ, ਗੁਰੂ ਕੇ ਬਚਨ ਮੰਨਣ ਦਾ ਮਹੱਤਵ ਆਦਿ ਵਿਸ਼ਿਆਂ ਤੇ ਗੁਰਮਿਤ ਦੀ ਰੌਸ਼ਨੀ 'ਚ ਵਿਚਾਰਾਂ ਦੀ ਸਾਂਝ ਪਾਈ। ਪਦਮ ਸ੍ਰੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆ, ਭਾਈ ਗੁਰਪ੍ਰੀਤ ਸਿੰਘ ਜਵੱਦੀ ਟਕਸਾਲ, ਭਾਈ ਗੁਰਪ੍ਰਤਾਪ ਸਿੰਘ ਹਜ਼ੂਰੀ ਰਾਗੀ ਸ਼੍ਰੀ ਹਜ਼ੂਰ ਸਾਹਿਬ ਅਤੇ ਬੀਬੀ ਰਵਿੰਦਰ ਕੌਰ ਪਟਿਆਲਾ ਆਦਿ ਦੇ ਰਾਗੀ ਜੱਥਿਆਂ ਨੇ ਮਨੋਹਰ ਰਸਨਾ ਨਾਲ ਗੁਰਬਾਣੀ ਕੀਰਤਨ ਕੀਤੇ। ਇਸ ਮੌਕੇ ਬਾਬਾ ਜਗਤਾਰ ਸਿੰਘ ਮੁਖੀ ਕਾਰ ਸੇਵਾ ਸ੍ਰੀ ਤਰਨਤਾਰਨ ਸਾਹਿਬ, ਸਿੰਘ ਸਾਹੀਬ ਬਾਬਾ ਬਲਵੀਰ ਸਿੰਘ 96 ਕਰੋੜੀ ਬੁੱਢਾ ਦਲ, ਸੰਤ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖੰਡੂਰ ਸਾਹਿਬ, ਬਾਬਾ ਗੁਰਦੇਵ ਸਿੰਘ ਜੀ ਸ਼ਹੀਦੀ ਬਾਗ, ਬਾਬਾ ਕਸ਼ਮੀਰ ਸਿੰਘ ਸਾ: ਮੁੱਖ ਗ੍ਰੰਥੀ, ਸ੍ਰ: ਰਵਿੰਦਰ ਸਿੰਘ ਕਪੂਰ ਸੁਪਰਡੈਂਟ ਗੁ: ਬੋਰਡ ਸ੍ਰੀ ਪੱਪੂ ਹਜ਼ੂਰ ਸਾਹਿਬ, ਮੀਤ ਜਥੇਦਾਰ ਈਸ਼ਰ ਸਿੰਘ ਮਾਤਾ ਸਾਹਿਬ, ਗਿਆਨੀ ਹਰਪਾਲ ਸਿੰਘ ਹੈਡ ਗ੍ਰੰਥੀ ਨਾਨਕ ਝੀਰਾ ਸਾਹਿਬ, ਡਾ: ਬਲਬੀਰ ਸਿੰਘ ਪ੍ਰਧਾਨ, ਮਨਪ੍ਰੀਤ ਸਿੰਘ ਨਾਨਕ ਝੀਰਾ ਸਾਹਿਬ, ਬਾਬਾ ਬੁੱਧ ਸਿੰਘ ਨਿੱਕੇ ਘੁੰਮਣਾ ਵਾਲੇ, ਬਾਬਾ ਨੰਦ ਸਿੰਘ ਜੀ ਮੁੰਡਾ ਪਿੰਡ ਸੰਪਰਦਾਏ ਬਾਬਾ ਬਿਧੀ ਚੰਦ, ਕਿਸਾਨ ਆਗੂ ਰਾਕੇਸ਼ ਟਿਕੈਤ, ਭਾਈ ਬਲਵਿੰਦਰ ਸਿੰਘ ਗ੍ਰੰਥੀ, ਡਾ: ਬਾਬਾ ਹਰਜਿੰਦਰ ਸਿੰਘ, ਬਾਬਾ ਗੁਰਮੀਤ ਸਿੰਘ ਡਾਚਰ ਹਰਿਆਣਾ, ਬਾਬਾ ਮੇਜਰ ਸਿੰਘ ਸਾਹਨੇਵਾਲ, ਜਥੇ: ਰਣਜੀਤ ਸਿੰਘ ਗੁ: ਗੁਪਤਸਰ ਸਾਹਿਬ ਮਨਮਾੜ੍ਹ, ਬਾਬਾ ਗੁਰਜੀਤ ਸਿੰਘ ਇਯਾਲੀ, ਬਾਬਾ ਕਸ਼ਮੀਰ ਸਿੰਘ ਦੁਸਾਂਝ, ਬਾਬਾ ਕਰਨੈਲ ਸਿੰਘ ਮੋਗਾ, ਬਾਬਾ ਮੰਗਾ ਸਿੰਘ ਧਰਮਕੋਟ, ਜਥੇ: ਮੋਹਨ ਸਿੰਘ ਉੱਤਰਾਖੰਡ, ਜਥੇ: ਦਿਲਬਾਗ ਸਿੰਘ ਅਨੰਦਪੁਰ ਸਾਹਿਬ, ਬਾਬਾ ਦਲੇਰ ਸਿੰਘ, ਬਾਬਾ ਗੁਰਦੇਵ ਸਿੰਘ ਬਨੂੜ ਬਾਬਾ ਨਿਰਮਲ ਸਿੰਘ ਭਗਵਾਨਪੁਰਾ, ਗਿਆਨੀ ਪ੍ਰੀਤਦੀਪ ਸਿੰਘ, ਬਾਬਾ ਇੰਦਰ ਸਿੰਘ, ਬਾਬਾ ਹਰਦੇਵ ਸਿੰਘ, ਬਾਬਾ ਰਜਿੰਦਰ ਸਿੰਘ ਗੁਰੂ ਕੇ ਤਾਲ ਆਗਰਾ ਬਾਬਾ ਨਾਜਰ ਸਿੰਘ ਜੱਥਾ ਭਿੰਡਰਾਂ ਅੰਮ੍ਰਿਤਸਰ, ਬਾਬਾ ਕੁਲਵਿੰਦਰ ਸਿੰਘ ਸਤਲਾਣੀ ਸਾਹਿਬ, ਬਾਬਾ ਜੋਗਾ ਸਿੰਘ ਨਾਨਕਸਰ ਕਰਨਾਲ, ਬਾਬਾ ਬਲਵਿੰਦਰ ਸਿੰਘ ਕਰਾਲੀ, ਰਾਗੀ ਇੰਦਰਜੀਤ ਸਿੰਘ ਫਕਰ ਬੀੜ ਬਾਬਾ ਬੁੱਢਾ ਸਾਹਿਬ, ਡਿਪਟੀ ਕਮਾਂਡਰ ਸੀਆਰਪੀ ਮੁੰਦਖੇੜ ਸੁਰਿੰਦਰ ਪਾਲ ਸਿੰਘ, ਗਿ: ਜਸਪ੍ਰੀਤ ਸਿੰਘ ਨਿਰਮਲੇ, ਬਾਬਾ ਹੀਰਾ ਸਿੰਘ ਗੁਰਦੁਆਰਾ ਦੂਖ ਨਿਵਾਰਨ ਝੂਲਣੇ ਮਹਿਲ ਬਾਬਾ ਹਰੀ ਸਿੰਘ ਨਾਨਕਸਰ ਕਲੇਰਾਂ, ਪ੍ਰਦੀਪ ਸਿੰਘ ਬਾਬਾ ਜੋਗਾ ਸਿੰਘ, ਬਾਬਾ ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ ਸੇਖੋ, ਬਾਬਾ ਬਲਵਿੰਦਰ ਸਿੰਘ ਕੁਰਾਲੀ ਸੁਰਿੰਦਰ ਸਿੰਘ ਕੌਂਠਾ, ਬਿਸ਼ਨ ਸਿੰਘ ਕੌਂਠਾ, ਰਜਿੰਦਰ ਸਿੰਘ ਨਾਨਕਸਰ, ਆਤਮਾ ਸਿੰਘ ਜੀ ਰਤਨਗੜ੍ਹ, ਬਾਬਾ ਹਰੀ ਸਿੰਘ ਭੂਰੀ ਵਾਲੇ, ਬਾਬਾ ਕਸ਼ਮੀਰ ਸਿੰਘ ਥੜਾ ਸਾਹਿਬ, ਬਾਬਾ ਜਥੇਦਾਰ ਜੋਗਾ ਸਿੰਘ, ਭਾਈ ਸੁਖਪਾਲ ਸਿੰਘ ਤੋਂ ਇਲਾਵਾ ਪੁੱਜੀਆਂ ਸਮੁੱਚੀਆਂ ਸਖਸ਼ੀਅਤਾਂ ਦਾ ਸੰਤ ਬਾਬਾ ਨਰਿੰਦਰ ਸਿੰਘ ਅਤੇ ਸੰਤ ਬਾਬਾ ਬਲਵਿੰਦਰ ਸਿੰਘ ਜੀ ਨੇ ਗੁਰ ਮਰਿਆਦਾ ਸਾਹਿਬ ਸਿਰੋਪਾਓ ਨਾਲ ਸਨਮਾਨਿਤ ਕੀਤਾ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 'ਚ ਦਰਪੇਸ਼ ਮੁਸ਼ਕਲਾਂ ਬਾਰੇ ਚਰਚਾ



**ਜ਼ੀਰਾ (ਨਰਿੰਦਰ ਅਨੇਜਾ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਬਲਾਕ ਜ਼ੀਰਾ ਦੀ ਮਹੀਨਾਵਾਰ ਮੀਟਿੰਗ ਦਾਵਤ ਰੈਸਟੋਰੈਂਟ ਜ਼ੀਰਾ ਵਿੱਚ ਪ੍ਰਧਾਨ ਡਾਕਟਰ ਆਤਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਸਕੱਤਰ ਡਾਕਟਰ ਸੰਤੋਖ ਸਿੰਘ ਤੇ ਜ਼ਿਲ੍ਹਾ ਸਹਾਇਕ ਸਟੇਜ ਸਕੱਤਰ ਡਾਕਟਰ ਧਰਮਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਵਿੱਚ ਬਲਾਕ ਦੇ ਮੈਂਬਰਾਂ ਨੂੰ ਕੰਮ ਕਰਨ ਦੌਰਾਨ ਆ ਰਹੀਆਂ ਮੁਸ਼ਕਲਾਂ ਤੇ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਵਿੱਚ ਪ੍ਰਧਾਨ ਆਤਮਾ ਸਿੰਘ, ਸਕੱਤਰ ਸੁਰਜੀਤ ਸਿੰਘ ਤੇ ਉਪਰੋਕਤ ਜ਼ਿਲ੍ਹਾ ਸੀਨੀਅਰ ਆਗੂਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਜ਼ੀਰਾ ਤੇ ਆਸ-ਪਾਸ ਦੇ ਪਿੰਡਾਂ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰਾਂ ਨੂੰ ਸਾਫ ਸੁਥਰਾ ਕੰਮ ਕਰਨ ਲਈ ਕਿਹਾ।ਸਰਪ੍ਰਸਤ ਗੁਰਦਿੱਤ ਸਿੰਘ ਤੇ ਚੇਅਰਮੈਨ ਜਰਨੈਲ ਸਿੰਘ ਨੇ ਸਰਕਾਰ ਕੋਲੋਂ ਲੰਮੇ ਸਮੇਂ ਤੋਂ ਮੰਗੀ ਜਾ ਰਹੀ ਰਜਿਸਟ੍ਰੇਸ਼ਨ ਦੀ ਮੰਗ ਕਰਦਿਆਂ ਕਿਹਾ ਕਿ ਇਹ ਉਹ ਪ੍ਰੈਕਟੀਸ਼ਨਰ ਹਨ, ਜਿਨ੍ਹਾਂ ਨੇ ਕੋਰੋਨਾ ਕਾਲ ਵੇਲੇ ਪਿੰਡਾਂ ਜਾਂ ਸ਼ਹਿਰ ਦੇ ਸਲੱਮ ਏਰੀਏ ਵਿੱਚ ਰਹਿੰਦੇ ਲੋਕਾਂ ਲਈ ਮਸੀਹਾ ਬਣ ਕੇ ਬਹੁੜੇ ਸਨ ਤੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਲੋਕਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਦੇ ਕੇ ਬਚਾਇਆ।ਅੱਜ ਦੀ ਮੀਟਿੰਗ ਵਿੱਚ ਐਂਟਰੈਸ ਹਸਪਤਾਲ ਤੇ ਟਰੌਮਾ ਸੈਂਟਰ ਮੋਗਾ ਦੇ ਨਿਊਰੋਸਰਜਨ ਡਾਕਟਰ ਰਮਨਦੀਪ ਸਿੰਘ ਡਾਂਗ ਨੇ ਪਹੁੰਚ ਕੇ ਆਪਣੇ ਹਸਪਤਾਲ ਵਿੱਚ ਚੱਲ ਰਹੀਆਂ ਇਲਾਜ ਪ੍ਰਣਾਲੀਆਂ ਬਾਰੇ ਜਾਣਕਾਰੀ ਦਿੱਤੀ। ਅਖੀਰ ਵਿੱਚ ਪ੍ਰਧਾਨ ਡਾਕਟਰ ਆਤਮਾ ਸਿੰਘ ਵੱਲੋਂ ਸਾਰੇ ਮੈਂਬਰਾਂ ਤੇ ਡਾਕਟਰ ਰਮਨਦੀਪ ਸਿੰਘ ਡਾਂਗ ਦਾ ਧੰਨਵਾਦ ਕੀਤਾ।ਮੀਟਿੰਗ ਵਿੱਚ ਉਪਰੋਕਤ ਸੀਨੀਅਰ ਆਗੂਆਂ ਤੋਂ ਇਲਾਵਾ ਜ਼ੀਰਾ ਤੇ ਆਸ-ਪਾਸ ਦੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਪ੍ਰੈਕਟੀਸ਼ਨਰਾਂ ਅਜਮੇਰ ਸਿੰਘ ਢੇਰੂ, ਬੋਹੜ ਸਿੰਘ, ਜਸਵਿੰਦਰ ਸਿੰਘ ਸੁੱਖੇਵਾਲਾ, ਜਗਮੀਤ ਸਿੰਘ, ਵਰਿੰਦਰ ਸਿੰਘ, ਲਵਲੀ ਸਿੰਘ, ਮਨਪ੍ਰੀਤ ਸਿੰਘ ਛੁਛਕ, ਸਲਵਿੰਦਰ ਸਿੰਘ, ਬਲਜੀਤ ਸਿੰਘ, ਪੂਰਨ ਸਿੰਘ, ਜਸਵਿੰਦਰ ਸਿੰਘ ਸੋਢੀਵਾਲਾ, ਕੁਲਵੀਰ ਸਿੰਘ, ਹਰਬੰਸ ਸਿੰਘ, ਸੁਖਦੀਪ ਸਿੰਘ, ਸ਼ਮਸ਼ੇਰ ਸਿੰਘ, ਜਗਜੀਤ ਸਿੰਘ, ਗੁਰਭੇਜ ਸਿੰਘ, ਜੋਗਿੰਦਰ ਸਿੰਘ, ਹਰਪ੍ਰੀਤ ਸਿੰਘ, ਤਰਸੇਮ ਸਿੰਘ, ਗੁਰਮੀਤ ਸਿੰਘ, ਸੁਖਬੀਰ ਸਿੰਘ, ਮਨਜੀਤ ਸਿੰਘ, ਵਿਜੇ ਕੁਮਾਰ, ਪਵਨਵੀਰ, ਗੁਰਵਿੰਦਰ ਸਿੰਘ ਚੋਹਲਾ, ਹਰਦੀਪ ਸਿੰਘ, ਲਖਵਿੰਦਰ ਸਿੰਘ, ਸ਼ਿੰਦਰਪਾਲ ਸਿੰਘ, ਮਨਜਿੰਦਰ ਸਿੰਘ, ਸਰਬਜੀਤ, ਗੁਰਬਖਸ਼ ਸਿੰਘ ਆਦਿ ਸ਼ਾਮਲ ਹੋਏ।

# ਇੰਡਸਟਰੀ ਚੈਂਬਰ ਦੀ ਮੀਟਿੰਗ 'ਚ ਜ਼ਿਲ੍ਹਾ ਸੰਗਰੂਰ ਦੇ ਏ ਟੀ ਪੀ ਦੀ ਕਾਰਜਸ਼ੈਲੀ ਨੂੰ ਲੈ ਕੇ ਭੜਕੇ ਉਦਯੋਗਪਤੀ

- ਸੂਬੇ ਦੀ ਬਿਹਤਰੀ ਲਈ ਨਵੇਂ ਉਦਯੋਗਾਂ ਦਾ ਲੱਗਣਾ ਬੇਹੱਦ ਜ਼ਰੂਰੀ : ਡਾ. ਸ਼ਰਮਾ
- ਏ ਟੀ ਪੀ ਸੰਗਰੂਰ ਦਾ ਤੁਰੰਤ ਤਬਾਦਲਾ ਕੀਤਾ ਜਾਵੇ : ਸ਼ੈਂਟੀ ਸਿੰਗਲਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸੰਗਰੂਰ ਡਿਸਟ੍ਰਿਕਟ ਇੰਡਸਟਰੀਅਲ ਚੈਂਬਰ ਬਲਾਕ ਧੂਰੀ ਦੀ ਬਲਾਕ ਪ੍ਰਧਾਨ ਸ਼ਸ਼ੀ ਭੂਸ਼ਣ ਬਾਂਸਲ ਦੀ ਅਗਵਾਈ ਹੇਠ ਹੋਈ ਕਾਰਜਕਾਰਨੀ ਮੀਟਿੰਗ 'ਚ ਚੈਂਬਰ ਦੇ ਜ਼ਿਲ੍ਹਾ ਚੇਅਰਮੈਨ ਤੇ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਤ 'ਰਾਈਸੀਲਾ ਗਰੁੱਪ' ਦੇ ਸੀ.ਐੱਮ.ਡੀ. ਡਾ. ਏ. ਆਰ. ਸ਼ਰਮਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਦੀ ਸ਼ੁਰੂਆਤ ਦੌਰਾਨ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਸਿੰਗਲਾ ਸ਼ੈਂਟੀ ਨੇ ਆਏ ਹੋਏ ਸਮੂਹ ਸਨਅਤਕਾਰਾਂ ਤੇ ਪਹੁੰਚੀਆਂ ਸ਼ਖ਼ਸੀਅਤਾਂ ਦਾ ਤਹਿ ਦਿਲੋਂ ਸਵਾਗਤ ਕੀਤਾ।

ਮੀਟਿੰਗ ਦੌਰਾਨ ਸਨਅਤਕਾਰਾਂ ਨੂੰ ਦਰਪੇਸ਼ ਗੰਭੀਰ ਸਮੱਸਿਆਵਾਂ ਉਭਾਰਦਿਆਂ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਸਿੰਗਲਾ ਸ਼ੈਂਟੀ ਨੇ ਟਾਊਨ ਪਲਾਨਿੰਗ ਵਿਭਾਗ ਦੇ ਜ਼ਿਲ੍ਹਾ ਸੰਗਰੂਰ ਦੇ ਮੌਜੂਦਾ ਸਹਾਇਕ ਟਾਊਨ ਪਲਾਨਰ ਦੀ ਕਾਰਜਪ੍ਰਣਾਲੀ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ।ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸਰਕਾਰੀ ਨਿਯਮਾਂ ਦੀ ਆੜ ਲੈ ਕੇ ਉਦਯੋਗਪਤੀਆਂ ਨੂੰ ਅਜਾਈਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਜਿਸ ਨੂੰ ਹੁਣ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਕਤ ਅਧਿਕਾਰੀ ਦਾ ਤੁਰੰਤ ਇੱਥੋਂ ਤਬਾਦਲਾ ਕੀਤਾ ਜਾਵੇ।ਇਸ ਤੋਂ ਇਲਾਵਾ ਪਾਵਰਕਾਮ ਵਿਭਾਗ ਦੇ ਆਲ੍ਹਾ ਅਧਿਕਾਰੀਆਂ ਦਾ ਧਿਆਨ ਦਿਵਾਉਂਦਿਆਂ ਕਿਹਾ ਕਿ ਵਾਰ-ਵਾਰ ਬਿਜਲੀ ਟਰਿੱਪ ਹੋਣ ਕਾਰਨ ਨਾ ਸਿਰਫ਼ ਕਾਰਖਾਨਿਆਂ ਦੀ ਉਤਪਾਦਨ ਸ਼ਕਤੀ ਪ੍ਰਭਾਵਿਤ ਹੁੰਦੀ ਹੈ, ਸਗੋਂ ਸਨਅਤਕਾਰਾਂ ਨੂੰ ਭਾਰੀ ਆਰਥਿਕ ਚੋਟ ਵੀ ਸਹਿਣੀ ਪੈਂਦੀ ਹੈ।ਚੈਂਬਰ ਦੇ ਜ਼ਿਲ੍ਹਾ ਚੇਅਰਮੈਨ ਡਾ. ਏ. ਆਰ. ਸ਼ਰਮਾ ਨੇ ਕਿਹਾ ਕਿ ਕਿਸੇ ਵੀ ਦੇਸ਼ ਤੇ ਰਾਜ ਦੀ ਨਿਰੰਤਰ ਤਰੱਕੀ ਦੀ ਨੀਂਹ ਉੱਥੋਂ ਦੇ ਉਦਯੋਗਿਕ ਵਿਕਾਸ 'ਤੇ ਟਿਕੀ ਹੁੰਦੀ ਹੈ।ਸੰਸਾਰ ਦੇ ਵਿਕਸਤ ਦੇਸ਼ਾਂ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਉਦਯੋਗ-ਪ੍ਰਧਾਨ ਅਰਥਵਿਵਸਥਾ ਹੀ ਉਨ੍ਹਾਂ ਦੀ ਬੁਲੰਦੀ ਦਾ ਅਸਲ ਰੋਸ਼ਨ ਮੁਨਾਰਾ ਹੈ।ਉਨ੍ਹਾਂ ਟਾਊਨ ਪਲਾਨਿੰਗ ਵਿਭਾਗ ਦੀ ਢਿੱਲੀ ਤੇ ਅੜਿੱਕੇ ਡਾਹੁਣ ਵਾਲੀ ਕਾਰਜਸ਼ੈਲੀ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਚੇਤਾਵਨੀ ਦਿੱਤੀ ਕਿ ਜੇਕਰ ਪ੍ਰਸ਼ਾਸਨਕ ਵਤੀਰੇ ਵਿੱਚ ਜਲਦ ਸੁਧਾਰ ਨਾ ਆਇਆ, ਤਾਂ ਉਦਯੋਗਪਤੀ ਦੂਜੇ ਰਾਜਾਂ ਵੱਲ ਰੁੱਖ ਕਰਨ ਲਈ ਮਜਬੂਰ ਹੋਣਗੇ, ਜਿਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਅਪੂਰਨਯੋਗ ਘਾਟਾ ਪਵੇਗਾ।ਇਸ ਤੋਂ ਇਲਾਵਾ ਚੈਂਬਰ ਦੇ ਜਨਰਲ ਸਕੱਤਰ ਤੇਜਿੰਦਰ ਸਿੰਘ ਨੰਨੜੇ ਨੇ ਪੰਜਾਬ ਸਰਕਾਰ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ ਨਵੇਂ ਉਦਯੋਗ ਸਥਾਪਤ ਕਰਨ ਲਈ ਬਿਨਾਂ ਕਿਸੇ ਖੱਜਲ-ਖੁਆਰੀ ਦੇ ਪਹਿਲ ਦੇ ਆਧਾਰ 'ਤੇ ਮਨਜ਼ੂਰੀਆਂ ਦਿੱਤੀਆਂ ਜਾਣ ਤੇ ਸਰਲ ਨੀਤੀਆਂ ਘੜੀਆਂ ਜਾਣ।ਉਨ੍ਹਾਂ ਤਾੜਨਾ ਕੀਤੀ ਕਿ ਜੇਕਰ ਵਿਭਾਗੀ ਰਵੱਈਏ 'ਚ ਤਬਦੀਲੀ ਨਾ ਆਈ ਤਾਂ ਆਉਣ ਵਾਲੇ ਦਿਨਾਂ 'ਚ ਉਦਯੋਗਪਤੀ ਤਿੱਖੇ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨ ਤੋਂ ਪਿੱਛੇ ਨਹੀਂ ਹਟਣਗੇ।ਮੀਟਿੰਗ ਦੇ ਅਖ਼ੀਰ ਵਿੱਚ ਚੈਂਬਰ ਦੇ ਵਿੱਤ ਸਕੱਤਰ ਕੈਫੀ ਮਿੱਤਲ ਨੇ ਹਾਜ਼ਰ ਸਮੂਹ ਪਤਵੰਤਿਆਂ ਦਾ ਧੰਨਵਾਦ ਕੀਤਾ।ਇਸ ਭਰਵੇਂ ਇਕੱਠ ਵਿੱਚ ਹੋਰਨਾਂ ਤੋਂ ਇਲਾਵਾ ਚੇਅਰਮੈਨ ਗੁਰਬਖਸ਼ ਸਿੰਘ ਗੁੱਡੂ, ਉਦਯੋਗਪਤੀ ਮੱਖਣ ਲਾਲ ਗਰਗ, ਰਾਈਸਿਲਾ ਦੇ ਡਾਇਰੈਕਟਰ ਵਿਜੇ ਗੋਇਲ, ਪੁਰਸ਼ੋਤਮ ਗਰਗ ਕਾਲਾ, ਸੰਜੀਵ ਗੋਇਲ, ਮੁਕੇਸ਼ ਸਿੰਗਲਾ, ਅਮਿਤ ਗੋਇਲ, ਸੰਜੇ ਗੋਇਲ, ਜੀਵਨ ਜੈਨ, ਜਗਦੇਵ ਜਿੰਦਲ ਜੱਗਾ, ਦੀਪਕ ਗੋਇਲ, ਮਨੂੰ ਕਾਂਸਲ, ਬਲਵਿੰਦਰ ਸਿੰਘ ਬਿੱਲੂ, ਵਿਨੋਦ ਗਰਗ, ਰੋਮੀ ਸਿੰਗਲਾ, ਅਸ਼ੋਕ ਗੋਇਲ (ਸੀ.ਏ.), ਰਵੀ ਬਾਂਸਲ ਤੇ ਹੋਰ ਵੱਡੀ ਗਿਣਤੀ 'ਚ ਸਨਅਤਕਾਰ ਮੌਜੂਦ ਸਨ।

# ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਸਮਾਂਬੱਧ ਹੱਲ ਲਈ ਵਚਨਬੱਧ : ਭਰਾਜ




**ਸੰਗਰੂਰ (ਪ੍ਰਵੀਨ ਸਿੰਘ)**

ਵਿਧਾਇਕ ਸ੍ਰੀਮਤੀ ਨਰਿੰਦਰ ਕੌਰ ਭਰਾਜ ਵੱਲੋਂ ਹਲਕੇ ਦੇ ਪਿੰਡ ਸੰਤੋਖਪੁਰਾ, ਰਸੂਲਪੁਰ ਛੰਨਾ, ਬਖਤੜਾ, ਦਿਆਲਪੁਰਾ, ਬਖੋਪੀਰ ਤੇ ਸਕਰੌਦੀ ਵਿਖੇ ਲੋਕ ਮਿਲਣੀ ਪ੍ਰੋਗਰਾਮ ਕਰਾਏ ਗਏ।ਇਨ੍ਹਾਂ ਪ੍ਰੋਗਰਾਮਾਂ ਦੌਰਾਨ ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਰੂ-ਬ-ਰੂ ਹੋ ਕੇ ਉਨ੍ਹਾਂ ਦੀਆਂ ਸਮੱਸਿਆਵਾਂ, ਮੰਗਾਂ ਤੇ ਵਿਕਾਸ ਸਬੰਧੀ ਸੁਝਾਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋਕਾਂ ਦੇ ਜਾਇਜ਼ ਮਸਲਿਆਂ ਦੇ ਤੁਰੰਤ ਤੇ ਸਮਾਂਬੱਧ ਨਿਪਟਾਰੇ ਲਈ ਲੋੜੀਂਦੇ ਨਿਰਦੇਸ਼ ਦਿੱਤੇ।

ਵਿਧਾਇਕ ਭਰਾਜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਘਰ-ਘਰ ਤੱਕ ਪਹੁੰਚਣ ਵਾਲਾ ਪ੍ਰਸ਼ਾਸਨ ਮੁਹੱਈਆ ਕਰਾ ਰਹੀ ਹੈ।ਉਨ੍ਹਾਂ ਕਿਹਾ ਕਿ ਲੋਕ ਮਿਲਣੀਆਂ ਦਾ ਉਦੇਸ਼ ਸਿਰਫ਼ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਾ ਹੀ ਨਹੀਂ, ਸਗੋਂ ਉਨ੍ਹਾਂ ਦੇ ਸਥਾਈ ਹੱਲ ਨੂੰ ਯਕੀਨੀ ਬਣਾਉਣਾ ਵੀ ਹੈ, ਤਾਂ ਜੁ ਆਮ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਦੇ ਵਾਰ-ਵਾਰ ਚੱਕਰ ਨਾ ਲਗਾਉਣੇ ਪੈਣ।ਵਿਧਾਇਕ ਨੇ ਪਿੰਡ ਬਖਤੜਾ ਵਿੱਚ ਗਲੀਆਂ ਦੇ ਨਿਰਮਾਣ ਲਈ 8.50 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਪਿੰਡ ਪੰਚਾਇਤ ਨੂੰ ਸੌਂਪਿਆ।ਉਨ੍ਹਾਂ ਦੱਸਿਆ ਕਿ ਹੋਰਨਾਂ ਪਿੰਡਾਂ ਲਈ ਪਹਿਲਾਂ ਹੀ ਜਾਰੀ ਕੀਤੀਆਂ ਗ੍ਰਾਂਟਾਂ ਨਾਲ ਵਿਕਾਸ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ ਅਤੇ ਇਨ੍ਹਾਂ ਨੂੰ ਨਿਰਧਾਰਤ ਸਮੇਂ ਅੰਦਰ ਉੱਚ ਗੁਣਵੱਤਾ ਨਾਲ ਮੁਕੰਮਲ ਕਰਾਉਣ ਲਈ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ।ਵਿਧਾਇਕ ਭਰਾਜ ਨੇ ਪਿੰਡ ਵਾਸੀਆਂ ਨੂੰ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਸਰਕਾਰ ਦਾ ਟੀਚਾ ਹਰ ਯੋਗ ਪਰਵਾਰ ਤੱਕ ਸਰਕਾਰੀ ਯੋਜਨਾਵਾਂ ਦਾ ਲਾਭ ਪੁਚਾਉਣਾ ਹੈ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੇ ਆਲੇ-ਦੁਆਲੇ ਦੇ ਯੋਗ ਲਾਭਪਾਤਰੀਆਂ ਨੂੰ ਵੀ ਇਨ੍ਹਾਂ ਸਕੀਮਾਂ ਬਾਰੇ ਜਾਗਰੂਕ ਕਰਨ।ਉਨ੍ਹਾਂ ਨੇ ਕਿਹਾ ਕਿ ਹਲਕਾ ਸੰਗਰੂਰ ਦੇ ਸਰਬਪੱਖੀ ਵਿਕਾਸ ਲਈ ਲੋਕਾਂ ਦਾ ਸਹਿਯੋਗ ਅਤੇ ਸੁਝਾਅ ਬਹੁਤ ਮਹੱਤਵਪੂਰਨ ਹਨ।

# ਢੁੱਢੇ ਕਲਾਂ ਵਿਖੇ ਲਗਾਏ ਕੈਂਪ 'ਚ 32 ਯੂਨਿਟ ਖ਼ੂਨ ਦਾਨ



**ਬਠਿੰਡਾ (ਬਖ਼ਤੌਰ ਢਿੱਲੋਂ)**-ਸ਼ਹੀਦ ਭਗਤ ਸਿੰਘ ਯੂਥ ਭਲਾਈ ਕੱਲਬ ਢੁੱਢੇ ਕਲਾਂ ਵੱਲੋਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ 'ਤੇ 17ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਪਿੰਡ ਦੇ ਸਰਪੰਚ ਜਗਮੀਤ ਸਿੰਘ ਭੋਲਾ ਤੇ ਸਮੂਹ ਪੰਚਾਇਤ ਮੈਂਬਰਾਂ ਨੇ ਕੀਤਾ। ਇਸ ਮੌਕੇ ਇੰਦਰਾਨੀ ਬਲੱਡ ਸੈਂਟਰ ਬਠਿੰਡਾ ਦੀ ਮਾਹਰ ਟੀਮ ਨੇ ਖ਼ੂਨਦਾਨੀਆਂ ਵੱਲੋਂ ਦਾਨ ਕੀਤਾ 32 ਯੂਨਿਟ ਖ਼ੂਨ ਹਾਸਲ ਕੀਤਾ। ਕਲੱਬ ਦੇ ਸਰਪ੍ਰਸਤ ਰਾਮ ਸਿੰਘ ਨਿਗਾਣਾ ਤੇ ਪ੍ਰਧਾਨ ਮੁੱਖਪਾਲ ਸਿੰਘ ਨੇ ਦੱਸਿਆ ਇਹ ਕਲੱਬ ਕਰੀਬ ਤੀਹ ਸਾਲਾਂ ਤੋਂ ਸਮਾਜ ਭਲਾਈ ਦੇ ਕੰਮਾਂ ਲਈ ਸਰਗਰਮ ਹੈ। ਕਲੱਬ ਵੱਲੋਂ ਲੋਕ ਚੇਤਨਾ ਪੈਦਾ ਕਰਨ ਹਿੱਤ ਸੱਭਿਆਚਾਰਕ ਨਾਟਕ ਮੇਲੇ, ਖੇਡਾਂ, ਖ਼ੂਨਦਾਨ ਕੈਂਪ ਆਦਿ ਦਾ ਆਯੋਜਨ ਕੀਤਾ ਜਾਂਦਾ ਹੈ। ਸਕੱਤਰ ਮਾ. ਸੁਖਵਿੰਦਰ ਕੁਮਾਰ ਨੇ ਕਿਹਾ ਕਿ ਕਲੱਬ ਵੱਲੋਂ ਇਸ ਪਿਰਤ ਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ ਤੇ ਲੋਕ ਭਲਾਈ ਦੇ ਕੰਮਾਂ, ਸਮਾਜਿਕ ਕੁਰੀਤੀਆਂ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਨੌਜਵਾਨਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਕੁਲਵਿੰਦਰ ਸਿੰਘ ਬਿੱਟੂ, ਭਾਗ ਸਿੰਘ ਸਮੇਤ ਹੋਰ ਸਰਗਰਮ ਮੈਂਬਰ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਸਫ਼ਾਈ ਸੇਵਕਾਂ ਦੀ ਹੜਤਾਲ ਦਾ ਪੂਰਨ ਸਮਰਥਨ



**ਜਗਰਾਉਂ (ਨਛੱਤਰ ਸੰਧੂ)**-ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਤੇ ਸਾਬਕਾ ਵਿਧਾਇਕ ਐੱਸ. ਆਰ. ਕਲੇਰ ਨੇ ਸਫ਼ਾਈ ਸੇਵਕਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਹੜਤਾਲ ਦਾ ਪੂਰਨ ਤੌਰ 'ਤੇ ਸਮਰਥਨ ਕੀਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਮੌਜੂਦਾ ਸਰਕਾਰ ਵੱਲੋਂ ਰਾਜ ਦੇ ਸਫ਼ਾਈ ਸੇਵਕਾਂ ਦੀਆਂ ਜਾਇਜ਼ ਮੰਗਾਂ ਨੂੰ ਲਗਾਤਾਰ ਅਣਗੌਲਿਆ ਕਰਨਾ ਬੇਹੱਦ ਮਾੜਾ ਤੇ ਮੰਦਭਾਗਾ ਵਤੀਰਾ ਹੈ। ਇਸ ਦੇ ਨਾਲ ਹੀ ਉਨ੍ਹਾਂ ਬਰਨਾਲਾ ਵਿਖੇ ਸਫ਼ਾਈ ਸੇਵਕਾਂ ਨਾਲ ਹੋਈ ਕੁੱਟਮਾਰ ਦੀ ਕਰੜੇ ਸ਼ਬਦਾਂ ਵਿੱਚ ਆਲੋਚਨਾ ਕਰਦਿਆਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਫ਼ਾਈ ਸੇਵਕਾਂ ਦੀਆਂ ਮੰਗਾਂ ਦਾ ਜਲਦ ਹੱਲ ਨਾ ਕੀਤਾ ਗਿਆ ਤੇ ਬਰਨਾਲਾ ਘਟਨਾ ਦੇ ਪੀੜਤਾਂ ਨੂੰ ਇਨਸਾਫ਼ ਨਾ ਮਿਲਿਆ, ਤਾਂ ਅਕਾਲੀ ਦਲ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰੇਗਾ। ਇਸ ਮੌਕੇ ਦੀਪਇੰਦਰ ਸਿੰਘ ਭੰਡਾਰੀ, ਹਰਦੇਵ ਸਿੰਘ ਬੌਬੀ ਤੇ ਦਵਿੰਦਰਜੀਤ ਸਿੰਘ ਸਿੱਧੂ ਕੌਂਸਲਰ ਨੇ ਕਿਹਾ ਕਿ ਸਫ਼ਾਈ ਸੇਵਕ ਸਾਡੇ ਸਮਾਜ ਦਾ ਅਹਿਮ ਅੰਗ ਹਨ। ਸਰਕਾਰ ਨੂੰ ਤੁਰੰਤ ਉਨ੍ਹਾਂ ਦੀਆਂ ਮੰਗਾਂ ਮੰਨ ਕੇ ਹੜਤਾਲ ਖ਼ਤਮ ਕਰਵਾਉਣੀ ਚਾਹੀਦੀ ਹੈ। ਇਸ ਮੌਕੇ ਸੀਨੀਅਰ ਅਕਾਲੀ ਆਗੂ ਜਗਦੀਸ਼ਰ ਸਿੰਘ ਡਾਲਾ, ਗਗਨਦੀਪ ਸਿੰਘ ਵਾਹੀਆ, ਕੁਲਪ੍ਰੀਤ ਸਿੰਘ ਰਿਕੂ ਤੇ ਅਮਨਦੀਪ ਸਿੰਘ ਟਿੱਕਾ ਆਦਿ ਹਾਜ਼ਰ ਸਨ।

# ਸ਼ਤਰੰਜ ਚੈਂਪੀਅਨਸ਼ਿਪ 'ਚ ਨਾਇਸ਼ਾ ਤੇ ਨਮਿਤ ਰਹੇ ਅੱਵਲ



**ਭਵਾਨੀਗੜ੍ਹ (ਰਾਜ ਖੁਰਮੀ)**-ਜ਼ਿਲ੍ਹਾ ਚੈੱਸ ਐਸੋਸੀਏਸ਼ਨ ਸੰਗਰੂਰ ਵੱਲੋਂ ਅਲਪਾਈਨ ਸਕੂਲ ਵਿਖੇ ਜ਼ਿਲ੍ਹਾ ਅੰਡਰ-19 ਸ਼ਤਰੰਜ ਚੈਂਪੀਅਨਸ਼ਿਪ ਕਰਵਾਈ ਗਈ। ਜ਼ਿਲ੍ਹਾ ਚੈੱਸ ਐਸੋਸੀਏਸ਼ਨ ਦੇ ਪ੍ਰਧਾਨ ਨਵੀਨ ਕੁਮਾਰ, ਸਕੱਤਰ ਸੁਖਵੀਰ ਕੌਰ ਤੇ ਚੇਅਰਮੈਨ ਦੀਪਇੰਦਰ ਟਿਵਾਣਾ ਦੀ ਅਗਵਾਈ ਹੇਠ ਹੋਏ ਇਸ ਟੂਰਨਾਮੈਂਟ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਤੇ ਅਕਾਦਮੀਆਂ ਦੇ ਕਰੀਬ 30 ਖਿਡਾਰੀਆਂ ਨੇ ਭਾਗ ਲੈ ਕੇ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ। ਮੁਕਾਬਲਿਆਂ ਦੌਰਾਨ ਅੰਡਰ-19 ਲੜਕੀਆਂ ਵਰਗ ਵਿੱਚ ਨਾਇਸ਼ਾ ਗੋਇਲ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਅੰਡਰ-19 ਓਪਨ ਵਰਗ ਵਿੱਚ ਨਮਿਤ ਗੋਇਲ ਜੇਤੂ ਰਹੇ। ਦੋਵੇਂ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਮਾਪਿਆਂ ਤੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ। ਟੂਰਨਾਮੈਂਟ ਦੇ ਸਮਾਪਤੀ ਸਮਾਗਮ ਦੌਰਾਨ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਤੇ ਪ੍ਰਮਾਣ-ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਐਸੋਸੀਏਸ਼ਨ ਦੀ ਸਕੱਤਰ ਸੁਖਵੀਰ ਕੌਰ, ਚੇਅਰਮੈਨ ਦੀਪਇੰਦਰ ਟਿਵਾਣਾ, ਖ਼ਜ਼ਾਨਚੀ ਪੀਯੂਸ਼ ਕੌਸ਼ਲ, ਮੈਂਬਰ ਸਰਵਜੀਤ ਸਿੰਘ ਸਮੇਤ ਐਸੋਸੀਏਸ਼ਨ ਦੇ ਅਹੁਦੇਦਾਰ, ਸਕੂਲ ਪ੍ਰਬੰਧਕ, ਕੋਚ ਤੇ ਖਿਡਾਰੀਆਂ ਦੇ ਮਾਪੇ ਵੀ ਹਾਜ਼ਰ ਸਨ।

# ਅਮਰੀਕਾ ਨਾਲ ਮੁਕਤ ਵਪਾਰ ਸਮਝੌਤੇ ਖਿਲਾਫ ਜਾਗਰੂਕਤਾ ਮੀਟਿੰਗ

## 12 ਨੂੰ ਕਿਰਨਜੀਤ ਯਾਦਗਾਰੀ ਸਮਾਗਮ 'ਚ ਪੁੱਜਣ ਦਾ ਸੱਦਾ



**ਜਗਰਾਉਂ (ਨਛੱਤਰ ਸੰਧੂ)**-ਇਨਕਲਾਬੀ ਕੇਂਦਰ ਪੰਜਾਬ ਵੱਲੋਂ ਪਿੰਡ ਰਣਧੀਰਗੜ੍ਹ (ਭੰਮੀਪੁਰਾ ਛੋਟਾ) ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸਹਿਯੋਗ ਨਾਲ ਪਿੰਡ ਵਾਸੀਆਂ ਦੀ ਭਰਵੀਂ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਅਮਰੀਕਾ ਨਾਲ ਕੀਤਾ ਜਾ ਰਿਹਾ ਮੁਕਤ ਵਪਾਰ ਸਮਝੌਤਾ ਦੇਸ਼ ਦੀ ਕਿਸਾਨੀ ਤੇ ਉਦਯੋਗ ਦੀ ਮੌਤ ਦੇ ਵਾਰੰਟ ਹਨ। ਉਨ੍ਹਾਂ ਦੱਸਿਆ ਕਿ ਇਸ ਸਮਝੌਤੇ ਤਹਿਤ ਅਮਰੀਕਾ ਤੇ ਹੋਰ ਦੇਸ਼ਾਂ ਤੋਂ ਆਉਣ ਵਾਲੀ ਪੈਦਾਵਾਰ 'ਤੇ ਹੁਣ ਭਾਰਤ ਸਰਕਾਰ ਜ਼ੀਰੋ ਟੈਕਸ ਲਗਾਏਗਾ ਅਤੇ ਦੂਜੇ ਬੰਨੇ ਭਾਰਤੀ ਵਸਤਾਂ 'ਤੇ ਅਮਰੀਕਾ ਅਠਾਰਾਂ ਪ੍ਰਤੀਸ਼ਤ ਟੈਕਸ ਲਗਾਵੇਗਾ। ਖੇਤੀ ਤੇ ਉਦਯੋਗਕ ਵਸਤਾਂ ਦੇਸ਼ 'ਚ ਆਉਣ 'ਤੇ ਮੁਲਕ ਦੀ ਮੰਡੀ 'ਤੇ ਅਮਰੀਕਾ ਦਾ ਕਬਜ਼ਾ ਪੱਕਾ ਹੋ ਜਾਵੇਗਾ। ਸੰਸਾਰ ਸਾਮਰਾਜੀ ਸਰਗਣੇ ਅਮਰੀਕਾ ਵੱਲੋਂ ਸੰਸਾਰ ਮੰਡੀ 'ਤੇ ਕਬਜ਼ੇ ਲਈ ਬਲ ਛਲ ਦੀ ਨੀਤੀ ਅਪਣਾ ਕੇ ਕਿਰਤੀ ਲੋਕਾਂ 'ਤੇ ਕਠਪੁਤਲੀ ਸਰਕਾਰਾਂ ਰਾਹੀਂ ਕਾਲੇ ਕਾਨੂੰਨ ਲਾਗੂ ਕੀਤੇ ਜਾ ਰਹੇ ਹਨ। ਮੀਟਿੰਗ ਵਿੱਚ ਜ਼ਿਲ੍ਹਾ ਸੱਕਤਰ ਇੰਦਰਜੀਤ ਸਿੰਘ ਧਾਲੀਵਾਲ ਤੇ ਬਲਾਕ ਸੱਕਤਰ ਤਰਸੇਮ ਸਿੰਘ ਬੱਸੂਵਾਲ ਨੇ ਕਿਹਾ ਕਿ ਸਤੰਬਰ ਦੇ ਪਹਿਲੇ ਹਫਤੇ ਚੰਡੀਗੜ੍ਹ ਵਿਖੇ ਇਸ ਅਣਸਾਵੇਂ ਲੋਕ ਵਿਰੋਧੀ ਸਮਝੌਤੇ ਨੂੰ ਰੱਦ ਕਰਵਾਉਣ ਲਈ ਹਫਤਾ ਭਰ ਲੰਮਾਂ ਧਰਨਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਸਾਨਾਂ ਨੂੰ 12 ਅਗਸਤ ਨੂੰ ਮਹਿਲ ਕਲਾਂ ਵਿਖੇ ਕਿਰਨਜੀਤ ਯਾਦਗਾਰੀ ਸਮਾਗਮ 'ਚ ਜ਼ੋਰ ਸ਼ੋਰ ਨਾਲ ਪੁੱਜਣ ਦੀ ਅਪੀਲ ਕੀਤੀ। ਇਸ ਸਮੇਂ ਪ੍ਰਧਾਨ ਚਮਕੌਰ ਸਿੰਘ, ਸੁਖਵਿੰਦਰ ਸਿੰਘ, ਪਰਮਜੀਤ ਸਿੰਘ, ਮੋਹਨ ਜੀਤ, ਹਰਚੰਦ ਸਿੰਘ, ਮਨਜਿੰਦਰ ਸਿੰਘ ਸੇਖੋਂ, ਪ੍ਰਿਤਪਾਲ ਸਿੰਘ, ਧਰਮ ਸਿੰਘ ਆਦਿ ਹਾਜ਼ਰ ਸਨ।

# ਦਲਿਤ ਨੌਜਵਾਨ 'ਤੇ ਜਾਨਲੇਵਾ ਹਮਲਾ ਕਰਨ ਵਾਲਿਆਂ ਖਿਲਾਫ ਐੱਸ ਸੀ ਐਕਟ ਲਾਇਆ ਜਾਵੇ : ਗਹਿਰੀ

## ਗਹਿਰੀ ਨੇ ਪੀੜਤ ਪਰਵਾਰ ਨਾਲ ਮੁਲਾਕਾਤ ਕੀਤੀ



**ਬਠਿੰਡਾ (ਰਾਜੀਵ ਗੋਇਲ)**-ਪਿਛਲੇ ਦਿਨੀਂ ਕਸਬਾ ਭਗਤਾ ਦੇ ਨੇੜਲੇ ਪਿੰਡ ਆਕਲੀਆ ਜਲਾਲ ਕਾ ਦੇ ਨੌਜਵਾਨ ਹਰਜਿੰਦਰ ਸਿੰਘ ਪੁੱਤਰ ਜਗਦੀਸ਼ ਸਿੰਘ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਦਿੱਤਾ ਸੀ, ਜਿਸ ਸੰਬੰਧੀ ਥਾਣਾ ਭਗਤਾ ਵਿਖੇ 10 ਮਈ ਨੂੰ ਮੁਕੱਦਮਾ ਨੰਬਰ 83 ਰਜਿਸਟਰ ਹੋਇਆ ਸੀ ਤੇ ਇਸ ਮਾਮਲੇ ਨੂੰ ਲੈ ਕੇ ਇਨਸਾਫ ਨਾ ਮਿਲਣ ਅਤੇ ਬਾਕੀ ਰਹਿੰਦੇ ਮੁਲਜ਼ਮਾਂ ਦੀ ਗ੍ਰਿਫਤਾਰੀ ਨਾ ਹੋਣ ਕਾਰਨ ਪਰਵਾਰ ਵੱਲੋਂ ਨੈਸ਼ਨਲ ਦਲਿਤ ਮਹਾਂਪੰਚਾਇਤ ਦੇ ਚੇਅਰਮੈਨ ਕਿਰਨਜੀਤ ਸਿੰਘ ਗਹਿਰੀ ਕੋਲ ਮੱਦਦ ਦੀ ਗੁਹਾਰ ਲਗਾਈ ਗਈ ਸੀ, ਜਿਸ ਤੋਂ ਬਾਅਦ ਗਹਿਰੀ ਆਪਣੇ ਸਾਥੀਆਂ ਸਮੇਤ ਪੀੜਤ ਪਰਵਾਰ ਕੋਲ ਪੁੱਜੇ ਤੇ ਘਟਨਾ ਦੀ ਜਾਣਕਾਰੀ ਹਾਸਲ ਕਰਦੇ ਹੋਏ ਹਰ ਮੱਦਦ ਦਾ ਭਰੋਸਾ ਦਿੱਤਾ ਗਿਆ। ਗੱਲਬਾਤ ਕਰਦਿਆਂ ਗਹਿਰੀ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸੰਬੰਧਤ ਦੋਸ਼ੀਆਂ ਦੀ ਜਲਦ ਤੋਂ ਜਲਦ ਗ੍ਰਿਫਤਾਰੀ ਕੀਤੀ ਜਾਵੇ ਤੇ ਮੁਕੱਦਮੇ ਵਿੱਚ ਐੱਸ ਸੀ ਐਕਟ ਦਾ ਵਾਧਾ ਕੀਤਾ ਜਾਵੇ। ਉਨ੍ਹਾਂ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਨਾ ਹੋਈ ਤਾਂ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਗਹਿਰੀ ਨਾਲ ਐਡਵੋਕੇਟ ਬਿੱਟੂ ਸਿੰਘ, ਗੁਰਵਿੰਦਰ ਸਿੰਘ ਭੁੱਚੋ ਮੀਤ ਚੇਅਰਮੈਨ ਨੈਸ਼ਨਲ ਦਲਿਤ ਮਹਾਂਪੰਚਾਇਤ ਕੇ ਕੇ ਸੀ ਵਿਭਾਗ ਕਾਂਗਰਸ ਬਠਿੰਡਾ, ਅਮਨਦੀਪ ਸਿੰਘ ਸਿਵੀਆ ਕੇ ਕੇ ਸੀ ਵਿਭਾਗ ਕਾਂਗਰਸ ਪੰਜਾਬ ਪ੍ਰਦੇਸ਼, ਰਿਪੀ ਕੌਰ ਵਕੀਲ, ਮੋਹਣ ਸਿੰਘ ਪ੍ਰਧਾਨ ਭੁੱਚੋ, ਨਾਇਬ ਸਿੰਘ, ਰਾਜਾ ਸਿੰਘ, ਪ੍ਰਿਤਪਾਲ ਸਿੰਘ, ਗੋਰਾ ਸਿੰਘ, ਕਾਲਾ ਸਿੰਘ, ਬਲਵਿੰਦਰ ਕੌਰ, ਦਰਸ਼ਨ ਸਿੰਘ, ਬਿੱਲੂ ਸਿੰਘ ਤੇ ਮਲਕੀਤ ਸਿੰਘ ਹਾਜ਼ਰ ਸਨ।

# ਗੈਸ ਖਪਤਕਾਰਾਂ ਨੂੰ ਕੇ ਵਾਈ ਸੀ ਕਰਾਉਣ ਦੀ ਅਪੀਲ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਘਰੇਲੂ ਗੈਸ ਖਪਤਕਾਰਾਂ ਨੂੰ ਭਵਿੱਖ ਵਿੱਚ ਗੈਸ ਸਪਲਾਈ ਸਬੰਧੀ ਕਿਸੇ ਵੀ ਤਰ੍ਹਾਂ ਦੀ ਦਿੱਕਤ ਤੋਂ ਬਚਾਉਣ ਲਈ ਆਪਣੀ ਕੇਵਾਈਸੀ ਜਲਦ ਤੋਂ ਜਲਦ ਮੁਕੰਮਲ ਕਰਾਉਣ ਦੀ ਅਪੀਲ ਕਰਦਿਆਂ ਕੌਸ਼ਲ ਐਚ ਪੀ ਗੈਸ ਏਜੰਸੀ ਦੇ ਪ੍ਰੋਪ੍ਰਾਇਟਰ ਕਪਿਲ ਕੌਸ਼ਲ ਮਲਿਕ ਨੇ ਦੱਸਿਆ ਕਿ ਕਈ ਗੈਸ ਖ਼ਾਤੇ ਅਜਿਹੇ ਹਨ, ਜਿਨ੍ਹਾਂ ਦੇ ਖ਼ਾਤਾ ਧਾਰਕ ਵਿਦੇਸ਼ ਵਿੱਚ ਰਹਿ ਰਹੇ ਹਨ ਜਾਂ ਉਨ੍ਹਾਂ ਦੀ ਮੌਤ ਹੋ ਚੁੱਕੀ ਹੈ। ਅਜਿਹੇ ਮਾਮਲਿਆਂ ਵਿੱਚ ਗੈਸ ਕਨੈਕਸ਼ਨ ਨੂੰ ਨਿਯਮਾਂ ਅਨੁਸਾਰ ਕਾਨੂੰਨੀ ਵਾਰਸਾਂ ਦੇ ਨਾਂਅ ਤਬਦੀਲ ਕਰਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਲੋੜੀਂਦੇ ਦਸਤਾਵੇਜ਼ ਤੇ ਸਬੂਤ ਗੈਸ ਏਜੰਸੀ ਵਿੱਚ ਜਮ੍ਹਾਂ ਕਰਾਏ ਜਾਣ, ਤਾਂ ਜੁ ਰਿਕਾਰਡ ਅਪਡੇਟ ਕੀਤਾ ਜਾ ਸਕੇ ਤੇ ਭਵਿੱਖ ਵਿੱਚ ਗੈਸ ਸਿਲੰਡਰ ਦੀ ਸਪਲਾਈ ਜਾਂ ਹੋਰ ਸੇਵਾਵਾਂ ਲੈਣ ਸਮੇਂ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਸਮੂਹ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਕੇਵਾਈਸੀ ਤੇ ਹੋਰ ਜ਼ਰੂਰੀ ਕਾਰਵਾਈ ਸਮੇਂ ਸਿਰ ਪੂਰੀ ਕਰਾਉਣ। ਉਨ੍ਹਾਂ ਦੱਸਿਆ ਕਿ ਉੱਚ ਅਧਿਕਾਰੀਆਂ ਦੇ ਅਗਲੇ ਹੁਕਮਾਂ ਤੱਕ ਨਵੇਂ ਘਰੇਲੂ ਗੈਸ ਕਨੈਕਸ਼ਨ ਜਾਰੀ ਕਰਨ ਦੀ ਪ੍ਰਕਿਰਿਆ ਫਿਲਹਾਲ ਰੋਕੀ ਗਈ ਹੈ। ਹਾਲਾਂਕਿ ਨਵੇਂ ਕਨੈਕਸ਼ਨ ਲੈਣ ਦੇ ਇੱਛੁਕ ਖਪਤਕਾਰਾਂ ਤੋਂ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਕੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਕੀਤੀ ਜਾ ਰਹੀ ਹੈ। ਨਵੇਂ ਕਨੈਕਸ਼ਨ ਜਾਰੀ ਕਰਨ ਦੀ ਮਨਜ਼ੂਰੀ ਮਿਲੇਗੀ, ਰਜਿਸਟਰ ਹੋਏ ਬਿਨੈਕਾਰਾਂ ਨੂੰ ਨਿਯਮਾਂ ਅਨੁਸਾਰ ਕਨੈਕਸ਼ਨ ਜਾਰੀ ਕਰ ਦਿੱਤੇ ਜਾਣਗੇ।

# ਪੰਜਾਬੀ ਬੰਨ੍ਹਣਗੇ ਸੂਬੇ ਤੋਂ ਦਿੱਲੀ 'ਚ ਕਾਂਗਰਸ ਸਰਕਾਰ ਦਾ ਮੁੱਢ : ਭੁਪੇਸ਼ ਬਘੇਲ/ਰਾਜਾ ਵੜਿੰਗ

## ਚੰਨੀ ਸਮਰਥਕਾਂ ਵੱਲੋਂ ਜ਼ੋਰਦਾਰ ਨਾਅਰੇਬਾਜ਼ੀ ਦੌਰਾਨ ਵੜਿੰਗ ਨੇ ਵੀ ਲਗਾਏ ਚੰਨੀ ਜ਼ਿੰਦਾਬਾਦ ਦੇ ਨਾਅਰੇ



**ਮਾਨਸਾ (ਆਤਮਾ ਸਿੰਘ ਪਮਾਰ)**-ਪਰ ਬੂਥ ਕਾਂਗਰਸ ਮਜ਼ਬੂਤ ਮਿਸ਼ਨ ਨੂੰ ਲੈ ਕੇ ਮਾਨਸਾ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਦੀ ਅਗਵਾਈ ਹੇਠ ਰੱਖੇ ਗਏ ਪ੍ਰੋਗਰਾਮ 'ਚ ਕਾਂਗਰਸੀਆਂ ਦੇ ਠਾਠਾਂ ਮਾਰਦੇ ਇਕੱਠ 'ਚ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਕਿਹਾ ਕਿ ਪੰਜਾਬ ਤੇ ਕੇਂਦਰ 'ਚ ਕਾਂਗਰਸ ਦਾ ਰਾਜ ਆਉਣ ਤੋਂ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸਾਰੇ ਹੱਦਾਂ ਬੰਨੇ ਟੱਪ ਕੇ ਦੇਸ਼ ਤੇ ਸੂਬੇ ਪੰਜਾਬ ਦਾ ਸੱਤਿਆਨਾਸ ਕਰ ਦਿੱਤਾ ਹੈ। ਪੰਜਾਬ ਦਾ ਇੱਕ ਵੀ ਵਰਗ ਅਜਿਹਾ ਨਹੀਂ, ਜੋ ਪੰਜਾਬ ਤੇ ਕੇਂਦਰੀ ਸਰਕਾਰ ਤੋਂ ਸੰਤੁਸ਼ਟ ਹੋਵੇ। ਪ੍ਰੋਗਰਾਮ 'ਚ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਬੋਲਣ ਮੌਕੇ ਚੰਨੀ ਸਮਰਥਕਾਂ ਵੱਲੋਂ ਜ਼ੋਰਦਾਰ ਨਾਅਰੇਬਾਜ਼ੀ ਕਰਨ 'ਤੇ ਭੁਪੇਸ਼ ਬਘੇਲ ਤਾਂ ਚੁੱਪ ਚਾਪ ਬੈਠੇ ਰਹੇ, ਪ੍ਰੰਤੂ ਰਾਜਾ ਵੜਿੰਗ ਨੇ ਪਹਿਲਾਂ ਤਾਂ ਸ਼ਾਂਤੀ ਨਾਲ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਕੁੱਝ ਸਮੇਂ ਬਾਅਦ ਇਸ ਤੋਂ ਉਹ ਆ ਕੇ ਖ਼ੁਦ ਵੀ ਚੰਨੀ ਦੇ ਸਥਾਨਕ ਆਗੂਆਂ ਲਈ ਜ਼ਿੰਦਾਬਾਦ ਦੇ ਨਾਅਰੇ ਲਗਾਉਣ ਲੱਗੇ। ਉਨ੍ਹਾਂ ਇਸ ਮੌਕੇ ਵਿਕਾਊ ਮਾਲ ਬਾਹਰ ਜਾਓ ਦੇ ਨਾਅਰੇ ਵੀ ਲਗਾਏ। ਪ੍ਰੋਗਰਾਮ ਦੇ ਪੂਰੇ ਸਮੇਂ ਦੌਰਾਨ ਹੂਟਿੰਗ ਹੁੰਦੀ ਰਹੀ। ਇਸ ਮੌਕੇ ਰਾਜਾ ਵੜਿੰਗ ਨੇ ਆਪਣੀ ਟਰਮ ਦੌਰਾਨ ਹੋਈਆਂ ਪ੍ਰਾਪਤੀਆਂ ਵੀ ਗਿਣਾਈਆਂ।

ਮਾਨਸਾ ਦੇ ਪਾਮ ਪੈਲੇਸ ਵਿਖੇ ਕਾਂਗਰਸੀਆਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਭੁਪੇਸ਼ ਬਘੇਲ ਨੇ ਕਿਹਾ ਕਿ ਪੰਜਾਬੀ ਹਰ ਬਾਂ ਝੰਡਾ ਗੱਡਦੇ ਆਏ ਹਨ। ਅੰਦੋਲਨਾਂ ਤੋਂ ਲੈ ਕੇ ਸੰਘਰਸ਼ਾਂ, ਕੁਰਬਾਨੀਆਂ ਤੇ ਅਨਿਆਏ ਖਿਲਾਫ ਕਿਸਾਨੀ ਅੰਦੋਲਨ ਤੇ ਹੋਰ ਸੰਘਰਸ਼ ਪੰਜਾਬ ਦੀ ਧਰਤੀ ਤੋਂ ਹੀ ਉੱਠੇ ਤੇ ਸਰਕਾਰਾਂ ਦੇ ਤਖ਼ਤੇ ਵੀ ਪਲਟ ਕੇ ਦਿਖਾਏ। ਉਨ੍ਹਾਂ ਕਿਹਾ ਕਿ 2027 'ਚ ਪੰਜਾਬ ਦੀ ਕਾਂਗਰਸ ਸਰਕਾਰ ਦਾ ਪੰਜਾਬ ਤੋਂ ਮੁੱਢ ਬੱਝੇਗਾ ਤੇ ਦਿੱਲੀ 'ਚ ਵੀ ਕਾਂਗਰਸ ਦੀ ਸਰਕਾਰ ਹੀ ਬਣੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸੂਬੇ ਨੂੰ ਕਰਜ਼ਾਈ ਕਰਕੇ ਰੱਖ ਦਿੱਤਾ ਤੇ ਮੋਦੀ ਸਰਕਾਰ ਚੰਦ ਘਰਾਣਿਆਂ ਅਤੇ ਕੰਪਨੀਆਂ ਦਾ ਹਿੱਤ ਪੂਰਦੀ ਹੋਈ ਡੰਡੇ ਦੇ ਜ਼ੋਰ 'ਤੇ ਵਿਦਿਆਰਥੀਆਂ, ਨੌਜਵਾਨਾਂ ਤੇ ਹੱਕ ਮੰਗਣ ਵਾਲੇ ਲੋਕਾਂ ਨੂੰ ਕੁਚਲਣ ਦੇ ਰਾਹ ਪਈ ਹੋਈ ਹੈ। ਬਘੇਲ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਦੇਸ਼ ਦੇ ਲੋਕ ਮੋਦੀ ਸਰਕਾਰ ਨੂੰ ਚੱਲਦਾ ਕਰ ਦੇਣਗੇ। ਉਨ੍ਹਾਂ ਕਿਹਾ ਕਿ ਅਯੁੱਧਿਆ ਮੰਦਰ ਵਿਖੇ ਚੋਰੀ, ਵਿਦਿਆਰਥੀਆਂ 'ਤੇ ਤਸ਼ੱਦਦ ਤੇ ਬਲਾਤਕਾਰੀਆਂ ਦਾ ਪੱਖ ਪੂਰਨ ਵਾਲਿਆਂ ਨੂੰ ਮੰਤਰੀ ਦੀ ਕੁਰਸੀ ਦੇਣਾ ਮੋਦੀ ਸਰਕਾਰ ਦੀ ਤਾਨਾਸ਼ਾਹੀ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਮੌਕੇ ਬ੍ਰਹਮ ਮਹਿੰਦਰਾ, ਡਾ. ਰਾਜ ਕੁਮਾਰ ਵੇਰਕਾ, ਪੰਜਾਬ ਮਾਮਲਿਆਂ ਦੇ ਸਹਿ ਇੰਚਾਰਜ ਸੀਨਾ ਕਾਜ਼ਲੇ, ਬਿਕਰਮ ਸਿੰਘ ਮੋਫਰ, ਰਣਜੀਤ ਦੋਦੜਾ, ਐਡਵੋਕੇਟ ਗੁਰਪ੍ਰੀਤ ਸਿੰਘ ਵਿੱਕੀ, ਅਰਸ਼ਦੀਪ, ਡਾ. ਰਣਵੀਰ ਕੌਰ ਮੀਆਂ, ਮਨਦੀਪ ਸਿੰਘ ਗੋਰਾ, ਬਲਵਿੰਦਰ ਨਾਰੰਗ, ਬਲਕੌਰ ਸਿੰਘ ਸਿੱਧੂ ਮੂਸੇਵਾਲਾ, ਚਮਕੌਰ ਸਿੰਘ ਮੂਸਾ, ਐਡਵੋਕੇਟ ਸਿਮਰਨਜੀਤ ਸਿੰਘ ਮਾਨਸ਼ਾਹੀਆ, ਐਡਵੋਕੇਟ ਬਲਕਰਨ ਸਿੰਘ ਬੱਲੀ, ਹਰਵਿੰਦਰ ਕੌਰ ਸਿੱਧੂ ਆਦਿ ਆਗੂ ਹਾਜ਼ਰ ਸਨ।

# ਬਰਸਟ ਵੱਲੋਂ ਖੇੜੀ ਫੱਤਾ ਤੇ ਸ਼ੇਖੂਪੁਰ ਵਿਖੇ ਸੜਕੀ ਪ੍ਰੋਜੈਕਟਾਂ ਦਾ ਉਦਘਾਟਨ

## ਇਲਾਕਾ ਨਿਵਾਸੀਆਂ 'ਚ ਖ਼ੁਸ਼ੀ ਦੀ ਲਹਿਰ



**ਸਮਾਣਾ (ਗੁਰਦਿਆਲ ਸਿੰਘ ਬੱਲ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਵੱਲੋਂ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਦਾ ਵਿਸ਼ੇਸ਼ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਇਲਾਕੇ ਦੇ ਵਿਕਾਸ ਨੂੰ ਗਤੀ ਦਿੰਦਿਆਂ 2.82 ਕਰੋੜ ਰੁਪਏ ਦੀ ਲਾਗਤ ਵਾਲੇ ਸੜਕੀ ਵਿਕਾਸ ਪ੍ਰੋਜੈਕਟਾਂ ਦਾ ਰੀਬਨ ਕੱਟ ਕੇ ਰਸਮੀ ਤੌਰ 'ਤੇ ਉਦਘਾਟਨ ਕੀਤਾ ਤੇ ਨਿਰਮਾਣ ਕਾਰਜ ਸ਼ੁਰੂ ਕਰਵਾਏ। ਇਨ੍ਹਾਂ ਸੜਕਾਂ ਦੀ ਚੌੜਾਈ 10 ਫ਼ੁੱਟ ਤੋਂ ਵਧਾ ਕੇ 18 ਫ਼ੁੱਟ ਤੱਕ ਕੀਤੀ ਜਾਵੇਗੀ। ਇਨ੍ਹਾਂ ਵਿਕਾਸ ਕਾਰਜਾਂ ਦੇ ਸ਼ੁਰੂ ਹੋਣ ਨਾਲ ਸਮੂਹ ਇਲਾਕਾ ਨਿਵਾਸੀਆਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। ਇਲਾਕਾ ਵਾਸੀਆਂ ਵੱਲੋਂ ਪੰਜਾਬ ਸਰਕਾਰ ਤੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਪਿੰਡ ਖੇੜੀ ਫੱਤਾ ਵਿਖੇ ਸਮਾਗਮ ਦੌਰਾਨ ਪਟਿਆਲਾ-ਸਮਾਣਾ ਰੋਡ ਤੋਂ ਖੇੜੀ ਫੱਤਾ, ਡਰੋਲਾ ਤੱਕ ਦੀ ਸੜਕ ਦਾ ਅਤੇ ਪਿੰਡ ਸ਼ੇਖੂਪੁਰ ਤੋਂ ਫੱਕਲ ਪ੍ਰਆਇੰਟ, ਸੁਲਤਾਨਪੁਰ ਤੱਕ ਦੀ ਸੜਕ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ। ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਬਿਨਾਂ ਕਿਸੇ ਪੱਖਪਾਤ ਤੋਂ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਪੂਰੇ ਪੰਜਾਬ ਵਿੱਚ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਉਨ੍ਹਾਂ ਭਰੋਸਾ ਦਿਵਾਉਂਦਿਆਂ ਕਿਹਾ ਕਿ ਹਲਕਾ ਸਮਾਣਾ ਦੇ ਚਹੁੰਪੱਖੀ ਵਿਕਾਸ ਵਿੱਚ ਕਿਸੇ ਵੀ ਕਿਸਮ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਉਹ ਹਮੇਸ਼ਾ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਉਨ੍ਹਾਂ ਦੇ ਨਾਲ ਖੜ੍ਹੇ ਹਨ ਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਕਈ ਵੱਡੇ ਵਿਕਾਸ ਪ੍ਰੋਜੈਕਟ ਇੱਥੇ ਸ਼ੁਰੂ ਕੀਤੇ ਜਾਣਗੇ।

# ਮਾਨ ਸਰਕਾਰ ਨੇ ਹਲਕਾ ਪਾਇਲ ਨੂੰ ਦਿੱਤੀ ਕਰੋੜਾਂ ਦੇ ਸੜਕੀ ਪ੍ਰੋਜੈਕਟਾਂ ਦੀ ਸੌਗਾਤ

## ਵਿਧਾਇਕ ਗਿਆਸਪੁਰਾ ਨੇ ਦੋ ਨਵੀਆਂ 18 ਫ਼ੁੱਟ ਚੌੜੀਆਂ ਸੜਕਾਂ ਦੇ ਰੱਖੇ ਨੀਂਹ ਪੱਥਰ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਤੇ ਲੋਕਾਂ ਨੂੰ ਬਿਹਤਰ ਸੜਕੀ ਸਹੂਲਤਾਂ ਦੇਣ ਦੇ ਉਦੇਸ਼ ਨਾਲ ਹਲਕਾ ਪਾਇਲ ਵਿੱਚ ਕਰੋੜਾਂ ਰੁਪਏ ਦੇ ਸੜਕੀ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਗਈ। ਇਸ ਤਹਿਤ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਦੋ ਮਹੱਤਵਪੂਰਨ ਸੜਕਾਂ ਦੇ ਨੀਂਹ ਪੱਥਰ ਰੱਖੇ, ਜਿਨ੍ਹਾਂ ਨੂੰ 10 ਫ਼ੁੱਟ ਤੋਂ ਵਧਾ ਕੇ 18 ਫ਼ੁੱਟ ਚੌੜਾ ਕੀਤਾ ਜਾਵੇਗਾ। ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਵਿਕਾਸ ਪੱਖੀ ਸੋਚ ਸਦਕਾ ਹਲਕੇ ਵਿੱਚ ਰਿਕਾਰਡ ਪੱਧਰ 'ਤੇ ਸੜਕਾਂ ਦਾ ਨਿਰਮਾਣ ਹੋ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਕੋਈ ਵੀ ਸੜਕ ਨਿਰਮਾਣ ਤੋਂ ਵਾਂਝੀ ਨਹੀਂ ਰਹੇਗੀ। ਵਿਧਾਇਕ ਨੇ ਦੱਸਿਆ ਕਿ ਪਹਿਲੀ ਸੜਕ ਪਿੰਡ ਘੁੰਗਰਾਲੀ ਸਿੱਖਾਂ ਤੋਂ ਕਰਤਾਰਪੁਰ ਲਹਿਲ ਤੱਕ ਜਾਣ ਵਾਲੀ ਕਰੀਬ 8 ਕਿਲੋਮੀਟਰ ਲੰਬੀ ਸੜਕ ਨੂੰ 10 ਫ਼ੁੱਟ ਤੋਂ ਵਧਾ ਕੇ 18 ਫ਼ੁੱਟ ਕੀਤਾ ਜਾ ਰਿਹਾ ਹੈ। ਇਸ ਪ੍ਰੋਜੈਕਟ 'ਤੇ ਲਗਭਗ 5 ਕਰੋੜ 32 ਲੱਖ ਰੁਪਏ ਦੀ ਲਾਗਤ ਆਵੇਗੀ। ਇਸੇ ਤਰ੍ਹਾਂ ਸਿਹੌੜਾ ਵਿਖੇ ਇਤਿਹਾਸਕ ਗੁਰਦੁਆਰਾ ਸ੍ਰੀ ਸਿੰਘਸਰ ਸਾਹਿਬ ਨੂੰ ਜਾਂਦੀ ਕਰੀਬ ਸਾਢੇ ਪੰਜ ਕਿਲੋਮੀਟਰ ਲੰਬੀ ਸੜਕ ਨੂੰ ਵੀ 10 ਫ਼ੁੱਟ ਤੋਂ ਵਧਾ ਕੇ 18 ਫ਼ੁੱਟ ਕੀਤਾ ਜਾਵੇਗਾ, ਜਿਸ 'ਤੇ 3 ਕਰੋੜ 66 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਸੜਕਾਂ ਨਾ ਸਿਰਫ਼ ਆਵਾਜਾਈ ਨੂੰ ਸੁਗਮ ਬਣਾਉਣਗੀਆਂ, ਸਗੋਂ ਪਿੰਡਾਂ ਦੇ ਲੋਕਾਂ, ਕਿਸਾਨਾਂ, ਵਿਦਿਆਰਥੀਆਂ ਤੇ ਧਾਰਮਿਕ ਸਥਾਨਾਂ 'ਤੇ ਆਉਣ ਵਾਲੀਆਂ ਸੰਗਤਾਂ ਨੂੰ ਵੀ ਵੱਡੀ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਰੇ ਪ੍ਰੋਜੈਕਟਾਂ ਵਿੱਚ ਪੰਜ ਸਾਲ ਤੱਕ ਸੜਕਾਂ ਦੀ ਮੁਰੰਮਤ ਤੇ ਸੰਭਾਲ ਦੀ ਜ਼ਿੰਮੇਵਾਰੀ ਵੀ ਠੇਕੇਦਾਰ ਦੀ ਹੋਵੇਗੀ, ਜਿਸ ਨਾਲ ਕੰਮ ਦੀ ਗੁਣਵੱਤਾ ਯਕੀਨੀ ਬਣੇਗੀ। ਵਿਧਾਇਕ ਗਿਆਸਪੁਰਾ ਨੇ ਪੰਜਾਬ ਸਰਕਾਰ ਦੀਆਂ ਵਿਕਾਸ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਹਲਕਾ ਪਾਇਲ ਵਿੱਚ ਵਿਕਾਸ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਗਈ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਵਿਕਾਸ ਦੇ ਇਸ ਸਿਲਸਿਲੇ ਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ ਤੇ ਹਲਕੇ ਦੀ ਕੋਈ ਵੀ ਸੜਕ ਅਧੂਰੀ ਜਾਂ ਅਣਦੇਖੀ ਨਹੀਂ ਛੱਡੀ ਜਾਵੇਗੀ।

# ਰੋਗ ਨਿਵਾਰਨ ਜੀਵਨ ਧਾਰਾ ਵੱਲੋਂ ਵੱਖ-ਵੱਖ ਸ਼ਖ਼ਸੀਅਤਾਂ ਦਾ ਸਨਮਾਨ



**ਜ਼ੀਰਾ (ਨਰਿੰਦਰ ਅਨੇਜਾ)**-ਸਿਹਤ, ਖ਼ੁਸ਼ੀ ਤੇ ਤੰਦਰੁਸਤ ਵਾਤਾਵਰਣ ਲਈ ਯਤਨਸ਼ੀਲ ਸੰਸਥਾ ਰੋਗ ਨਿਵਾਰਨ ਜੀਵਨ ਧਾਰਾ ਜ਼ੀਰਾ ਵੱਲੋਂ ਕਰਵਾਏ ਗਏ ਸਨਮਾਨ ਸਮਾਰੋਹ ਵਿੱਚ ਵੱਖ-ਵੱਖ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿੱਚ ਇਲਾਕੇ ਦੇ ਪ੍ਰਸਿੱਧ ਲੇਖਕ, ਸ਼ਾਇਰ ਤੇ ਹਾਜ਼ਰ ਹੋਰ ਦਾਨਸ਼ਵਰ ਸ਼ਖ਼ਸੀਅਤਾਂ ਨੂੰ ਰੋਗ ਨਿਵਾਰਨ ਜੀਵਨ ਧਾਰਾ 'ਤੇ ਬਣੀ ਡਾਕੂਮੈਂਟਰੀ ਫ਼ਿਲਮ ਦਿਖਾਈ ਗਈ। ਇਸ ਮਗਰੋਂ 'ਜੀਵਨ ਤੇ ਦ੍ਰਿਸ਼' ਵਿਸ਼ੇ 'ਤੇ ਡਾ. ਗੁਰਚਰਨ ਸਿੰਘ ਨੂਰਪੁਰ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਉਪਰੰਤ ਸੰਸਥਾ ਵਿੱਚ ਪਹੁੰਚੇ ਸਾਰੇ ਮੈਂਬਰਾਂ ਨੂੰ ਧਿਆਨ (ਮੈਡੀਟੇਸ਼ਨ) ਕਰਵਾਇਆ ਗਿਆ। ਉਪਰੰਤ ਸੰਸਥਾ ਵੱਲੋਂ ਸਭ ਦਾ ਸਨਮਾਨ ਕੀਤਾ ਗਿਆ। ਉਥੇ ਸਮਾਜ ਸੇਵੀ ਮੁਖਤਿਆਰ ਸਿੰਘ ਧਨੇਸਰ ਤੇ ਦਰਸ਼ਨ ਸਿੰਘ ਨੂੰ ਵੀ ਯਾਦ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਹਾਜ਼ਰ ਪੰਜਾਬੀ ਕਵੀ ਪ੍ਰੀਤ ਜੱਗੀ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ। ਇਸ ਮੌਕੇ ਪੀਰ ਮੁਹੰਮਦ ਲਿਖਾਰੀ ਸਭਾ ਦੇ ਪ੍ਰਧਾਨ ਹਰਪਿੰਦਰ ਸਿੰਘ ਪੀਰ ਮੁਹੰਮਦ, ਰਾਮਗੜ੍ਹੀਆ ਮੰਚ ਦੇ ਪ੍ਰਧਾਨ ਰਵੀ ਸ਼ਾਇਰ, ਸਾਹਿਤ ਸਭਾ ਜ਼ੀਰਾ ਦੇ ਪ੍ਰਧਾਨ ਦਲਜੀਤ ਰਾਏ ਕਾਲੀਆ, ਪ੍ਰਸਿੱਧ ਲੇਖਕ ਲੈਕਚਰਾਰ ਨਰਿੰਦਰ ਸਿੰਘ, ਗੀਤਕਾਰ ਕਾਲਾ ਬੇਰੀ ਵਾਲਾ, ਮਨਜਿੰਦਰ ਸਿੰਘ ਫੌਜੀ ਸਨੇਰ, ਪਰਵੀਨ ਕੌਰ, ਅਨੂਪ ਕੌਰ, ਮਨਜੀਤ ਕੌਰ, ਮੁਖਤਿਆਰ ਸਿੰਘ ਬਰਾੜ, ਬਲਰਾਜ ਸਿੰਘ ਬਰਾੜ ਫੇਰੋਕੇ, ਸਾਹਿਤਕਾਰ ਤੇ ਘੁੰਮੱਕੜ ਹਰਚਰਨ ਚੋਹਲਾ, ਡਾ. ਸੰਦੀਪ ਸਿੰਘ, ਡਾ. ਸਿਮਰਜੀਤ ਸਿੰਘ ਸਿੱਧੂ, ਡਾ. ਪ੍ਰਦੀਪ ਸਿੰਘ, ਡਾ. ਗੁਰਵਿੰਦਰ ਸਿੰਘ, ਗੁਰਪਿੰਦਰ ਸਿੰਘ ਗੋਂਦਾਰਾ, ਬਲਦੇਵ ਸਿੰਘ ਬਰਾੜ, ਮਿੰਟਾ ਸਿੰਘ ਬੋਹਾਲਵੀ, ਗੀਤਕਾਰ ਸੁੱਖਾ ਤਲਵੰਡੀ ਵਾਲਾ, ਗਿਆਨ ਸਿੰਘ ਘਰੂਰ, ਕੁਲਦੀਪ ਸਿੰਘ ਖਜ਼ਾਨਚੀ ਤੇ ਜਸ਼ਨਦੀਪ ਸਿੰਘ ਆਦਿ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਮੌਕੇ ਸਿੰਘ ਕਿਸ਼ਨਪੁਰਾ ਦਾ ਵਿਸ਼ੇਸ਼ ਤੌਰ 'ਤੇ ...

# ਚੰਨੂਵਾਲਾ ਦੇ ਚਾਰ ਆਗੂਆਂ ਨੂੰ ਮਿਲੀਆਂ ਅਹਿਮ ਜ਼ਿੰਮੇਵਾਰੀਆਂ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਪਿੰਡ ਪੱਧਰ ਤੱਕ ਹੋਰ ਮਜ਼ਬੂਤ ਕਰਨ ਦੀ ਮੁਹਿੰਮ ਲਗਾਤਾਰ ਜਾਰੀ ਹੈ। ਇਸੇ ਤਹਿਤ ਬਾਘਾ ਪੁਰਾਣਾ ਹਲਕੇ ਦੇ ਇੰਚਾਰਜ ਤੀਰਥ ਸਿੰਘ ਮਾਲਾ ਵੱਲੋਂ ਹਲਕੇ ਵਿੱਚ ਨਵੀਆਂ ਜਥੇਬੰਦਕ ਨਿਯੁਕਤੀਆਂ ਦਾ ਐਲਾਨ ਕੀਤਾ ਗਿਆ। ਪਾਰਟੀ ਅਨੁਸਾਰ ਇਨ੍ਹਾਂ ਨਿਯੁਕਤੀਆਂ ਦਾ ਮਕਸਦ ਜ਼ਮੀਨੀ ਪੱਧਰ 'ਤੇ ਸੰਗਠਨ ਨੂੰ ਹੋਰ ਮਜ਼ਬੂਤ ਕਰਨਾ, ਨੌਜਵਾਨ ਵਰਕਰਾਂ ਨੂੰ ਅੱਗੇ ਲਿਆਉਣਾ ਤੇ ਲੋਕਾਂ ਨਾਲ ਪਾਰਟੀ ਦਾ ਸੰਪਰਕ ਹੋਰ ਮਜ਼ਬੂਤ ਕਰਨਾ ਹੈ। ਨਵੀਆਂ ਨਿਯੁਕਤੀਆਂ ਤਹਿਤ ਪਿੰਡ ਚੰਨੂਵਾਲਾ ਦੇ ਚਾਰ ਸਰਗਰਮ ਆਗੂਆਂ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਪਵਨਦੀਪ ਸਿੰਘ ਬਰਾੜ ਨੂੰ ਸੀਨੀਅਰ ਮੀਤ ਪ੍ਰਧਾਨ, ਜੱਸਾ ਸਿੰਘ ਨੂੰ ਜਨਰਲ ਸਕੱਤਰ, ਤਲਵਾਰ ਸਿੰਘ ਨੂੰ ਪ੍ਰੈੱਸ ਸਕੱਤਰ ਤੇ ਦਲੇਰ ਸਿੰਘ ਨੂੰ ਜਥੇਬੰਦਕ ਸਕੱਤਰ ਨਿਯੁਕਤ ਕੀਤਾ ਗਿਆ। ਨਿਯੁਕਤੀਆਂ ਦੇ ਐਲਾਨ ਮਗਰੋਂ ਪਾਰਟੀ ਵਰਕਰਾਂ ਵਿੱਚ ਖ਼ੁਸ਼ੀ ਦੀ ਲਹਿਰ ਦੇਖਣ ਨੂੰ ਮਿਲੀ ਤੇ ਵੱਡੀ ਗਿਣਤੀ ਵਿੱਚ ਆਗੂਆਂ ਤੇ ਵਰਕਰਾਂ ਨੇ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਤੀਰਥ ਸਿੰਘ ਮਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਮਿਹਨਤੀ, ਇਮਾਨਦਾਰ ਤੇ ਲੋਕਾਂ ਦੇ ਦੁੱਖ-ਸੁੱਖ ਵਿੱਚ ਖੜ੍ਹੇ ਰਹਿਣ ਵਾਲੇ ਵਰਕਰਾਂ ਨੂੰ ਮਾਣ-ਸਨਮਾਨ ਦਿੰਦਾ ਆਇਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸੋਚ ਅਨੁਸਾਰ ਜਥੇਬੰਦੀ ਨੂੰ ਪਿੰਡ ਪੱਧਰ ਤੋਂ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਹਰ ਵਰਗ ਦੀ ਆਵਾਜ਼ ਪਾਰਟੀ ਦੇ ਮੰਚ ਰਾਹੀਂ ਉੱਭਰ ਸਕੇ। ਉਨ੍ਹਾਂ ਭਰੋਸਾ ਜਤਾਇਆ ਕਿ ਨਵੇਂ ਅਹੁਦੇਦਾਰ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਦੇ ਨਾਲ-ਨਾਲ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਾਰਟੀ ਲੀਡਰਸ਼ਿਪ ਤੱਕ ਪਹੁੰਚਾਉਣ ਵਿਚ ਵੀ ਅਹਿਮ ਭੂਮਿਕਾ ਨਿਭਾਉਣਗੇ। ਨਵ-ਨਿਯੁਕਤ ਅਹੁਦੇਦਾਰਾਂ ਨੇ ਸੁਖਬੀਰ ਸਿੰਘ ਬਾਦਲ ਅਤੇ ਤੀਰਥ ਸਿੰਘ ਮਾਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਪ੍ਰਗਟਾਏ ਵਿਸ਼ਵਾਸ 'ਤੇ ਪੂਰਾ ਉਤਰਨਗੇ। ਇਸ ਮੌਕੇ ਮੌਜੂਦ ਆਗੂਆਂ ਤੇ ਵਰਕਰਾਂ ਨੇ ਵੀ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਵਿਸ਼ਵਾਸ ਜਤਾਇਆ ਕਿ ਇਹ ਨਿਯੁਕਤੀਆਂ ਬਾਘਾ ਪੁਰਾਣਾ ਹਲਕੇ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨ ਵਿੱਚ ਅਹਿਮ ਸਾਬਤ ਹੋਣਗੀਆਂ।

# ਡਾ. ਕਲਾਮ ਇੰਟਰਨੈਸ਼ਨਲ ਸਕੂਲ ਦੀ ਪੀ ਟੀ ਐੱਮ ਦੌਰਾਨ ਮਾਪਿਆਂ ਨੂੰ ਪੌਦੇ ਵੰਡੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਡਾ. ਕਲਾਮ ਇੰਟਰਨੈਸ਼ਨਲ ਸਕੂਲ ਵਿੱਚ ਸੋਮਵਾਰ ਨੂੰ ਮਾਪੇ-ਅਧਿਆਪਕ ਮਿਲਣੀ (ਪੀ.ਟੀ.ਐੱਮ.) ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮਾਪਿਆਂ ਤੇ ਅਧਿਆਪਕਾਂ ਨੇ ਵਿਦਿਆਰਥੀਆਂ ਦੀ ਪੜ੍ਹਾਈ, ਅਨੁਸ਼ਾਸਨ, ਵਿਵਹਾਰ ਤੇ ਸਰਬਪੱਖੀ ਵਿਕਾਸ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ। ਇਸ ਦੇ ਨਾਲ ਹੀ ਸਕੂਲ ਵੱਲੋਂ ਵਾਤਾਵਰਨ ਸੰਭਾਲ ਲਈ ਇੱਕ ਵਿਲੱਖਣ ਤੇ ਸ਼ਲਾਘਾਯੋਗ ਉਪਰਾਲਾ ਕਰਦਿਆਂ ਹਰ ਮਾਪੇ ਨੂੰ ਪੌਦਾ ਭੇਟ ਕੀਤਾ ਗਿਆ। ਸਕੂਲ ਪ੍ਰਬੰਧਕਾਂ ਤੇ ਪ੍ਰਿੰਸੀਪਲ ਮੈਡਮ ਗੁਰਪ੍ਰੀਤ ਸ਼ਰਮਾ ਦੀ ਅਗਵਾਈ ਹੇਠ 'ਇੱਕ ਪੌਦਾ ਮਾਂ ਦੇ ਨਾਮ' ਮੁਹਿੰਮ ਤਹਿਤ ਇਹ ਪਹਿਲ ਕੀਤੀ ਗਈ। ਇਸ ਦਾ ਉਦੇਸ਼ ਵਾਤਾਵਰਨ ਦੀ ਸੁਰੱਖਿਆ ਦੇ ਨਾਲ-ਨਾਲ ਮਾਂ ਦੇ ਪਿਆਰ, ਸਤਿਕਾਰ ਤੇ ਕੁਦਰਤ ਨਾਲ ਜੁੜਾਅ ਦਾ ਸੰਦੇਸ਼ ਦੇਣਾ ਸੀ। ਇਸ ਮੌਕੇ ਪ੍ਰਿੰਸੀਪਲ ਮੈਡਮ ਗੁਰਪ੍ਰੀਤ ਸ਼ਰਮਾ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਭੇਟ ਕੀਤੇ ਪੌਦਿਆਂ ਨੂੰ ਆਪਣੇ ਘਰ ਜਾਂ ਆਲੇ-ਦੁਆਲੇ ਲਗਾ ਕੇ ਉਨ੍ਹਾਂ ਦੀ ਨਿਯਮਤ ਸੰਭਾਲ ਕਰਨ। ਉਨ੍ਹਾਂ ਕਿਹਾ ਕਿ ਜਿਵੇਂ ਅਸੀਂ ਆਪਣੇ ਬੱਚਿਆਂ ਦੀ ਪਿਆਰ ਨਾਲ ਪਰਵਰਿਸ਼ ਕਰਦੇ ਹਾਂ, ਉਸੇ ਤਰ੍ਹਾਂ ਇੱਕ ਪੌਦੇ ਦੀ ਦੇਖਭਾਲ ਕਰ ਕੇ ਵੀ ਵਾਤਾਵਰਨ ਨੂੰ ਹਰਿਆ-ਭਰਿਆ ਬਣਾਉਣ ਵਿਚ ਆਪਣਾ ਯੋਗਦਾਨ ਪਾ ਸਕਦੇ ਹਾਂ। ਉਨ੍ਹਾਂ ਮਾਪਿਆਂ ਨੂੰ ਬੱਚਿਆਂ ਨੂੰ ਵੀ ਪੌਦਿਆਂ ਦੀ ਸੇਵਾ ਤੇ ਕੁਦਰਤ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ। ਮਾਪਿਆਂ ਨੇ ਸਕੂਲ ਦੀ ਇਸ ਹਰੀ ਪਹਿਲਕਦਮੀ ਦੀ ਭਰਪੂਰ ਸ਼ਲਾਘਾ ਕਰਦਿਆਂ ਵਾਤਾਵਰਨ ਦੀ ਸੰਭਾਲ ਲਈ ਆਪਣਾ ਯੋਗਦਾਨ ਪਾਉਣ ਦਾ ਸੰਕਲਪ ਲਿਆ। ਸਕੂਲ ਪ੍ਰਬੰਧਨ ਨੇ ਕਿਹਾ ਕਿ ਅਜਿਹੇ ਉਪਰਾਲੇ ਵਿਦਿਆਰਥੀਆਂ ਵਿੱਚ ਕੁਦਰਤ ਪ੍ਰਤੀ ਪਿਆਰ, ਸਮਾਜਿਕ ਜ਼ਿੰਮੇਵਾਰੀ ਤੇ ਵਾਤਾਵਰਨ ਸੰਭਾਲ ਦੀ ਭਾਵਨਾ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

# ਪੰਥਕ ਸਿਆਸੀ ਪਾਰਟੀਆਂ ਨੂੰ ਇਕੱਠੇ ਹੋ ਕੇ ਚੋਣ ਲੜਨ ਦੀ ਅਪੀਲ : ਤਾਲਮੇਲ ਪੰਥਕ ਕਮੇਟੀ

**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਅੱਜ ਇੱਕ ਸਮੂਹ ਜਥੇਬੰਦੀਆਂ ਦੀ ਬਣੀ ਤਾਲਮੇਲ ਪੰਥਕ ਕਮੇਟੀ ਫਿਰੋਜ਼ਪੁਰ ਦੀ ਸਾਂਝੀ ਮੀਟਿੰਗ ਫਿਰੋਜ਼ਪੁਰ ਕੈਂਟ ਵਿਖੇ ਹੋਈ, ਜਿਸ ਵਿੱਚ ਸਾਰੀਆਂ ਪਾਰਟੀਆਂ ਤੇ ਕਿਸਾਨ ਜਥੇਬੰਦੀਆ ਅਤੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਪੰਜਾਬ ਵਿੱਚ ਪੰਥਕ ਸਰਕਾਰ ਬਣਾਉਣ ਲਈ ਸਮੂਹ ਸਿਆਸੀ ਪੰਥਕ ਜਥੇਬੰਦੀਆਂ ਨੂੰ ਇਕੱਠੇ ਹੋ ਕੇ ਚੋਣਾਂ ਲੜਨ ਦੀ ਅਪੀਲ ਕੀਤੀ ਗਈ। ਤਾਲਮੇਲ ਪੰਥਕ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਵੱਖ ਵੱਖ ਪਾਰਟੀਆਂ ਲੋਕਾਂ ਨੂੰ ਲਾਲਚੀ ਬਿਆਨ ਦੇ ਕੇ ਸਰਕਾਰਾਂ ਬਣਾ ਚੁੱਕੇ ਹਨ, ਪਰ ਝੂਠੇ ਵਾਅਦੇ ਕਰਕੇ ਲੋਕਾਂ ਨਾਲ ਖਿਲਵਾੜ ਕੀਤਾ ਗਿਆ। ਅੱਜ ਲੋਕਾਂ ਦਾ ਸਾਰੀਆਂ ਪਾਰਟੀਆਂ ਤੋਂ ਵਿਸ਼ਵਾਸ ਉੱਠ ਚੁੱਕਿਆ ਤੇ ਲੋਕ ਦੁਖੀ ਹੋ ਚੁੱਕੇ ਹਨ। ਪੰਜਾਬ ਨੂੰ ਬਚਾਉਣ ਲਈ ਦਿੱਲੀ ਤੋਂ ਚਲਦੀਆਂ ਪਾਰਟੀਆਂ ਨੂੰ ਵਾਪਸ ਭੇਜਣਾ ਦਾ ਇੱਕੋ ਤਾਰੀਕਾ ਕਿ ਪੰਥਕ ਸਰਕਾਰ ਬਣੇ। ਸਾਰੀਆਂ ਪਾਰਟੀਆਂ ਨੂੰ ਬੇਨਤੀ ਹੈ ਕਿ ਆਪੋ ਆਪਣੀ ਪਾਰਟੀ ਦੇ ਸਿਆਣੇ ਤੇ ਸੁਲਝੇ ਹੋਏ ਜਥੇਦਾਰਾਂ ਦੀ ਸਾਰੀਆਂ ਪਾਰਟੀਆਂ ਸਾਂਝੀ ਕਮੇਟੀ ਬਣਾ ਕੇ ਉਨ੍ਹਾਂ ਨੂੰ ਪਾਵਰਾਂ ਦੇਣ ਕਿ ਜਿਸ ਤਰ੍ਹਾਂ ਇਹ ਜਥੇਦਾਰ ਫੈਸਲਾ ਕਰਨਗੇ, ਸਾਨੂੰ ਸਾਰੀਆਂ ਧਿਰਾਂ ਨੂੰ ਮਨਜ਼ੂਰ ਹੋਵੇਗਾ ਅਤੇ ਚੰਗੇ ਅਕਸ਼ ਵਾਲੇ ਲੋਕਾਂ ਨੂੰ ਟਿਕਟਾਂ ਦੇ ਕੇ ਪੰਜਾਬ ਨੂੰ ਬਚਾਇਆ ਜਾਵੇ। ਇਸ ਮੌਕੇ ਤਾਲਮੇਲ ਪੰਥਕ ਕਮੇਟੀ ਫਿਰੋਜ਼ਪੁਰ ਜਸਬੀਰ ਸਿੰਘ ਭੁੱਲਰ, ਮੁਖਤਿਆਰ ਸਿੰਘ ਭੁੱਲਰ ਪੁਨਰ ਸੁਰਜੀਤ ਅਕਾਲੀ ਦਲ, ਬਾਬਾ ਸਤਨਾਮ ਸਿੰਘ ਵੱਲੀਆ ਇੰਟਰਨੈਸ਼ਨਲ ਪੰਥਕ ਦਲ, ਗੁਰਚਰਨ ਸਿੰਘ ਭੁੱਲਰ, ਪਰਗਟ ਸਿੰਘ ਵਾਹਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਦਵਿੰਦਰ ਸਿੰਘ ਸੇਖੋ, ਮਾਨ ਸਿੰਘ ਕਿੱਲੀ, ਕਿਰਨਦੀਪ ਸਿੰਘ ਮਿਸਲ ਸਤਲੁਜ, ਹਰਜਿੰਦਰ ਸਿੰਘ ਹਸਮਤ ਵਾਲਾ, ਬਾਬਾ ਬਲਕਾਰ ਸਿੰਘ ਇਲਮੇ ਵਾਲਾ ਵਾਰਿਸ ਪੰਜਾਬ ਅਕਾਲੀ ਦਲ, ਜਥੇਦਾਰ ਹਿੰਮਤ ਸਿੰਘ ਸ਼ਕੂਰ ਏਕਨੂਰ ਖਾਲਸਾ ਫੌਜ, ਲਖਬੀਰ ਸਿੰਘ ਮੁਹਾਲਮ ਸਤਿਕਾਰ ਕਮੇਟੀ, ਅਵਤਾਰ ਸਿੰਘ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਅਮਰ ਸਿੰਘ ਸੰਧੂ, ਦਵਿੰਦਰ ਸਿੰਘ, ਚਰਨਜੀਤ ਸਿੰਘ ਭੁੱਲਰ, ਗੁਰਜੀਤ ਸਿੰਘ, ਹੀਰਾ ਸਿੰਘ ਕਿਸਾਨ ਮਜ਼ਦੂਰ ਮੋਰਚਾ, ਦਵਿੰਦਰ ਸਿੰਘ ਫੁੱਲਰਵੰਨ ਬੀ ਕੇ ਯੂ ਮਝੈਲ, ਗੁਰਮੀਤ ਸਿੰਘ ਘੋੜੇ ਚੱਕ ਬੀ ਕੇ ਯੂ ਸਿਧੂਪੁਰ, ਸਰਬਜੀਤ ਸਿੰਘ ਭਾਵੜਾ ਡੀ ਟੀ ਐੱਫ ਤਾਲਮੇਲ ਪੰਥਕ ਕਮੇਟੀ ਹਾਜ਼ਰ ਸਨ।


ਰਜਿਸਟਰੀ ਨੰ. ਡੀ.ਐਲ.-33004/99

# ਭਾਰਤ ਦਾ ਰਾਜਪੱਤਰ

ਸੀ.ਜੀ.-ਡੀ.ਐਲ.-ਅ.-29072026-274901

ਅਸਾਧਾਰਨ

ਭਾਗ II-ਸੈਕਸ਼ਨ 3-ਉਪ-ਸੈਕਸ਼ਨ (ii)

ਪ੍ਰਾਧਿਕਾਰ ਤੋਂ ਪ੍ਰਕਾਸ਼ਿਤ

ਨੰ. 3939] ਨਵੀਂ ਦਿੱਲੀ, ਸੋਮਵਾਰ, ਜੁਲਾਈ 27, 2026/ਸ਼ਰਾਵਨ 5, 1948

ਰੇਲ ਮੰਤਰਾਲਾ

(ਉਤਰ ਰੇਲਵੇ)

ਅਧਿਸੂਚਨਾ

ਫਿਰੋਜਪੁਰ, 24 ਜੁਲਾਈ, 2026

ਕਾ.ਆ. 4109(ਅ).-ਰੇਲ ਅਧਿਨਿਯਮ 1989 (ਸੰਸ਼ੋਧਨ ਅਧਿਨਿਯਮ, 2008) ਦੀ ਧਾਰਾ 2 ਦੇ ਸੈਕਸ਼ਨ (37-ਏ) ਦੁਆਰਾ ਪ੍ਰਦਤ ਸ਼ਕਤੀ ਦਾ ਪ੍ਰਯੋਗ ਕਰਦੇ ਹੋਏ, ਕੇਂਦਰ ਸਰਕਾਰ ਇਸ ਦੁਆਰਾ "ਸਾਹਨੇਵਾਲ-ਜਾਲੰਧਰ ਸਿਟੀ ਸੇਕਸ਼ਨ ਤੇ ਸੀਨੀਅਰ ਅਨੁਭਾਗ ਇੰਜੀਨੀਅਰ/ਫਗਵਾੜਾ ਦੇ ਤਹਿਤ ਮਾਨਵਯੁਕਤ ਲੇਵਲ ਕ੍ਰਾਸਿੰਗ ਨੰਬਰ ਐਸ- 79 ਅਤੇ ਐਸ-80 ਦੀ ਥਾਂ ਤੇ 5 ਮੀਟਰ x 5 ਮੀਟਰ ਆਕਾਰ ਦੇ ਸੀਮਿਤ ਉਚਾਈ ਵਾਲੇ ਸਬ-ਵੇ ਦੀ ਉਸਾਰੀ, ਧੱਕਾ ਵਿਧੀ ਦੁਆਰਾ" ਵਿਸ਼ੇਸ਼ ਰੇਲ ਪ੍ਰੋਜੈਕਟ ਦੇ ਰੂਪ ਵਿਚ ਅਧਿਸੂਚਿਤ ਕਰਦੀ ਹੈ। ਇਹ ਜਮੀਨ ਕਪੂਰਥਲਾ ਜਿਲੇ, ਪੰਜਾਬ ਰਾਜ ਵਿਚ ਲਗਭਗ 9.00 ਮਰਲਾ (227.636 ਵਰਗ ਮੀਟਰ) ਜਮੀਨ ਦੇ ਅਧਿਗ੍ਰਹਿਨ ਦੇ ਲਈ ਹੈ, ਤਾਂ ਕਿ ਸੀਮਿਤ ਉਚਾਈ ਵਾਲੇ ਸਬ-ਵੇ (ਪੂਰਵ ਵਿਚ ਲੇਵਲ ਕ੍ਰਾਸਿੰਗ ਐਸ-80, ਪਿੰਡ ਮੌਲੀ, ਫਗਵਾੜਾ) ਦੇ ਕੋਲ ਮਾਰਗ/ਪਹੁੰਚ ਪ੍ਰਦਾਨ ਕੀਤੀ ਜਾ ਸਕੇ। ਇਹ ਅਧਿਸੂਚਨਾ ਸੀਡਬਲੂਪੀ ਨੰਬਰ 26580 ਆਫ 2023 ਵਿਚ ਜਾਰੀ ਆਦੇਸ਼ ਦਾ ਅਨੁਪਾਨ ਕਰਦੇ ਹੋਏ ਸਾਰਵਜਨਿਕ ਪ੍ਰਯੋਜਨ ਦੇ ਲਈ ਰਾਸ਼ਟਰੀ ਅਵਸੰਰਚਨਾ ਉਪਲਬਧ ਕਰਾਉਣ ਲਈ ਕੀਤੀ ਗਈ ਹੈ। ਇਹ ਅਧਿਸੂਚਨਾ ਆਧਿਕਾਰਿਕ ਰਾਜ ਪੱਤਰ ਵਿਚ ਪ੍ਰਕਾਸ਼ਨ ਮਿਤੀ ਤੋਂ ਪ੍ਰਭਾਵੀ ਹੋਵੇਗੀ।

[ਫਾ. ਨੰ. 635-ਡਬਲੂ/175/2025/ਐਲ.ਡੀਐਚ]

ਐਸ.ਕੇ. ਸ਼੍ਰੀਵਾਸਤਵ, ਸੀਏਓ/ਉਸਾਰੀ/ਆਰਐਸਪੀ, ਫਿਰੋਜਪੁਰ ਮੰਡਲ

2673/2026



CAPITALINDIA Rediscover Business

ਰਜਿਸਟਰਡ ਦਫਤਰ : 701, 7ਵੀਂ ਮੰਜ਼ਿਲ, ਅੱਗਰਵਾਲ ਕਾਰਪੋਰੇਟ ਟਾਵਰ, ਪਲਾਟ ਨੰ. 23, ਜ਼ਿਲ੍ਹਾ ਸੈਂਟਰ, ਰਾਜਿੰਦਰਾ ਪਲੇਸ, ਨਵੀਂ ਦਿੱਲੀ, ਭਾਰਤ-110008, ਟੈਲੀਫੋਨ : +91 11 49546000 ਈ-ਮੇਲ : wecare@capitalindia.com ਸੀ ਆਈ ਐੱਨ : ਨੰ. ਐੱਲ 74899 ਡੀ ਐੱਲ 1994 ਪੀ ਐੱਲ ਸੀ 128577

## ਅੰਤਿਕਾ-IV (ਦੇਖੋ ਰੂਲ 8 (1)) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂਕਿ ਨਿਮਨਹਸਤਾਖਰੀ ਨੇ ਕੈਪੀਟਲ ਇੰਡੀਆ ਫਾਇਨਾਂਸ ਲਿਮਟਿਡ [ਸੀ ਆਈ ਐੱਨ ਨੰ. ਐੱਲ 74899 ਡੀ ਐੱਲ 1994 ਪੀ ਐੱਲ ਸੀ 128577] ਦੇ ਅਧਿਕਾਰਤ ਅਫਸਰ ਹੋਣ ਨਾਤੇ ਸਕਿਊਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਅਤੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਨਾਲ ਪੜ੍ਹੇ ਜਾਂਦੇ ਰੂਲ 3 ਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ 1. ਸ੍ਰੀ ਬਿੰਦਰਪਾਲ ਮਿੱਤਲ ਪੁੱਤਰ ਸ੍ਰੀ ਵਗਨ ਨਾਥ ਮਿੱਤਲ (ਰਾਹੀਂ ਇਸ ਦੀ ਮਾਲਕੀ ਅਤੇ ਡਾਇਰੈਕਟਰਾਂ) 2. ਫਰੈਂਡਜ਼ਵੁੱਡ ਡਿਵੈਲਪਰਜ਼ ਲਿਮਟਿਡ 3. ਸ੍ਰੀਮਤੀ ਸੁਸ਼ਮਾ ਪੁੱਤਰੀ ਸ੍ਰੀ ਮੋਹਨ ਲਾਲ 4. ਸ੍ਰੀ ਭਾਰਤ ਮਿੱਤਲ ਪੁੱਤਰ ਸ੍ਰੀ ਬਿੰਦਰਪਾਲ ਮਿੱਤਰ ਗਰਗ 5. ਸ੍ਰੀਮਤੀ ਰਿਧੀ ਮਿੱਤਲ ਪੁੱਤਰੀ ਸ੍ਰੀ ਲਲਿਤ ਕੁਮਾਰ ਗੁਪਤਾ 6. ਸ੍ਰੀਮਤੀ ਆਕਸ਼ੀ ਮਿੱਤਲ ਪੁੱਤਰੀ ਸ੍ਰੀ ਰਾਜੇਸ਼ਵਰਮ ਪ੍ਰਸਾਦ 7. ਸ੍ਰੀ ਪ੍ਰਤੀਕ ਮਿੱਤਲ ਪੁੱਤਰ ਸ੍ਰੀ ਬਿੰਦਰਪਾਲ ਮਿੱਤਰ ਨੂੰ ਮਿਤੀ 30.04.2026 ਨੂੰ ਡਿਮਾਂਡ ਨੋਟਿਸ ਦੀ ਰਕਮ ਰੁਪਏ 8,70,19,624/- (ਅੱਠ ਕਰੋੜ ਸੱਤਰ ਲੱਖ ਉੱਨੀ ਹਜ਼ਾਰ ਛੇ ਸੌ ਚੌਵੀ ਰੁਪਏ ਕੇਵਲ) ਸਮੇਤ 01.05.2026 ਦੇ ਕਰਜ਼ਾ ਇਕਰਾਰਨਾਮੇ ਦੀਆਂ ਸ਼ਰਤਾਂ ਤਹਿਤ ਭਵਿੱਖੀ ਵਿਆਜ, ਇਸ 'ਤੇ ਹੋਰ ਵਿਆਜ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਕਰਜ਼ਾ ਇਕਰਾਰਨਾਮਾ ਨੰ. ਐੱਨ ਐੱਲ ਐੱਨ ਐੱਲ ਏ ਪੀ ਡੀ ਈ ਐੱਲ 0042207 ਅਤੇ ਐੱਨ ਐੱਲ ਐੱਨ ਐੱਲ ਏ ਪੀ ਡੀ ਈ ਐੱਲ 0042538 ਲਈ ਮਿਤੀ 21.04.2026 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰ/ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (4) ਤਹਿਤ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13(4) ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 31-07-2026 ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਕਿਸਮ ਦੀ ਸੌਦੇਬਾਜ਼ੀ ਕੈਪੀਟਲ ਇੰਡੀਆ ਫਾਇਨਾਂਸ ਲਿਮਟਿਡ ਦੀ ਮਿਤੀ 30.4.2026 ਨੂੰ ਰਕਮ ਰੁਪਏ 8,70,19,624/- (ਅੱਠ ਕਰੋੜ ਸੱਤਰ ਲੱਖ ਉੱਨੀ ਹਜ਼ਾਰ ਛੇ ਸੌ ਚੌਵੀ ਰੁਪਏ ਕੇਵਲ) ਸਮੇਤ 01.05.2026 ਤੋਂ ਕਰਜ਼ਾ ਇਕਰਾਰਨਾਮਾ ਦੀਆਂ ਸ਼ਰਤਾਂ ਤਹਿਤ ਭਵਿੱਖੀ ਵਿਆਜ ਵਸੂਲੀ ਹੇਠ ਹੋਵੇਗੀ।

ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਤਹਿਤ ਸਕਿਉਰਡ ਐੱਸਟ ਨੂੰ ਪੁਨਰ ਗ੍ਰਹਿਣ ਕਰਨ ਲਈ ਉਪਲੱਬਧ ਸਮੇਂ ਵੱਲ ਦਿਵਾਇਆ ਜਾਂਦਾ ਹੈ।

### ਅਚੱਲ ਜਾਇਦਾਦ ਦਾ ਵੇਰਵਾ

ਖੇਵਟ/ਖੱਤਾ ਨੰ. 360/629, ਖਸਰਾ ਨੰ. 80//1/1 (6-0) 81//1/2 (6-0-6.84) 2/2 (7-16-6.93) 3/2 (7-16.6.93) 4/1/2 (3-14-6.93) 4/2 (4-12) 5/2 (7-16-6.93) 82//15 (0-9) ਟੁਕੜੇ 8, ਖੇਤਰ (44-6-7.56), ਜੋ ਕਿ 4311.2/26826.90 ਰਕਬੇ ਦਾ ਹਿੱਸਾ (7-2-4.67) ਅਤੇ ਖੇਵਟ/ਖੱਤਾ ਨੰ. 359/628 ਖਸਰਾ ਨੰ. 80//1/2 (2-0) 2/1 (4-0) 8/2 (4-0) 9 (8-0) 10 (8-0) 12/2 (4-18) 13 (8-0) 14 (2-13) 18/1 (3-19-2 16) ਟੁਕੜੇ 9 ਖੇਤਰ (45-10-2.16), ਜੋ ਕਿ 12001 69/27534.76 ਰਕਬੇ ਦਾ ਹਿੱਸਾ (19-16-6.75) ਹੱਦਾਂ : ਉੱਤਰ : 60 ਫੁੱਟ ਚੌੜੀ ਮਾਨਸਾ ਰੋਡ, ਦੱਖਣ : ਹੋਰ ਜਾਇਦਾਦ, ਪੂਰਬ : ਪਿੰਡ ਮਾਨਸਾ ਖੁਰਦ, ਪੱਛਮ : ਹੋਰ ਜਾਇਦਾਦ ਕੁੱਲ ਰਹਿਣ ਕੀਤੀ ਜ਼ਮੀਨ (26-19-2.42) ਪਿੰਡ ਮਾਨਸਾ ਖੁਰਦ ਦੀ/55, ਤਹਿਸੀਲ ਤੇ ਜ਼ਿਲ੍ਹਾ ਮਾਨਸਾ, ਪ੍ਰਾਜੈਕਟ ਦਾ ਨਾਂਅ ਜੋਇਨੈਸਟ ਮਾਨਸਾ ਪੰਜਾਬ (ਭਾਰਤ) ਪਿੰਨ ਕੋਡ-151505, ਹੇਠਾਂ ਪਲਾਟ ਕੁਲੈਕਟਰਲ ਪੇਸ਼ਕਸ਼ ਹੈ।

ਜੋਇਨੈਸਟ - ਮਾਨਸਾ

| ਲੜੀ ਨੰ. | ਯੂਨਿਟ ਕਿਸਮ | ਖੇਤਰ (ਵਰਗ ਗਜ਼) | ਯੂਨਿਟ ਪਤਾ | ਕਿਸਮ | ਲੜੀ ਨੰ. | ਯੂਨਿਟ ਕਿਸਮ | ਖੇਤਰ (ਵਰਗ ਗਜ਼) | ਯੂਨਿਟ ਪਤਾ | ਕਿਸਮ |
|---|---|---|---|---|---|---|---|---|---|
| 1 | 106.67 Sq Yd. | 106.67 | P-100 | Residential Plot | 83 | 104.44 Sq Yd. | 104.44 | P-49 | Residential Plot |
| 2 | 106.67 Sq Yd. | 106.67 | P-101 | Residential Plot | 84 | 104.44 Sq Yd. | 104.44 | P-54 | Residential Plot |
| 3 | 106.67 Sq Yd. | 106.67 | P-102 | Residential Plot | 85 | 116.11 Sq Yd. | 116.11 | P-59 | Residential Plot |
| 4 | 106.67 Sq Yd. | 106.67 | P-103 | Residential Plot | 86 | 116.11 Sq Yd. | 116.11 | P-60 | Residential Plot |
| 5 | 106.67 Sq Yd. | 106.67 | P-104 | Residential Plot | 87 | 116.11 Sq Yd. | 116.11 | P-61 | Residential Plot |
| 6 | 106.67 Sq Yd. | 106.67 | P-105 | Residential Plot | 88 | 116.11 Sq Yd. | 116.11 | P-62 | Residential Plot |
| 7 | 106.67 Sq Yd. | 106.67 | P-106 | Residential Plot | 89 | 116.11 Sq Yd. | 116.11 | P-63 | Residential Plot |
| 8 | 106.67 Sq Yd. | 106.67 | P-107 | Residential Plot | 90 | 116.11 Sq Yd. | 116.11 | P-64 | Residential Plot |
| 9 | 106.67 Sq Yd. | 106.67 | P-108 | Residential Plot | 91 | 116.11 Sq Yd. | 116.11 | P-65 | Residential Plot |
| 10 | 99.22 Sq Yd. | 99.22 | P-109 | Residential Plot | 92 | 116.11 Sq Yd. | 116.11 | P-66 | Residential Plot |
| 11 | 104.44 Sq Yd. | 104.44 | P-110 | Residential Plot | 93 | 122.22 Sq Yd. | 122.22 | P-78 | Residential Plot |
| 12 | 104.44 Sq Yd. | 104.44 | P-111 | Residential Plot | 94 | 122.22 Sq Yd. | 122.22 | P-79 | Residential Plot |
| 13 | 104.44 Sq Yd. | 104.44 | P-112 | Residential Plot | 95 | 122.22 Sq Yd. | 122.22 | P-80 | Residential Plot |
| 14 | 104.44 Sq Yd. | 104.44 | P-113 | Residential Plot | 96 | 122.22 Sq Yd. | 122.22 | P-81 | Residential Plot |
| 15 | 99.22 Sq Yd. | 99.22 | P-114 | Residential Plot | 97 | 122.22 Sq Yd. | 122.22 | P-82 | Residential Plot |
| 16 | 107.78 Sq Yd. | 107.78 | P-115 | Residential Plot | 98 | 122.22 Sq Yd. | 122.22 | P-83 | Residential Plot |
| 17 | 107.78 Sq Yd. | 107.78 | P-116 | Residential Plot | 99 | 122.22 Sq Yd. | 122.22 | P-84 | Residential Plot |
| 18 | 107.78 Sq Yd. | 107.78 | P-117 | Residential Plot | 100 | 106.67 Sq Yd. | 106.67 | P-97 | Residential Plot |
| 19 | 107.78 Sq Yd. | 107.78 | P-118 | Residential Plot | 101 | 106.67 Sq Yd. | 106.67 | P-98 | Residential Plot |
| 20 | 107.78 Sq Yd. | 107.78 | P-119 | Residential Plot | 102 | 106.67 Sq Yd. | 106.67 | P-99 | Residential Plot |
| 21 | 107.78 Sq Yd. | 107.78 | P-120 | Residential Plot | 103 | 124.83 Sq Yd. | 124.83 | P-01 | Residential Plot |
| 22 | 107.78 Sq Yd. | 107.78 | P-121 | Residential Plot | 104 | 99.22 Sq Yd. | 99.22 | P-46 | Residential Plot |
| 23 | 107.78 Sq Yd. | 107.78 | P-122 | Residential Plot | 105 | 104.44 Sq Yd. | 104.44 | P-52 | Residential Plot |
| 24 | 107.78 Sq Yd. | 107.78 | P-123 | Residential Plot | 106 | 104.44 Sq Yd. | 104.44 | P-47 | Residential Plot |
| 25 | 107.78 Sq Yd. | 107.78 | P-124 | Residential Plot | 107 | 124.83 Sq Yd. | 124.83 | P-13 | Residential Plot |
| 26 | 107.78 Sq Yd. | 107.78 | P-125 | Residential Plot | 108 | 106.67 Sq Yd. | 106.67 | P-87 | Residential Plot |
| 27 | 107.78 Sq Yd. | 107.78 | P-126 | Residential Plot | 109 | 106.67 Sq Yd. | 106.67 | P-94 | Residential Plot |
| 28 | 107.78 Sq Yd. | 107.78 | P-127 | Residential Plot | 110 | 106.67 Sq Yd. | 106.67 | P-95 | Residential Plot |
| 29 | 107.78 Sq Yd. | 107.78 | P-128 | Residential Plot | 111 | 106.67 Sq Yd. | 106.67 | P-96 | Residential Plot |
| 30 | 107.78 Sq Yd. | 107.78 | P-129 | Residential Plot | 112 | 122.22 Sq Yd. | 122.22 | P-76 | Residential Plot |
| 31 | 107.78 Sq Yd. | 107.78 | ਭਾਰਤ-130 | Residential Plot | 113 | 104.44 Sq Yd. | 104.44 | P-50 | Residential Plot |
| 32 | 107.78 Sq Yd. | 107.78 | P-131 | Residential Plot | 114 | 106.67 Sq Yd. | 106.67 | P-90 | Residential Plot |
| 33 | 107.78 Sq Yd. | 107.78 | P-132 | Residential Plot | 115 | 106.67 Sq Yd. | 106.67 | P-91 | Residential Plot |
| 34 | 107.78 Sq Yd. | 107.78 | P-133 | Residential Plot | 116 | 106.67 Sq Yd. | 106.67 | P-92 | Residential Plot |
| 35 | 107.78 Sq Yd. | 107.78 | P-134 | Residential Plot | 117 | 106.67 Sq Yd. | 106.67 | P-89 | Residential Plot |
| 36 | 107.78 Sq Yd. | 107.78 | P-135 | Residential Plot | 118 | 116.11 Sq Yd. | 116.11 | P-68 | Residential Plot |
| 37 | 107.78 Sq Yd. | 107.78 | P-136 | Residential Plot | 119 | 116.11 Sq Yd. | 116.11 | P-67 | Residential Plot |
| 38 | 107.78 Sq Yd. | 107.78 | P-177 | Residential Plot | 120 | 99.22 Sq Yd. | 99.22 | P-35 | Residential Plot |
ਸਹੀ/-ਸਹਾਇਕ ਕੁਲੈਕਟਰ ਦਰਜਾ ਅੱਵਲ, (ਤਹਿਸੀਲਦਾਰ), ਬਠਿੰਡਾ।

## ਉੱਤਰ ਰੇਲਵੇ

### ਟੈਂਡਰ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਇਲੇਕਿਟ੍ਰਕ ਲੋਕੋ ਸ਼ੇਡ, ਉੱਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ ਨੰ: 2025-26-01A ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ **27.08.2026** ਨੂੰ **15.00** ਵਜੇ ਤਕ ਪੇਸ਼ ਕਰ ਸਕਦੇ ਹਨ । ਇਨ੍ਹਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੀ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ । ਟੈਂਡਰਕਰਤਾ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਆਰਾ ਜਿਸ ਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ ਤੇ ਕ੍ਰੇਡਿਟ ਕਾਰਡ ਤੋਂ ਭੁਗਤਾਨ ਕਰ ਸਕਦੇ ਹਨ ।

**ਟੈਂਡਰ ਨੰਬਰ :** 2026-27-01A
**ਕੰਮਾਂ ਦਾ ਵੇਰਵਾ :** ਇਲੇਕਿਟ੍ਰਕ ਲੋਕੋਮੋਟਿਵ ਦੀ ਪਾਲੀਯੂਰੇਥੇਨ ਪੇਂਟ ਤੋਂ ਪੇਂਟਿੰਗ ਅਤੇ ਦੋ ਸਾਲ ਦੇ ਸਮੇਂ ਦੇ ਲਈ ਰੇਟ੍ਰੋਰ-ਰਿਫਲੇਕਿਟਵ ਸਟਿਕਰ ਲਗਾਣ ਦੀ ਵਿਵਸਥਾ ।
**ਅਨੁਮਾਨਿਤ ਲਾਗਤ :** ਰੁ: 97,77,804.41/-
**ਟੈਂਡਰ ਦੀ ਕੀਮਤ :** ਰੁ: 0
**ਟੈਂਡਰ ਪੂਰਾ ਕਰਨ ਦੀ ਮਿਤੀ ਅਤੇ ਸਮਾਂ : 27.08.2026, 15:00 ਵਜੇ ਤਕ**
**ਬਿਆਨਾ ਰਾਸ਼ੀ :** ਰੁ: 1,95,600/-
**ਕੰਮ ਦਾ ਸਮਾਂ : 24 ਮਹੀਨੇ**
**ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ :** 27.08.2026, 15:00 ਵਜੇ ਦੇ ਬਾਦ
**ਵੈੱਬਸਾਈਟ :** www.ireps.gov.in
ਨੰ: 230-Elect/TRS/LDH/WC/PuPaint/2026-27/01A ਮਿਤੀ : 03.08.2026 2676/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# 'ਸਫ਼ਾਈ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦਾ ਤੁਰੰਤ ਹੱਲ ਕਰੇ ਸਰਕਾਰ'

## ਲੋਕਾਂ ਦੀ ਸਿਹਤ ਨਾਲ ਖਿਲਵਾੜ ਬਰਦਾਸ਼ਤ ਨਹੀਂ : ਡਾ. ਨਵਜੋਤ ਦਹੀਆ

**ਸ਼ਾਹਕੋਟ (ਗਿਆਨ ਸੈਦਪੁਰੀ)** ਨਕੋਦਰ ਵਿਧਾਨ ਸਭਾ ਦੇ ਹਲਕਾ ਇੰਚਾਰਜ ਡਾ. ਨਵਜੋਤ ਦਹੀਆ ਨੇ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਨਗਰ ਕੌਂਸਲ ਅਤੇ ਮਿਉਂਸਿਪਲ ਪ੍ਰਸ਼ਾਸਨ ਦੇ ਕੱਚੇ ਸਫ਼ਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਵੱਲੋਂ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਧਰਨਾ ਦਿੱਤਾ ਜਾ ਰਿਹਾ ਹੈ। ਇਸ ਕਾਰਨ ਸ਼ਹਿਰ ਵਿੱਚ ਕੂੜਾ ਨਹੀਂ ਚੁੱਕਿਆ ਜਾ ਰਿਹਾ ਅਤੇ ਬਰਸਾਤ ਦੇ ਮੌਸਮ ਦੌਰਾਨ ਕਈ ਥਾਵਾਂ 'ਤੇ ਪਾਣੀ ਖੜ੍ਹਾ ਹੋਣ ਨਾਲ ਬਿਮਾਰੀਆਂ ਫੈਲਣ ਦਾ ਖਤਰਾ ਲਗਾਤਾਰ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਸਿਹਤ ਵਿਭਾਗ ਲੋਕਾਂ ਨੂੰ ਆਪਣਾ ਆਲੇ-ਦੁਆਲੇ ਸਾਫ਼ ਰੱਖਣ ਦੀ ਅਪੀਲ ਕਰ ਰਿਹਾ ਹੈ, ਜਦਕਿ ਦੂਜੇ ਪਾਸੇ ਸਫ਼ਾਈ ਪ੍ਰਬੰਧ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਾ ਹੈ।



ਅਜਿਹੇ ਹਾਲਾਤਾਂ ਵਿੱਚ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਤੁਰੰਤ ਕਰਮਚਾਰੀਆਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕੱਢੇ। ਡਾ. ਦਹੀਆ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਦੌਰਾਨ ਇਨ੍ਹਾਂ ਸਫ਼ਾਈ ਕਰਮਚਾਰੀਆਂ ਨੂੰ 'ਕੋਰੋਨਾ ਵਾਰੀਅਰ' ਕਹਿ ਕੇ ਸਨਮਾਨਿਤ ਕੀਤਾ ਜਾਂਦਾ ਸੀ, ਪਰ ਅੱਜ ਜਦੋਂ ਇਹ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਹਨ ਤਾਂ ਸੱਤਾਧਾਰੀ ਆਗੂਆਂ ਨੇ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ। ਉਨ੍ਹਾਂ ਕਿਹਾ ਕਿ ਨਕੋਦਰ ਦੇ ਵਿਧਾਇਕ ਇੰਦਰਜੀਤ ਕੌਰ ਮਾਨ ਅਤੇ ਨਗਰ ਕੌਂਸਲ ਦੇ ਪ੍ਰਧਾਨ ਦਾ ਫ਼ਰਜ਼ ਬਣਦਾ ਸੀ ਕਿ ਉਹ ਧਰਨੇ 'ਤੇ ਬੈਠੇ ਕਰਮਚਾਰੀਆਂ ਨਾਲ ਮਿਲਦੇ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦੇ ਅਤੇ ਸਰਕਾਰ ਤੱਕ ਉਨ੍ਹਾਂ ਦੀ ਆਵਾਜ਼ ਪਹੁੰਚਾਉਂਦੇ। ਲੋਕਾਂ ਨੇ ਵੱਡੇ ਭਰੋਸੇ ਨਾਲ ਵੋਟਾਂ ਪਾ ਕੇ ਉਨ੍ਹਾਂ ਨੂੰ ਆਪਣਾ ਨੁਮਾਇੰਦਾ ਚੁਣਿਆ ਹੈ, ਇਸ ਲਈ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਡਾ. ਦਹੀਆ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਕਰਮਚਾਰੀਆਂ ਨਾਲ ਤੁਰੰਤ ਗੱਲਬਾਤ ਕਰਕੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਹੱਲ ਕਰੇ ਤਾਂ ਜੋ ਉਹ ਮੁੜ ਆਪਣੇ ਕੰਮ 'ਤੇ ਵਾਪਸ ਆ ਸਕਣ ਅਤੇ ਸ਼ਹਿਰ ਵਾਸੀਆਂ ਨੂੰ ਸਫ਼ਾਈ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਤੋਂ ਰਾਹਤ ਮਿਲ ਸਕੇ।

# ਰੋਡਵੇਜ਼ ਕਾਮਿਆਂ ਦੀ ਤਿੰਨ ਰੋਜ਼ਾ ਹੜਤਾਲ ਸ਼ੁਰੂ, ਕਿਸਾਨ ਜਥੇਬੰਦੀਆਂ ਨੇ ਦਿੱਤਾ ਸਮਰਥਨ

**ਨੰਗਲ (ਸੁਰਜੀਤ ਸਿੰਘ ਢੇਰ)**- ਰੋਡਵੇਜ਼ ਕਾਮਿਆਂ ਦੀ ਤਿੰਨ ਰੋਜ਼ਾ ਹੜਤਾਲ ਸੋਮਵਾਰ ਨੂੰ ਸ਼ੁਰੂ ਹੋ ਗਈ। ਇਸ ਮੌਕੇ ਤੇ ਵੱਖ ਵੱਖ ਕਿਸਾਨ ਜਥੇਬੰਦੀਆਂ ਨੇ ਭਰਪੂਰ ਸਮਰਥਨ ਦੇਣ ਦਾ ਐਲਾਨ ਕੀਤਾ।ਇਸ ਮੌਕੇ ਤੇ ਪ੍ਰਧਾਨ ਸੁਨੀਲ ਕੁਮਾਰ, ਸਕੱਤਰ ਦਿਆਲ ਮਾਹੀ ਨੇ ਕਿਹਾ ਕਿ ਰੋਡਵੇਜ਼ ਕਾਮਿਆਂ ਨਾਲ ਸਰਕਾਰ ਵੱਲੋਂ ਕੀਤੇ ਵਾਅਦੇ ਲਾਗੂ ਨਹੀਂ ਕੀਤੇ ਜਾ ਰਹੇ। ਪਿਛਲੇ ਸੰਘਰਸ਼ਾਂ ਦੌਰਾਨ ਜੇਲਾਂ ਵਿੱਚ ਬੰਦ ਸਾਥੀਆਂ ਨੂੰ ਅਜੇ ਤੱਕ ਰਿਹਾਅ ਨਹੀਂ ਕੀਤਾ ਗਿਆ ਨਾ ਹੀ ਪਰਚੇ ਰੱਦ ਕੀਤੇ ਗਏ। ਉਹਨਾਂ ਨੇ ਕਿਹਾ ਕਿ ਸਪੇਅਰ ਪਾਰਟ ਨਾ ਆਉਣ ਕਰਕੇ ਸੈਂਕੜੇ ਨਵੀਆਂ ਬੱਸਾਂ ਡੀਪੂਆ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ। ਉਹਨਾਂ ਨੇ ਕਿਹਾ ਕਿ ਸਰਕਾਰ ਰੋਡਵੇਜ਼ ਕਾਮਿਆਂ ਦੀਆਂ ਮੰਗਾਂ ਨੂੰ ਮੰਨ ਕੇ ਵੀ ਪੂਰਾ ਨਹੀਂ ਕਰ ਰਹੀ। ਇਸ ਮੌਕੇ ਤੇ ਉਹਨਾਂ ਨੇ ਕਿਹਾ ਕਿ ਰੋਡਵੇਜ਼ ਵਿੱਚ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ, ਪੱਕੀ ਭਰਤੀ ਕੀਤੀ ਜਾਵੇ, ਬਰਾਬਰ ਕੰਮ ਬਰਾਬਰ ਤਨਖਾਹ ਦਿੱਤੀ ਜਾਵੇ ਤੇ ਹੋਰ ਭੱਖਦੀਆ ਮੰਗਾਂ ਮੰਨੀਆਂ ਜਾਣ।ਉਹਨਾਂ ਨੇ ਚੇਤਾਵਨੀ ਦਿੱਤੀ ਕਿ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਤੇ ਕੁੱਲ ਹਿੰਦ ਕਿਸਾਨ ਸਭਾ ਦੇ



ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਜ਼ਿਲਾ ਪ੍ਰਧਾਨ ਕਾਮਰੇਡ ਗੁਰਨਾਮ ਸਿੰਘ ਔਲਖ, ਦਵਿੰਦਰ ਨੰਗਲੀ, ਗੁਲਜਾਰ ਸਿੰਘ, ਸਤਨਾਮ ਸਿੰਘ, ਸੁਸ਼ੀਲ ਕੁਮਾਰ ਨੇ ਰੋਵਰੇਜ ਕਾਮਿਆਂ ਨਾਲ ਇੱਕਮੁਠਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਰੋਡਵੇਜ਼ ਕਾਮੇ ਇਕੱਲੀ ਆਪਣੀ ਹੀ ਲੜਾਈ ਨਹੀਂ ਲੜ ਰਹੇ ਸਗੋਂ ਇਹ ਆਉਣ ਵਾਲੇ ਪੰਜਾਬ ਦੇ ਭਵਿੱਖ ਦੀ ਲੜਾਈ ਲੜ ਰਹੇ ਹਨ। ਉਕਤ ਆਗੂਆਂ ਨੇ ਰੋਡਵੇਜ਼ ਕਾਮਿਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹਨਾਂ ਦਾ ਜੋ ਵੀ ਸੰਘਰਸ਼ ਚੱਲੇਗਾ ਉਸ ਵਿੱਚ ਵੱਡੇ ਪੱਧਰ ਤੇ ਹਿੱਸਾ ਪਾਇਆ ਜਾਵੇਗਾ।ਕਿਸਾਨ ਆਗੂਆਂ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਰੋਡਵੇਜ਼ ਅਦਾਰੇ ਨੂੰ ਬਚਾਉਣ ਲਈ ਰੋਡਵੇਜ਼ ਕਾਮਿਆਂ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਅਮਰਜੀਤ ਸਿੰਘ ਭੱਟੀ, ਸੁਖਰਾਜ ਸਿੰਘ ਚੇਅਰਮੈਨ, ਸਤਨਾਮ ਸਿੰਘ, ਅਮਨਦੀਪ ਸਿੰਘ, ਸਤੀਸ਼ ਕੁਮਾਰ, ਵਿਨੇ ਰਾਣਾ, ਸ਼ਮਸ਼ੇਰ ਸਿੰਘ, ਮਨਜੀਤ ਰਾਣਾ, ਪ੍ਰਦੀਪ ਡੋਗਰਾ, ਕਰਨ ਪਾਲ, ਪਵਨ ਕੁਮਾਰ, ਹਰਪ੍ਰੀਤ ਜੱਸੜ, ਮਨਵੀਰ ਸਿੰਘ, ਮਨਪ੍ਰੀਤ ਸਿੰਘ ਵੀ ਹਾਜ਼ਰ ਸਨ। ਰੋਡਵੇਜ਼ ਕਾਮਿਆਂ ਨੇ ਮੁਕੰਮਲ ਚੱਕਾ ਜਾਮ ਕਰਕੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

# ਰੇਲਵੇ ਅੰਡਰਬ੍ਰਿਜ 'ਤੇ ਕਵਰ ਸ਼ੈੱਡ ਬਣਾਉਣ ਦਾ ਕੰਮ ਸ਼ੁਰੂ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸੁਲਤਾਨਪੁਰ ਲੋਧੀ ਦੇ ਰੇਲਵੇ ਅੰਡਰਬ੍ਰਿਜਾਂ 'ਤੇ ਛੱਤਾਂ ਨਾ ਹੋਣ ਕਾਰਣ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਮਾਮਲਾ ਸੰਸਦ ਵਿੱਚ ਉਠਾਉਣ ਤੋਂ ਬਾਅਦ ਕੇਂਦਰ ਸਰਕਾਰ ਨੇ ਇਸ ਦਿਸ਼ਾ ਵਿੱਚ ਅਹਿਮ ਕਦਮ ਚੁੱਕਿਆ ਹੈ। ਰੇਲਵੇ ਮੰਤਰਾਲੇ ਨੇ ਰਾਜ ਸਭਾ ਵਿੱਚ ਦਿੱਤੇ ਆਪਣੇ ਲਿਖਤੀ ਜਵਾਬ ਵਿੱਚ ਸਪੱਸ਼ਟ ਕੀਤਾ ਹੈ ਕਿ ਇੱਥੇ ਸ਼ੈਡ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਸੁਲਤਾਨਪੁਰ ਲੋਧੀ ਦੇ ਰੇਲਵੇ ਅੰਡਰਬ੍ਰਿਜ ਨੰਬਰ 47 ਅਤੇ 48 'ਤੇ (ਜਲੰਧਰ-ਸੁਲਤਾਨਪੁਰ ਲੋਧੀ-ਲੋਹੀਆਂ ਲਾਇਨ) ਕਵਰ ਸ਼ੈਡ (ਛੱਤਾਂ) ਮੁਹੱਈਆ ਕਰਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ ਵਿੱਚ ਪੁੱਛੇ ਆਪਣੇ ਸਵਾਲ ਰਾਹੀਂ ਸਰਕਾਰ ਦਾ ਧਿਆਨ ਇਸ ਗੰਭੀਰ ਸਮੱਸਿਆ ਵੱਲ ਖਿੱਚਿਆ ਸੀ ਕਿ ਇਨ੍ਹਾਂ ਅੰਡਰਬ੍ਰਿਜਾਂ 'ਤੇ ਸੁਰੱਖਿਆ ਲਈ ਛੱਤਾਂ ਨਾ ਹੋਣ ਕਾਰਨ ਮੀਂਹ, ਧੁੱਪ ਅਤੇ ਬਰਸਾਤਾਂ ਦੌਰਾਨ ਪੈਦਲ ਰਾਹਗੀਰਾਂ, ਆਉਣ ਵਾਲੀਆਂ ਸੰਗਤਾਂ, ਵਿਦਿਆਰਥੀਆਂ, ਦੋਪਹੀਆ ਵਾਹਨ ਚਾਲਕਾਂ ਅਤੇ ਸਥਾਨਕ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਇਹ ਵੀ ਜਾਣਨਾ ਚਾਹਿਆ ਸੀ ਕਿ ਇਸ ਸੰਬੰਧੀ ਪ੍ਰਾਪਤ ਮੰਗਾਂ ਅਤੇ ਸਰਕਾਰ ਵੱਲੋਂ ਕੀਤੀ ਕਾਰਵਾਈ ਕੀ ਹੈ। ਕੇਂਦਰੀ ਰੇਲਵੇ ਮੰਤਰੀ ਅਸ਼ਵਿਨੀ ਵੈਸ਼ਣਵ ਨੇ ਆਪਣੇ ਜਵਾਬ ਵਿੱਚ ਦੱਸਿਆ ਕਿ ਭਾਰਤੀ ਰੇਲਵੇ ਵੱਲੋਂ ਰੋਡ ਅੰਡਰਬ੍ਰਿਜਾਂ ਵਿੱਚ ਪਾਣੀ ਖੜ੍ਹਨ ਅਤੇ ਆਵਾਜਾਈ ਨਾਲ ਜੁੜੀਆਂ ਸਮੱਸਿਆਵਾਂ ਦੇ ਹੱਲ ਲਈ ਡਰੇਨੇਜ ਪ੍ਰਬੰਧ, ਪਾਣੀ ਦੀ ਨਿਕਾਸੀ, ਪੰਪਿੰਗ ਸਿਸਟਮ ਅਤੇ ਲੋੜ ਅਨੁਸਾਰ ਕਵਰ ਸ਼ੈੱਡ ਵਰਗੇ ਉਪਾਅ ਕੀਤੇ ਜਾਂਦੇ ਹਨ। ਇਨ੍ਹਾਂ ਹੀ ਉਪਾਵਾਂ ਤਹਿਤ ਸੁਲਤਾਨਪੁਰ ਲੋਧੀ ਦੇ ਅੰਡਰਬ੍ਰਿਜ ਨੰਬਰ 47 ਅਤੇ 48 'ਤੇ ਵੀ ਕਵਰ ਸ਼ੈੱਡ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਸੰਤ ਸੀਚੇਵਾਲ ਨੇ ਆਸ ਪ੍ਰਗਟਾਈ ਕਿ ਰੇਲਵੇ ਵਿਭਾਗ ਇਸ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕਰਕੇ ਇਲਾਕਾ ਵਾਸੀਆਂ ਨੂੰ ਲੰਬੇ ਸਮੇਂ ਤੋਂ ਚੱਲੀ ਆ ਰਹੀ ਇਸ ਸਮੱਸਿਆ ਤੋਂ ਰਾਹਤ ਪ੍ਰਦਾਨ ਕਰੇਗਾ। ਜ਼ਿਕਰਯੋਗ ਹੈ ਕਿ ਇਹ ਮੁੱਦਾ ਲੰਬੇ ਸਮੇਂ ਤੋਂ ਇਲਾਕੇ ਦੇ ਲੋਕਾਂ ਦੀ ਮੰਗ ਰਿਹਾ ਹੈ ਅਤੇ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾ ਸਦਕਾ ਹੁਣ ਰੇਲ ਮੰਤਰਾਲੇ ਵੱਲੋਂ ਕੰਮ ਸ਼ੁਰੂ ਕੀਤੇ ਜਾਣ ਦੀ ਪੁਸ਼ਟੀ ਨਾਲ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ।



# 'ਆਪ' ਵੱਲੋਂ ਚੇਅਰਮੈਨ ਸਨਮਾਨਤ



**ਬੰਗਾ (ਅਵਤਾਰ ਕਲੇਰ)**- ਪਿਛਲੇ ਦਿਨੀਂ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਾਰਟੀ ਦੀ ਬੇਹਤਰੀ ਲਈ ਵੱਖ ਵੱਖ ਬੋਰਡਾਂ ਅਤੇ ਸਮਾਜ ਦੇ ਨਿਯੁਕਤ ਕੀਤੇ ਗਏ ਨਵ ਨਿਯੁਕਤ ਚੇਅਰਮੈਨ ਦਾ ਵਿਧਾਨ ਸਭਾ ਹਲਕਾ ਬੰਗਾ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਦੀ ਸਪੁੱਤਰੀ ਲੋਕਸਭਾ ਵੱਲੋਂ ਵਿਸ਼ੇਸ਼ ਸਨਮਾਨ ਕਰਕੇ ਉਹਨਾਂ ਨੂੰ ਮੁਬਾਰਕਬਾਦ ਦਿੱਤੀ। ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੇ ਲੋਕਾਂ ਲਈ ਤੇ ਪੰਜਾਬ ਦੇ ਵਿਕਾਸ ਪ੍ਰਤੀ ਪੂਰੀ ਤਰਾਂ ਵਚਨਬੱਧ ਹੈ ਤੇ ਪਿੰਡਾਂ 'ਚ ਜਦੋਂ ਲੋਕ ਮਿਲਣੀ ਕਰਨ ਜਾਂਦੇ ਹਾਂ ਤਾਂ ਲੋਕ ਮਿਲਣੀ ਦਾ ਇਕੱਠ ਰੈਲੀਆਂ ਜਾਪਦਾ ਹੀ ਲੋਕ 'ਆਪ' ਦੀ ਸਰਕਾਰ ਤੋਂ ਬਿਲਕੁਲ ਖੁਸ਼ ਹਨ ਤੇ ਸੂਬੇ ਵਿੱਚ ਦੂਜੀ ਵਾਰ ਆਪ ਦੀ ਸਰਕਾਰ ਭਾਰੀ ਬਹੁਮਤ ਨਾਲ ਜਿੱਤਾਉਣ ਲਈ ਬਣਾਉਣਗੇ। ਸਨਮਾਨਤ ਹੋਏ ਚੇਅਰਮੈਨ ਵਲੋਂ ਪਾਰਟੀ ਨੂੰ ਹਰ ਕਾਰਜ ਅਤੇ ਅਤੇ ਪਾਰਟੀ ਬੇਹਤਰੀ ਲਈ ਪੂਰੀ ਇਮਾਨਦਾਰੀ ਨਾਲ ਹਲਕਾ ਬੰਗਾ ਦੀ ਤਰੱਕੀ ਲਈ ਪੂਰਾ ਯੋਗਦਾਨ ਪਾਉਣ ਦਾ ਭਰੋਸਾ ਦਿਤਾ। ਇਸ ਮੌਕੇ ਸੋਹਣ ਲਾਲ ਢੰਡਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਪਰਮਜੀਤ ਸਿੰਘ ਬਖਲੌਰ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਵਪਾਰੀਆਂ ਦੀਆਂ ਲੰਬਿਤ ਸਮੱਸਿਆਵਾਂ ਦੀ ਕੀਤੀ ਸਮੀਖਿਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੇ ਸੋਮਵਾਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਵਪਾਰੀ ਕਮਿਸ਼ਨ ਦੇ ਚੇਅਰਮੈਨ ਰਣਜੀਤ ਪਾਲ ਸਿੰਘ ਦੀ ਮੌਜੂਦਗੀ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਕੋਲ ਲੰਬਿਤ ਵਪਾਰੀਆਂ ਅਤੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਸੰਬੰਧੀ ਸਮੀਖਿਆ ਮੀਟਿੰਗ ਕੀਤੀ।ਮੀਟਿੰਗ ਦੌਰਾਨ ਲੰਬਿਤ ਸਮੱਸਿਆਵਾਂ ਨੂੰ ਹਰ ਮਾਮਲੇ ਦੀ ਸਮੀਖਿਆ ਕਰਦਿਆਂ ਸੰਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਲੰਬਿਤ ਮਾਮਲਿਆਂ ਦਾ ਨਿਪਟਾਰਾ ਨਿਰਧਾਰਤ ਸਮਾਂ ਸੀਮਾ ਅੰਦਰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ.ਐਸ.ਪੀ.ਸੀ.ਐਲ.) ਅਤੇ ਸਥਾਨਕ ਸਰਕਾਰਾਂ ਵਿਭਾਗ ਨਾਲ ਸੰਬੰਧਤ ਮਾਮਲੇ ਵੱਧ ਗਿਣਤੀ ਵਿੱਚ ਹਨ, ਇਸ ਲਈ ਇਨ੍ਹਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇ।ਉਨ੍ਹਾ ਕਿਹਾ ਕਿ ਜਿਹੜੇ ਮਾਮਲਿਆਂ ਦਾ ਨਿਪਟਾਰਾ ਸਥਾਨਕ ਅਤੇ ਜ਼ਿਲ੍ਹਾ ਪੱਧਰ 'ਤੇ ਸੰਭਵ ਹੈ, ਉਨ੍ਹਾਂ ਨੂੰ ਤੁਰੰਤ ਹੱਲ ਕੀਤਾ ਜਾਵੇ, ਜਦਕਿ ਨੀਤੀਗਤ ਫ਼ੈਸਲਿਆਂ ਨਾਲ ਸੰਬੰਧਤ ਮਾਮਲੇ ਰਾਜ ਸਰਕਾਰ ਕੋਲ ਉਚਿਤ ਕਾਰਵਾਈ ਲਈ ਭੇਜੇ ਜਾਣਗੇ।ਮੀਟਿੰਗ ਦੌਰਾਨ ਮੋਹਾਲੀ ਇੰਡਸਟਰੀਜ਼ ਐਸੋਸੀਏਸ਼ਨ ਵੱਲੋਂ ਉਦਯੋਗਿਕ ਖੇਤਰ ਨਾਲ ਸੰਬੰਧਤ ਪਹਿਲਾਂ ਉਠਾਏ ਗਏ ਮੁੱਦਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸਬੰਧੀ ਸੰਬੰਧਤ ਵਿਭਾਗਾਂ ਨੂੰ ਸਮਾਂਬੱਧ ਢੰਗ ਨਾਲ ਲੋੜੀਂਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ।ਡਿਪਟੀ ਕਮਿਸ਼ਨਰ ਨੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਜਲ ਸਪਲਾਈ ਅਤੇ ਸੀਵਰੇਜ ਬੋਰਡ, ਮੰਡੀ ਬੋਰਡ ਅਤੇ ਨਗਰ ਨਿਗਮ ਮੋਹਾਲੀ ਨੂੰ ਵੀ ਆਪਣੇ-ਆਪਣੇ ਵਿਭਾਗਾਂ ਨਾਲ ਸੰਬੰਧਤ ਲੰਬਿਤ ਮਾਮਲਿਆਂ ਦਾ ਜਲਦ ਨਿਪਟਾਰਾ ਕਰਨ ਲਈ ਕਿਹਾ।ਬਾਜ਼ਾਰਾਂ ਵਿੱਚ ਲੋਕਾਂ ਅਤੇ ਵਪਾਰੀਆਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਸੰਬੰਧਤ ਵਿਭਾਗਾਂ ਨੂੰ ਜਨਤਕ ਸ਼ੌਚਾਲਿਆਂ, ਪਾਰਕਿੰਗ ਸਥਾਨਾਂ ਅਤੇ ਸਟਰੀਟ ਲਾਈਟਾਂ ਦੀ ਨਿਯਮਤ ਦੇਖਭਾਲ ਅਤੇ ਸਾਂਭ-ਸੰਭਾਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।ਇਸ ਮੌਕੇ ਜ਼ਿਲ੍ਹਾ ਵਪਾਰੀ ਕਮਿਸ਼ਨ ਦੇ ਚੇਅਰਮੈਨ ਰਣਜੀਤ ਪਾਲ ਸਿੰਘ ਨੇ ਵੀ ਵਿਚਾਰ ਰੱਖੇ।ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਡਾ. ਅੰਕਿਤਾ ਕਾਂਸਲ, ਐਸ.ਡੀ.ਐਮ. ਬਨੂੜ ਰਮਨਦੀਪ ਕੌਰ, ਡੀ.ਐਸ.ਪੀ. ਬਨੂੜ ਸੁਖਦੇਵ ਸਿੰਘ, ਵਾਈਸ ਚੇਅਰਮੈਨ ਤਰਲੋਚਨ ਸਿੰਘ ਬੈਦਵਾਨ, ਹਲਕਾ ਚੇਅਰਮੈਨ ਖਰੜ ਯਸ਼ਪਾਲ ਬਾਂਸਲ, ਹਲਕਾ ਚੇਅਰਮੈਨ ਡੇਰਾਬੱਸੀ ਅਜੈ ਕੁਮਾਰ, ਹਲਕਾ ਚੇਅਰਮੈਨ ਬਨੂੜ ਗੁਰਪ੍ਰੀਤ ਸਿੰਘ ਧਮਾਲੀ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਅੰਮ੍ਰਿਤ ਵੜਿੰਗ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਨੰਬਰਦਾਰਾਂ ਨਾਲ ਕੀਤੇ ਜਾ ਰਹੇ ਭੇਦਭਾਵ ਨੂੰ ਤੁਰੰਤ ਬੰਦ ਕੀਤਾ ਜਾਵੇ : ਭੁੱਲਰ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਪੰਜਾਬ ਨੰਬਰਦਾਰਾ ਯੂਨੀਅਨ (ਰਜਿ. 643) ਇਕਾਈ ਸੁਲਤਾਨਪੁਰ ਲੋਧੀ ਦੀ ਸੂਬਾ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਸਰਕਾਰ ਨੰਬਰਦਾਰਾਂ ਨਾਲ ਕੀਤੇ ਜਾ ਰਹੇ ਭੇਦਭਾਵ ਨੂੰ ਤੁਰੰਤ ਬੰਦ ਕੀਤਾ ਜਾਵੇ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਨੰਬਰਦਾਰ ਭਾਈਚਾਰਾ ਸੰਘਰਸ਼ ਦਾ ਰਾਹ ਅਪਣਾਉਣ ਲਈ ਮਜਬੂਰ ਹੋਵੇਗਾ।

ਯੂਨੀਅਨ ਦੇ ਪ੍ਰਧਾਨ ਸਾਹਿਬ ਸਿੰਘ ਭੁੱਲਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਨੰਬਰਦਾਰਾਂ ਦੀਆਂ ਮੰਗਾਂ ਅਤੇ ਭਲਾਈ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਐਲਾਨ ਕੀਤਾ ਗਿਆ ਕਿ ਪੰਜਾਬ ਭਰ ਵਿੱਚ ਯੂਨੀਅਨ ਨੂੰ ਹੋਰ ਮਜ਼ਬੂਤ ਕਰਨ ਲਈ 10 ਹਜ਼ਾਰ ਨਵੇਂ ਮੈਂਬਰ ਬਣਾਉਣ ਦੀ ਮੁਹਿੰਮ ਚਲਾਈ ਜਾਵੇਗੀ। ਭੁੱਲਰ ਨੇ ਕਿਹਾ ਕਿ ਨੰਬਰਦਾਰ ਪਿੰਡਾਂ ਵਿੱਚ ਸਰਕਾਰ ਅਤੇ ਲੋਕਾਂ ਦਰਮਿਆਨ ਇੱਕ ਅਹਿਮ ਕੜੀ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਮੀਟਿੰਗ ਵਿੱਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਹਰ ਜ਼ਿਲ੍ਹੇ ਅਤੇ ਬਲਾਕ ਪੱਧਰ 'ਤੇ ਯੂਨੀਅਨ ਨੂੰ ਮਜ਼ਬੂਤ ਕਰਕੇ ਵੱਧ ਤੋਂ ਵੱਧ ਨੰਬਰਦਾਰਾਂ ਨੂੰ ਸੰਗਠਨ ਨਾਲ ਜੋੜਿਆ ਜਾਵੇ, ਤਾਂ ਜੋ ਨੰਬਰਦਾਰ ਭਾਈਚਾਰੇ ਦੀ ਆਵਾਜ਼ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਸਰਕਾਰ ਤੱਕ ਪਹੁੰਚਾਇਆ ਜਾ ਸਕੇ।ਇਸ ਮੌਕੇ ਯੂਨੀਅਨ ਦੇ ਵੱਡੀ ਗਿਣਤੀ ਵਿੱਚ ਅਹੁਦੇਦਾਰ ਤੇ ਨੰਬਰਦਾਰ ਹਾਜ਼ਰ ਰਹੇ।

# ਪੋਲਿੰਗ ਸਟੇਸ਼ਨਾਂ ਦਾ ਰੈਸ਼ਨੇਲਾਈਜ਼ੇਸ਼ਨ ਮੁਕੰਮਲ : ਡਿਪਟੀ ਕਮਿਸ਼ਨਰ

**ਬਲਾਚੌਰ, ਨਵਾਂਸ਼ਹਿਰ (ਜਸਵਿੰਦਰ ਬੈਂਸ)**- ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਪੋਲਿੰਗ ਸਟੇਸ਼ਨਾਂ ਦਾ ਰੈਸ਼ਨਲਾਈਜੇਸ਼ਨ ਕੀਤਾ ਗਿਆ।ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਗੁਲਪ੍ਰੀਤ ਸਿੰਘ ਔਲਖ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਜ਼ਿਲ੍ਹੇ ਦੇ ਤਿੰਨਾਂ ਵਿਧਾਨ ਸਭਾ ਹਲਕਿਆਂ ਵਿੱਚ ਪੋਲਿੰਗ ਸਟੇਸ਼ਨਾਂ ਦੀ ਗਿਣਤੀ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਰੈਸ਼ਨਲਾਈਜੇਸ਼ਨ ਉਪਰੰਤ ਜ਼ਿਲ੍ਹੇ ਵਿੱਚ ਪੋਲਿੰਗ ਸਟੇਸ਼ਨਾਂ ਦੀ ਗਿਣਤੀ 46-ਬੰਗਾ (ਰਾਖਵਾਂ)-201 ਪੋਲਿੰਗ ਸਟੇਸ਼ਨ, 47-ਨਵਾਂਸ਼ਹਿਰ-217 ਪੋਲਿੰਗ ਸਟੇਸ਼ਨ ਅਤੇ 48-ਬਲਾਚੌਰ-200 ਪੋਲਿੰਗ ਸਟੇਸ਼ਨ ਹਨ। ਇਸ ਤਰ੍ਹਾਂ ਜ਼ਿਲ੍ਹੇ ਅੰਦਰ ਕੁੱਲ 618 ਪੋਲਿੰਗ ਸਟੇਸ਼ਨ ਹਨ।



ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਤਿੰਨ ਵਿਧਾਨ ਸਭਾ ਚੋਣ ਹਲਕਿਆਂ ਦੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਨੂੰ ਪੋਲਿੰਗ ਸਟੇਸ਼ਨਾਂ ਸੰਬੰਧੀ ਜਾਣਕਾਰੀ ਭੇਜ ਦਿੱਤੀ ਗਈ ਹੈ।ਜ਼ਿਲ੍ਹਾ ਚੋਣ ਅਫ਼ਸਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਇਸ ਰੈਸ਼ਨਲਾਈਜੇਸ਼ਨ ਦਾ ਉਦੇਸ਼ ਵੋਟਰਾਂ ਨੂੰ ਆਪਣੇ ਨਜ਼ਦੀਕੀ ਅਤੇ ਸੁਵਿਧਾਜਨਕ ਪੋਲਿੰਗ ਸਟੇਸ਼ਨਾਂ 'ਤੇ ਵੋਟ ਪਾਉਣ ਦੀ ਸਹੂਲਤ ਪ੍ਰਦਾਨ ਕਰਨਾ ਅਤੇ ਚੋਣ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ, ਸੁਚਾਰੂ ਅਤੇ ਪਾਰਦਰਸ਼ੀ ਬਣਾਉਣਾ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਰੈਸ਼ਨਲਾਈਜੇਸ਼ਨ ਅਨੁਸਾਰ ਪੋਲਿੰਗ ਸਟੇਸ਼ਨਾਂ ਦੀ ਜਾਣਕਾਰੀ ਸਿਸਟਮ ਵਿੱਚ ਅਪਡੇਟ ਕੀਤੀ ਜਾਵੇ ਅਤੇ ਇਸ ਸਬੰਧੀ ਲੋੜੀਂਦੀ ਕਾਰਵਾਈ ਤੁਰੰਤ ਯਕੀਨੀ ਬਣਾਈ ਜਾਵੇ।

# ਸਾਲਾਨਾ ਲੰਗਰ ਭੰਡਾਰਾ ਲਗਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭਾਮ ਵਿਖੇ ਮਾਂ ਭਾਮੇਸ਼ਵਰੀ ਜੀ ਦੇ 72ਵੇਂ ਸਲਾਨਾ ਜੋੜ ਮੇਲੇ ਮੌਕੇ ਵਰਮਾ ਪਰਿਵਾਰ ਅਤੇ ਲੁਧਿਆਣਾ ਦੀ ਸਮੂਹ ਸੰਗਤ ਵੱਲੋਂ ਸਲਾਨਾ ਲੰਗਰ ਭੰਡਾਰਾ ਲਗਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਮੰਗਤ ਲਾਲ ਵਰਮਾ ਲੁਧਿਆਣਾ, ਕੁਲਦੀਪ ਸਿੰਘ ਦੀਪਾ ਲੁਧਿਆਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਭ ਤੋਂ ਪਹਿਲਾਂ ਮਾਤਾ ਦੀ ਪੂਜਾ ਅਰਚਨਾ ਕੀਤੀ ਗਈ। ਉਪਰੰਤ ਕੰਜਕਾਂ ਦੀ ਪੂਜਾ ਅਰਚਨਾ ਕੀਤੀ ਗਈ। ਇਸ ਮੌਕੇ ਸਮੂਹ ਸੇਵਾਦਾਰਾਂ ਵੱਲੋਂ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਛੋਲੇ ਪੂੜੀਆਂ ਦੇ ਲੰਗਰ ਛਕਾਏ ਗਏ। ਇਸ ਮੌਕੇ ਮੁੱਖ ਸੇਵਾਦਾਰ ਮੰਗਤ ਲਾਲ ਵਰਮਾ ਲੁਧਿਆਣਾ, ਕੁਲਦੀਪ ਕੁਮਾਰ ਦੀਪਾ ਵਰਮਾ ਲੁਧਿਆਣਾ, ਗੋਪਾਲ ਵਰਮਾ, ਗੋਬਿੰਦ ਵਰਮਾ, ਵਿਸ਼ਵਜੀਤ ਵਰਮਾ, ਵਿਜੈ ਸੋਹਲ ਲੁਧਿਆਣਾ, ਅਲਿਨ ਕੁਮਾਰ ਨੀਲਾ, ਗੋਰਵ ਕੁਮਾਰ ਲੁਧਿਆਣਾ, ਅਸ਼ੋਕ ਕੁਮਾਰ ਸ਼ੌਂਕੀ, ਸੰਨੀ ਲੁਧਿਆਣਾ, ਰਾਕੇਸ਼ ਕੁਮਾਰ, ਕਿਸ਼ਨ ਲਾਲ, ਰਾਜੇਸ਼ ਸਿੰਘ ਜਸਵਾਲ, ਰਜਿੰਦਰ ਸਿੰਘ ਪਿੰਟੂ, ਜਤਿੰਦਰ ਕੁਮਾਰ, ਅੰਜੂ ਲੁਧਿਆਣਾ, ਪਰਮਜੀਤ ਕੁਮਾਰ, ਸ਼ਿਵ ਕੁਮਾਰ ਲੁਧਿਆਣਾ, ਅੰਮ੍ਰਿਤੀ, ਬੋਬੀ ਕੰਡਾ, ਅਸ਼ੋਕ ਕੁਮਾਰ ਸ਼ੋਰੀ, ਮੋਨੂੰ ਫਰੈਡ ਢਾਬਾ, ਵਿਜੇ ਕੁਮਾਰ, ਵੀਰੂ ਲੁਧਿਆਣਾ ਆਦਿ ਹਾਜ਼ਰ ਸਨ।



# ਇਨੋਸੈਂਟ ਹਾਰਟਸ ਸਕੂਲ ਨੇ ਹੈਂਡਬਾਲ ਟੂਰਨਾਮੈਂਟ 'ਚ ਪ੍ਰਾਪਤ ਕੀਤਾ ਪਹਿਲਾ ਸਥਾਨ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ, ਨੂਰਪੁਰ ਨੇ 1 ਅਗਸਤ ਨੂੰ ਕੁੜੀਆਂ ਅਤੇ 3 ਅਗਸਤ ਨੂੰ ਮੁੰਡਿਆਂ ਲਈ ਪੀ ਐਸ ਈ ਬੀ ਜ਼ੋਨਲ ਹੈਂਡਬਾਲ ਟੂਰਨਾਮੈਂਟਾਂ ਦੀ ਮੇਜ਼ਬਾਨੀ ਮਾਣ ਨਾਲ ਕੀਤੀ। ਟੂਰਨਾਮੈਂਟਾਂ ਵਿੱਚ ਪੂਰੇ ਜ਼ੋਨ ਦੇ



ਸਕੂਲਾਂ ਵੱਲੋਂ ਉਤਸ਼ਾਹਜਨਕ ਭਾਗੀਦਾਰੀ ਦੇਖੀ ਗਈ, ਜਿਸ ਨਾਲ ਖੇਡ ਭਾਵਨਾ, ਟੀਮ ਵਰਕ ਅਤੇ ਸਿਹਤਮੰਦ ਮੁਕਾਬਲੇ ਨੂੰ ਉਤਸ਼ਾਹਿਤ ਕੀਤਾ ਗਿਆ। ਕੁੜੀਆਂ ਦੇ ਟੂਰਨਾਮੈਂਟ ਵਿੱਚ 5 ਸਕੂਲਾਂ ਦੀਆਂ 10 ਟੀਮਾਂ ਸ਼ਾਮਲ ਸਨ, ਜਿਨ੍ਹਾਂ ਵਿੱਚ ਲਗਭਗ 100 ਵਿਦਿਆਰਥੀਆਂ ਨੇ ਅੰਡਰ-14, ਅੰਡਰ-17 ਅਤੇ ਅੰਡਰ-19 ਸ਼੍ਰੇਣੀਆਂ ਵਿੱਚ ਹਿੱਸਾ ਲਿਆ। ਇੰਨੋਸੈਂਟ ਹਾਰਟਸ ਸਕੂਲ, ਨੂਰਪੁਰ ਨੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਦੇ ਹੋਏ ਅੰਡਰ-14 ਵਿੱਚ ਤੀਜਾ ਸਥਾਨ, ਅੰਡਰ-17 ਵਿੱਚ ਪਹਿਲਾ ਸਥਾਨ ਅਤੇ ਅੰਡਰ-19 ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਕੁੜੀਆਂ ਦੇ ਕੁੱਲ ਨਤੀਜੇ: ਅੰਡਰ-14: ਪਹਿਲਾ-ਸਰਕਾਰੀ ਸਕੂਲ ਰਾਏਪੁਰ ਰਸੂਲਪੁਰ, ਦੂਜਾ-ਸਰਕਾਰੀ। ਸਕੂਲ ਸੁਚੀ ਪਿੰਡ, ਤੀਜਾ -ਇੰਨੋਸੈਂਟ ਹਾਰਟਸ ਸਕੂਲ, ਨੂਰਪੁਰ। ਅੰਡਰ-17: ਪਹਿਲਾ - ਇੰਨੋਸੈਂਟ ਹਾਰਟਸ ਸਕੂਲ, ਨੂਰਪੁਰ, ਦੂਜਾ - ਸਰਕਾਰੀ ਸਕੂਲ ਰਾਏਪੁਰ ਰਸੂਲਪੁਰ, ਤੀਜਾ - ਸਰੂਪ ਪਬਲਿਕ ਸਕੂਲ, ਜਲੰਧਰ। ਅੰਡਰ-19: ਪਹਿਲਾ-ਸਰਕਾਰੀ ਸਕੂਲ ਸੁਚੀ ਪਿੰਡ, ਦੂਜਾ-ਇੰਨੋਸੈਂਟ ਹਾਰਟਸ ਸਕੂਲ, ਨੂਰਪੁਰ, ਤੀਜਾ-ਹੇਮਕੁੰਟ ਪਬਲਿਕ ਸਕੂਲ, ਜਲੰਧਰ ਮੁੰਡਿਆਂ ਦੇ ਟੂਰਨਾਮੈਂਟ ਵਿੱਚ 6 ਸਕੂਲਾਂ ਦੀਆਂ 9 ਟੀਮਾਂ ਸ਼ਾਮਲ ਸਨ, ਜਿਨ੍ਹਾਂ ਵਿੱਚ ਲਗਭਗ 90 ਵਿਦਿਆਰਥੀਆਂ ਨੇ ਤਿੰਨ ਉਮਰ ਵਰਗਾਂ ਵਿੱਚ ਹਿੱਸਾ ਲਿਆ। ਮੇਜ਼ਬਾਨ ਸਕੂਲ ਨੇ ਇੱਕ ਵਾਰ ਫਿਰ ਅੰਡਰ-14 ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਅਤੇ ਅੰਡਰ-17 ਅਤੇ ਅੰਡਰ-19 ਦੋਵਾਂ ਵਰਗਾਂ ਵਿੱਚ ਚੈਂਪੀਅਨ ਬਣ ਕੇ ਸ਼ਾਨਦਾਰ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਮੁੰਡਿਆਂ ਦੇ ਕੁੱਲ ਨਤੀਜੇ: ਅੰਡਰ-14: ਪਹਿਲਾ - ਸਰਕਾਰੀ ਸਕੂਲ ਰਾਏਪੁਰ ਰਸੂਲਪੁਰ, ਦੂਜਾ-ਸਰਕਾਰੀ। ਸਕੂਲ ਸੁਚੀ ਪਿੰਡ, ਤੀਜਾ - ਇੰਨੋਸੈਂਟ ਹਾਰਟਸ ਸਕੂਲ, ਨੂਰਪੁਰ। ਅੰਡਰ-17: ਪਹਿਲਾ - ਇੰਨੋਸੈਂਟ ਹਾਰਟਸ ਸਕੂਲ, ਨੂਰਪੁਰ, ਦੂਜਾ - ਸਰਕਾਰੀ ਸਕੂਲ ਰਾਏਪੁਰ ਰਸੂਲਪੁਰ, ਤੀਜਾ-ਸਰਕਾਰੀ ਸਕੂਲ ਨੌਗਾਜਾ। ਅੰਡਰ-19: ਪਹਿਲਾ-ਇੰਨੋਸੈਂਟ ਹਾਰਟਸ ਸਕੂਲ, ਨੂਰਪੁਰ, ਦੂਜਾ-ਸਰਕਾਰੀ ਸਕੂਲ ਸੁਚੀ ਪਿੰਡ, ਤੀਜਾ - ਹੇਮਕੁੰਟ ਪਬਲਿਕ ਸਕੂਲ, ਜਲੰਧਰ।

# ਮੁਹੱਦੀਪੁਰ 'ਚ ਤੀਆਂ ਦਾ ਤਿਉਹਾਰ ਮਨਾਇਆ



**ਆਦਮਪੁਰ, (ਪਰਮਜੀਤ ਸਿੰਘ)** ਪਿੰਡ ਮੁਹੱਦੀਪੁਰ ਵਿਖੇ ਪਿੰਡ ਦੀਆਂ ਸਮੂਹ ਮਹਿਲਾਵਾਂ ਤੇ ਗ੍ਰਾਮ ਪੰਚਾਇਤ ਵੱਲੋਂ ਤੀਆਂ ਦਾ ਤਿਉਹਾਰ ਬਹੁਤ ਹੀ ਚਾਵਾਂ ਤੇ ਸ਼ਗਨਾਂ ਨਾਲ ਮਨਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾ ਪਿੰਡ ਦੀਆਂ ਮਹਿਲਾਵਾਂ ਵੱਲੋਂ ਪਿੰਡ ਦੇ ਪੰਜ ਪੀਰ ਦਰਬਾਰ ਖਾਨਗਾਹ ਵਿੱਖੇ ਚਾਦਰ ਝੜਾਉਣ ਦੀ ਰਸਮ ਅਦਾ ਕੀਤੀ ਗਈ। ਉਪਰੰਤ ਪਿੰਡ ਦੀ ਸਰਪੰਚ ਕੁਲਜੀਤ ਕੌਰ ਨੇ ਰੀਬਨ ਕੱਟ ਕੇ ਤੀਆਂ ਦੇ ਮੇਲੇ ਦੀ ਸ਼ੁਰੂਆਤ ਕੀਤੀ ਤੇ ਪਿੰਡ ਦੀਆਂ ਸਮੂਹ ਮਹਿਲਾਵਾਂ ਨੂੰ ਤੀਆਂ ਦੀਆਂ ਵਧਾਈਆਂ ਵੀ ਦਿੱਤੀਆਂ। ਇਸ ਮੌਕੇ ਤੇ ਪਿੰਡ ਦੀਆਂ ਮਹਿਲਾਵਾਂ ਨੇ ਪੁਰਾਤਨ ਵਿਰਸੇ ਨਾਲ ਜੁੜੀਆਂ ਵਸਤੂਆਂ ਜਿਵੇਂ ਚਰਖਾ, ਦੁੱਧ ਰਿੜਕਣ ਵਾਲੀ ਮਧਾਣੀ ਤੇ ਹੋਰ ਵਸਤੂਆਂ ਦੀ ਪ੍ਰਦਰਸ਼ਨੀ ਵੀ ਲਗਾਈ ਤਾਂ ਕਿ ਪਿੰਡ ਦੀਆਂ ਨੰਨੀਆਂ ਧੀਆਂ ਨੂੰ ਵੀ ਆਪਣੇ ਤੀਆਂ ਦੇ ਤਿਉਹਾਰ ਤੇ ਵਿਰਸੇ ਦੀ ਜਾਣਕਾਰੀ ਮਿਲ ਸਕੇ।ਮਹਿਲਾਵਾਂ ਨੇ ਇਸ ਮੌਕੇ ਤੇ ਜਿਥੇ ਪੁਰਾਤਨ ਬੋਹੜ ਥੱਲੇ ਪੀਘਾਂ ਝੂਟੀਆਂ ਉਥੇ ਡੀ.ਜੇ ਦੇ ਗੀਤਾਂ ਤੇ ਨੱਚ ਟੱਪ ਕੇ ਆਪਣੇ ਤੀਆਂ ਦੇ ਚਾਅ ਵੀ ਪੂਰੇ ਕੀਤੇ। ਇਸ ਮੌਕੇ ਪੂੜੀ ਛੋਲਿਆਂ ਤੇ ਖੀਰ ਦੇ ਲੰਗਰ ਵੀ ਲਗਾਏ ਗਏ। ਸਮਾਗਮ ਮੌਕੇ ਤੇ ਸਰਪੰਚ ਕੁਲਜੀਤ ਕੌਰ, ਪੰਚ ਬਲਵੀਰ ਕੌਰ, ਪੰਚ ਕਮਲਜੀਤ ਕੌਰ, ਪੰਚ ਮੰਜੂ ਬਾਲਾ, ਪੰਚ ਰੁਪਿੰਦਰ ਕੌਰ, ਮਨਜੀਤ ਕੌਰ ਨਾਰਾ, ਊਸ਼ਾ ਦੇਵੀ, ਭੁਪਿੰਦਰ ਕੌਰ, ਸੁਨੀਤਾ, ਮਨਜੀਤ ਕੌਰ, ਨੀਲਮ, ਕੁਲਵਿੰਦਰ, ਜਸਕੀਰਤ, ਦੀਪਿਕਾ, ਦੀਕਸ਼ਾ, ਸ਼ਾਲੂ, ਸੋਨਾਲੀ, ਲਵਜੌਤ, ਈਸ਼ੂ, ਗੁਰਅਸੀਸ ਕੌਰ, ਤਕਦੀਰ ਕੌਰ, ਸੰਜਨਾਂ, ਰਿਪਮਾ ਤੋ ਇਲਾਵਾ ਬਾਬਾ ਦਲਜੀਤ ਸਿੰਘ ਮੁਹੱਦੀਪੁਰ, ਸੰਤੋਖ ਰਾਮ ਪ੍ਰਧਾਨ, ਜਗਦੀਸ਼ ਚੰਦਰ ਸੈਕਟਰੀ, ਰਾਜ ਕੁਮਾਰ, ਚਰਨਜੀਤ ਡੋਗਰਾ, ਪੰਚ ਸੁਰਜੀਤ ਕੁਮਾਰ, ਲਖਵਿੰਦਰ ਸਿੰਘ, ਅਵਤਾਰ ਸਿੰਘ, ਮਹਿੰਗਾ ਸਿੰਘ, ਹਰਭਜਨ ਸਿੰਘ, ਅਜੀਤ ਸਿੰਘ ਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

# ਦਾਦੂ ਵਿੱਚ ਨਵੇਂ ਸਰਕਾਰੀ ਨਰਸਿੰਗ ਕਾਲਜ ਨੂੰ ਮਿਲੀ ਮਨਜ਼ੂਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਸੂਬੇ ਦੇ ਸਿਹਤ ਅਤੇ ਮੈਡੀਕਲ ਸਿੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਨੂਹ ਜ਼ਿਲ੍ਹੇ ਦੇ ਪਿੰਡ ਦਾਦੂ ਵਿੱਚ ਨਵਾਂ ਸਰਕਾਰੀ ਨਰਸਿੰਗ ਕਾਲਜ ਸਥਾਪਤ ਕਰਨ ਦੀ ਪ੍ਰਸ਼ਾਸਨਿਕ ਮਨਜ਼ੂਰੀ ਦੇ ਦਿੱਤੀ ਹੈ। ਇਸ ਨਵੇਂ ਸਰਕਾਰੀ ਅਦਾਰੇ ਵਿੱਚ ਸਾਲਾਨਾ 60 ਸੀਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਨਾਲ ਮੇਵਾਤ ਅਤੇ ਆਸਪਾਸ ਖੇਤਰ ਦੇ ਨੌਜਵਾਨਾਂ ਨੂੰ ਆਪਣੇ ਹੀ ਇਲਾਕੇ ਵਿੱਚ ਉੱਚ ਪੱਧਰੀ ਨਰਸਿੰਗ ਅਤੇ ਪੈਰਾਮੈਡੀਕਲ ਸਿੱਖਿਆ ਪ੍ਰਾਪਤ ਕਰਨ ਦਾ ਸਿੱਧਾ ਮੌਕਾ ਮਿਲੇਗਾ। ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਇਸ ਦੂਰਗਾਮੀ ਪ੍ਰੋਜੈਕਟ ਨੂੰ ਦਿੱਤੀ ਗਈ ਹਰੀ ਝੰਡੀ 'ਤੇ ਉਨ੍ਹਾਂ ਦਾ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਨੂਹ ਵਰਗਾ ਸਮਾਜਿਕ ਅਤੇ ਆਰਥਿਕ ਤੌਰ 'ਤੇ ਪੱਛੜਿਆ ਖੇਤਰ ਲੰਬੇ ਸਮੇਂ ਤੋਂ ਬਿਹਤਰ ਸਿਹਤ ਸੇਵਾਵਾਂ ਅਤੇ ਰੁਜ਼ਗਾਰਮੁਖੀ ਵਿਦਿਅਕ ਸੰਸਥਾਵਾਂ ਦੀ ਉਡੀਕ ਕਰ ਰਿਹਾ ਸੀ। ਪਿੰਡ ਦਾਦੂ ਵਿੱਚ ਇਸ ਕਾਲਜ ਦੀ ਸਥਾਪਨਾ ਨਾਲ ਨਾ ਸਿਰਫ਼ ਸਥਾਨਕ ਪੱਧਰ 'ਤੇ ਸਿਖਲਾਈ ਪ੍ਰਾਪਤ ਨਰਸਿੰਗ ਸਟਾਫ ਤਿਆਰ ਹੋਵੇਗਾ, ਸਗੋਂ ਖੇਤਰ ਦੇ ਪ੍ਰਾਇਮਰੀ ਅਤੇ ਸੈਕੰਡਰੀ ਸਿਹਤ ਕੇਂਦਰਾਂ ਨੂੰ ਕੁਸ਼ਲ ਜਨਸ਼ਕਤੀ ਮਿਲੇਗੀ। ਖਾਸ ਕਰਕੇ ਸਥਾਨਕ ਧੀਆਂ ਲਈ ਇਹ ਸੰਸਥਾ ਵਰਦਾਨ ਸਾਬਤ ਹੋਵੇਗੀ, ਜਿਨ੍ਹਾਂ ਨੂੰ ਹੁਣ ਨਰਸਿੰਗ ਦੀ ਪੜ੍ਹਾਈ ਲਈ ਦੂਰ-ਦਰਾਡੇ ਦੇ ਸ਼ਹਿਰਾਂ ਵੱਲ ਨਹੀਂ ਜਾਣਾ ਪਵੇਗਾ।

# ਕਲਾਸ 6ਵੀਂ ਦਾਖਲਾ ਪ੍ਰੀਖਿਆ ਆਨਲਾਈਨ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 7 ਤੱਕ ਵਧਾਈ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜਵਾਹਰ ਨਵੋਦਿਆ ਵਿਦਿਆਲਿਆ ਚੋਣ ਪ੍ਰੀਖਿਆ (ਕਲਾਸ 6ਵੀਂ), ਸੈਸ਼ਨ 2027-2028 ਲਈ ਆਨਲਾਈਨ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ ਪਹਿਲਾਂ 31.07.2026 ਨੂੰ ਨਿਰਧਾਰਤ ਕੀਤੀ ਗਈ ਸੀ। ਕੁਝ ਪ੍ਰਸ਼ਾਸਨਿਕ ਕਾਰਨਾਂ ਅਤੇ ਨਵੋਦਿਆ ਵਿਦਿਆਲਿਆ ਸਮਿਤੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੁਣ ਇਹ ਮਿਤੀ ਵਧਾ ਕੇ 7.08.2026 ਕਰ ਦਿੱਤੀ ਗਈ ਹੈ।ਜਿਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੇ ਅਜੇ ਤੱਕ ਆਪਣੇ ਬੱਚਿਆਂ ਦੀ ਆਨਲਾਈਨ ਰਜਿਸਟ੍ਰੇਸ਼ਨ ਨਹੀਂ ਕਰਵਾਈ, ਉਹ ਹੁਣ 07.08.2026 ਤੱਕ ਫਾਰਮ ਭਰ ਸਕਦੇ ਹਨ।ਪ੍ਰਿੰਸੀਪਲ ਦੀਪਤੀ ਭਟਨਾਗਰ ਨੇ ਦੱਸਿਆ ਕਿ ਵਿਦਿਆਰਥੀ ਦੇ ਮਾਪੇ ਸੰਬੰਧਤ ਜ਼ਿਲ੍ਹੇ ਦੇ ਪੱਕੇ ਵਸਨੀਕ ਹੋਣ, ਵਿਦਿਆਰਥੀ ਨੇ ਤੀਜੀ, ਚੌਥੀ ਅਤੇ ਪੰਜਵੀਂ ਜਮਾਤ ਲਗਾਤਾਰ ਕਿਸੇ ਸਰਕਾਰੀ ਜਾਂ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਸਕੂਲ ਵਿੱਚੋਂ ਪੜ੍ਹੀ ਹੋਵੇ, ਵਿਦਿਆਰਥੀ ਦੀ ਜਨਮ ਮਿਤੀ 01.05.2015 ਤੋਂ 31.07.2017 (ਦੋਵੇਂ ਤਰੀਖਾਂ ਸਮੇਤ) ਦੇ ਵਿਚਕਾਰ ਹੋਣੀ ਚਾਹੀਦੀ ਹੈ, ਓ.ਬੀ.ਸੀ. ਵਰਗ ਦੇ ਵਿਦਿਆਰਥੀਆਂ ਦੇ ਮਾਪੇ ਸੇਵਾ ਕੇਂਦਰ ਤੋਂ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦਾ ਜਾਤੀ ਸਰਟੀਫਿਕੇਟ ਕੇਂਦਰੀ ਸੂਚੀ ਵਿੱਚ ਸ਼ਾਮਲ ਹੈ। ਜੇਕਰ ਸਰਟੀਫਿਕੇਟ ਕੇਂਦਰੀ ਸੂਚੀ ਵਿੱਚ ਸ਼ਾਮਲ ਨਹੀਂ ਹੈ, ਤਾਂ ਰਜਿਸਟ੍ਰੇਸ਼ਨ ਜਨਰਲ ਵਰਗ ਵਿੱਚ ਕਰਵਾਈ ਜਾਵੇ। ਆਨਲਾਈਨ ਰਜਿਸਟ੍ਰੇਸ਼ਨ ਲਈ ttps://navodaya.gov.in/nvs/en/HomeA ਵੈੱਬਸਾਈਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪ੍ਰਿੰਸੀਪਲ ਨੇ ਇਹ ਵੀ ਦੱਸਿਆ ਕਿ ਚੋਣ ਪ੍ਰੀਖਿਆ 28 ਨਵੰਬਰ 2026 ਨੂੰ ਸੰਬੰਧਤ ਜ਼ਿਲ੍ਹੇ ਦੇ ਨਿਰਧਾਰਤ ਪ੍ਰੀਖਿਆ ਕੇਂਦਰਾਂ ਵਿੱਚ ਕਰਵਾਈ ਜਾਵੇਗੀ। ਰਜਿਸਟ੍ਰੇਸ਼ਨ ਕਰਨ ਤੋਂ ਪਹਿਲਾਂ ਪ੍ਰੋਸਪੈਕਟਸ ਵਿੱਚ ਦਿੱਤੀਆਂ ਸਾਰੀਆਂ ਸ਼ਰਤਾਂ ਅਤੇ ਹਦਾਇਤਾਂ ਧਿਆਨ ਨਾਲ ਪੜ੍ਹ ਲੈਣੀਆਂ ਚਾਹੀਦੀਆਂ ਹਨ।

# ਵਿਦਿਆਰਥੀਆਂ ਲਈ 'ਸ਼ੁਭਾਰੰਭ 2026' ਸਮਾਰੋਹ ਕਰਵਾਇਆ

**ਆਦਮਪੁਰ (ਪਰਮਜੀਤ ਸਿੰਘ)**- ਪੂਜਨੀਕ ਸੰਤਾਂ ਦੇ ਆਸ਼ੀਰਵਾਦ ਨਾਲ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿਖੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਦੇ ਸਵਾਗਤ ਲਈ 'ਸ਼ੁਭਾਰੰਭ 2026' ਸਮਾਰੋਹ ਦਾ ਆਯੋਜਨ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਭਾਵਨਾ ਨਾਲ ਕੀਤਾ ਗਿਆ। ਇਸ ਸਮਾਗਮ ਦੀ ਸ਼ੁਰੂਆਤ ਧਾਰਮਿਕ ਮਰਿਆਦਾ ਅਤੇ ਇਲਾਹੀ ਬਾਣੀ ਦੇ ਜਾਪ ਨਾਲ ਹੋਈ ਤਾਂ ਜੋ ਨਵੇਂ ਅਕਾਦਮਿਕ ਵਰ੍ਹੇ ਦੀ ਸ਼ੁਰੂਆਤ ਸ਼ੁਭ ਇੱਛਾਵਾਂ ਨਾਲ ਕੀਤੀ ਜਾ ਸਕੇ। ਇਸ ਸਮਾਰੋਹ ਦਾ ਮੁੱਖ ਉਦੇਸ਼ ਨਵੇਂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਮਾਹੌਲ, ਅਕਾਦਮਿਕ ਨਿਯਮਾਂ ਅਤੇ ਕੈਂਪਸ ਦੇ ਸੱਭਿਆਚਾਰ ਤੋਂ ਜਾਣੂ ਕਰਵਾਉਣਾ ਸੀ। ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਤੋਂ ਬਾਅਦ ਡੇਰਾ ਭਗਤਪੁਰਾ ਸਾਹਿਬ ਵਿਖੇ ਲਜਾਇਆ ਗਿਆ ਜਿੱਥੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਉਪਰੰਤ ਸ਼ਬਦ ਕੀਰਤਨ ਦੁਆਰਾ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਗਿਆ। ਯੂਨੀਵਰਸਿਟੀ ਅਤੇ ਨਵੇਂ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਅਰਦਾਸ ਤੋਂ ਬਾਅਦ ਸ਼ਰਧਾਲੂਆਂ ਅਤੇ ਵਿਦਿਆਰਥੀਆਂ ਲਈ ਗੁਰੂ ਕੇ ਲੰਗਰ ਅਤੇ ਚਾਹ ਅਤੁੱਟ ਵਰਤਾਈ ਗਈ।ਇਸ ਸਮਾਗਮ ਵਿਚ ਸੰਤ ਮਨਮੋਹਨ ਸਿੰਘ ਜੀ ਚਾਂਸਲਰ, ਸੰਤ ਸਰਵਣ ਸਿੰਘ ਜੀ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਪ੍ਰੋ.ਪਲਵਿੰਦਰ ਸਿੰਘ (ਉਪ-ਕੁਲਪਤੀ ) ਨੇ ਨਵੇਂ ਵਿਦਿਆਰਥੀਆਂ ਨੂੰ ਜੀ ਆਇਆਂ ਨੂੰ ਆਖਦਿਆਂ ਕਿਹਾ ਕਿ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਉੱਚ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਅਤੇ ਨੈਤਿਕ ਕਦਰਾਂ-ਕੀਮਤਾਂ 'ਤੇ ਵੀ ਉਚੇਚਾ ਧਿਆਨ ਦਿੰਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਅਤੇ ਅਨੁਸ਼ਾਸਨ ਨਾਲ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪ੍ਰੇਰਿਤ ਕੀਤਾ।ਸਮਾਗਮ ਦੇ ਅੰਤਮ ਸ਼ੈਸ਼ਨ ਦੌਰਾਨ ਨਵੇਂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਸੈਂਟਰਲ ਲਾਇਬ੍ਰੇਰੀ, ਐਡਵਾਂਸਡ ਕੰਪਿਊਟਰ ਲੈਬਾਂ, ਖੇਡ ਸਟੇਡੀਅਮ ਅਤੇ ਵੱਖ-ਵੱਖ ਵਿਭਾਗਾਂ ਦਾ ਦੌਰਾ ਕਰਵਾਇਆ ਗਿਆ।



ਯੂਨੀਵਰਸਿਟੀ ਪ੍ਰਬੰਧਕਾਂ ਨੇ ਨਵੇਂ ਆਏ ਵਿਦਿਆਰਥੀਆਂ ਨੂੰ ਜੀ ਆਇਆਂ ਨੂੰ ਆਖਦਿਆਂ ਉਹਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ 'ਤੇ ਵੱਖ ਵੱਖ ਵਿਭਾਗਾਂ ਦੇ ਡੀਨ ਮੁਖੀ ਅਤੇ ਪ੍ਰੋਫ਼ੈਸਰ ਸਹਿਬਾਨ ਵੀ ਹਾਜ਼ਰ ਸਨ।

# ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਮਹਿੰਗਾਈ ਭੱਤੇ ਸੰਬੰਧੀ ਆਏ ਇਤਿਹਾਸਕ ਫੈਸਲੇ ਦਾ ਸਵਾਗਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- 7 ਅਗਸਤ ਨੂੰ ਅਨਾਜ ਮੰਡੀ ਸੈਕਟਰ 39 ਚੰਡੀਗੜ੍ਹ ਵਿਖੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਹੋਣ ਵਾਲੀ ਮਹਾਂ ਰੈਲੀ ਅਤੇ ਵਿਧਾਨ ਸਭਾ ਵੱਲ



ਮਾਰਚ ਸੰਬੰਧੀ ਇੱਥੇ ਸਾਂਝਾ ਫਰੰਟ ਤੇ ਸਾਂਝਾ ਮੰਚ ਦੇ ਆਗੂਆਂ ਵੱਲੋਂ ਰੈਲੀ ਸਥਾਨ ਦਾ ਜਾਇਜ਼ਾ ਲਿਆ ਗਿਆ ਤੇ ਪ੍ਰਬੰਧਾਂ ਸੰਬੰਧੀ ਸਮੀਖਿਆ ਕੀਤੀ ਗਈ। ਇਸ ਉਪਰੰਤ ਇੱਥੇ ਹੀ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਦੀ ਸਾਂਝੀ ਮੀਟਿੰਗ ਸਾਂਝਾ ਫਰੰਟ ਦੇ ਕਨਵੀਨਰ ਸਾਥੀ ਕਰਮ ਸਿੰਘ ਧਨੋਆ ਅਤੇ ਸਾਂਝਾ ਮੰਚ ਦੇ ਮੁੱਖ ਕਨਵੀਨਰ ਸਾਥੀ ਗੁਰਨਾਮ ਸਿੰਘ ਵਿਰਕ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਪ੍ਰੈੱਸ ਬਿਆਨ ਰਾਹੀਂ ਜਾਰੀ ਕਰਦਿਆਂ ਸਾਂਝਾ ਫਰੰਟ ਅਤੇ ਸਾਂਝਾ ਮੰਚ ਦੇ ਕੋਆਰਡੀਨੇਟਰਜ਼ ਸਤੀਸ਼ ਰਾਣਾ ਅਤੇ ਸੁਖਚੈਨ ਸਿੰਘ ਖਹਿਰਾ, ਸਾਂਝਾ ਫਰੰਟ ਤੇ ਕਨਵੀਨਰਜ਼ ਰਣਜੀਤ ਸਿੰਘ ਰਾਣਵਾਂ, ਸੁਖਦੇਵ ਸਿੰਘ ਸੈਣੀ, ਰਾਧੇ ਸ਼ਾਮ, ਸ਼ਿਵ ਕੁਮਾਰ ਤਿਵਾੜੀ, ਐਨ ਡੀ ਤਿਵਾੜੀ, ਹਰਪ੍ਰੀਤ ਸਿੰਘ, ਰਘਵੀਰ ਸਿੰਘ, ਕਰਤਾਰ ਪਾਲ, ਸਾਂਝਾ ਮੰਚ ਦੇ ਪ੍ਰਮੁੱਖ ਆਗੂਆਂ ਸੁਸ਼ੀਲ ਕੁਮਾਰ ਫੌਜੀ, ਸਾਹਿਲ ਸ਼ਰਮਾ, ਰਘਵੀਰ ਸਿੰਘ ਬੈਨੀਪਾਲ, ਅਮਿਤ ਕਟੋਚ, ਮਨਪ੍ਰੀਤ ਸਿੰਘ, ਹਰਨੇਕ ਸਿੰਘ, ਹਰਚਰਨ ਸਿੰਘ, ਕੁਲਵੰਤ ਸਿੰਘ ਸਿਕੰਦਰ ਸਿੰਘ ਅਤੇ ਕਮਲਪ੍ਰੀਤ ਸਿੰਘ ਨੇ ਆਖਿਆ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਡਬਲ ਬੈਂਚ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿਗਾਈ ਭੱਤੇ ਸੰਬੰਧੀ ਜੋ ਫੈਸਲਾ ਮਾਨਯੋਗ ਉੱਚ ਅਦਾਲਤ ਵਲੋਂ ਦਿੱਤਾ ਗਿਆ ਹੈ, ਉਹ ਇਕ ਇਤਿਹਾਸਿਕ ਫੈਸਲਾ ਹੈ, ਜਿਸ ਦਾ ਸਾਂਝਾ ਫਰੰਟ ਅਤੇ ਸਾਂਝਾ ਮੰਚ ਸਵਾਗਤ ਕਰਦਾ ਹੈ। ਆਗੂਆਂ ਅੱਗੇ ਆਖਿਆ 7 ਅਗਸਤ ਦੀ ਚੰਡੀਗੜ੍ਹ ਮਹਾਂ ਰੈਲੀ 18% ਮਹਿੰਗਾਈ ਭੱਤੇ ਨੂੰ ਲਾਗੂ ਕਰਾਉਣ, ਤਨਖਾਹ ਕਮਿਸ਼ਨ ਦੀ ਸਿਫਾਰਿਸ਼ ਅਨੁਸਾਰ ਅਨਰਵਾਈਜਡ ਅਤੇ ਪੈਨਸ਼ਨਰਾਂ ਤੇ 2.59 ਗੁਣਾਂਕ ਲਾਗੂ ਕਰਾਉਣ, 01.01.2004 ਤੋ ਭਰਤੀ ਹੋਏ ਮੁਲਾਜ਼ਮਾ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ, ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮ ਬਿਨਾਂ ਸ਼ਰਤ ਪੂਰੀਆਂ ਤਨਖਾਵਾਂ ਅਤੇ ਭੱਤਿਆਂ ਸਮੇਤ ਪੱਕੇ ਕਰਵਾਉਣ, ਮਿਡ ਡੇ ਮੀਲ, ਆਸ਼ਾ ਅਤੇ ਆਗਣਵਾੜੀ ਵਰਕਰਾਂ ਤੇ ਘੱਟੋ ਘੱਟ 18000 ਰੁਪਏ ਤਨਖਾਹ ਲਾਗੂ ਕਰਵਾਉਣ, ਜਬਰੀ ਕੇਂਦਰੀ ਤਨਖਾਹ ਸਕੇਲ ਥੋਪਣ ਵਾਲਾ 17.07.2020 ਦਾ ਪੱਤਰ ਰੱਦ ਕਰਵਾਉਣ, ਪ੍ਰੋਵੇਸ਼ਨਲ ਪੀਰੀਅਡ ਦੌਰਾਨ ਮੁਢਲੀ ਤਨਖਾਹ ਦੇਣ ਵਾਲਾ 15.01.2015 ਦਾ ਪੱਤਰ ਰੱਦ ਕਰਵਾਉਣ, ਸੋਧਣ ਦੇ ਨਾਮ ਤੇ ਬੰਦ ਕੀਤੇ 37 ਭੱਤੇ ਬਹਾਲ ਕਰਵਾਉਣ, ਏ ਸੀ ਪੀ ਸਕੀਮ ਲਾਗੂ ਕਰਵਾਉਣ ਲਈ, ਵਿਕਾਸ ਟੈਕਸ ਦੇ ਨਾਂਅ ਤੇ ਹਰ ਮਹੀਨੇ ਵਸੂਲਿਆ ਜਾ ਰਿਹਾ 200 ਰੁਪਏ ਜਜੀਆ ਬੰਦ ਕਰਵਾਉਣ ਅਤੇ ਸਮੁੱਚੇ ਵਿਭਾਗਾਂ ਵਿੱਚ ਪਈਆਂ ਖਾਲੀ ਅਸਾਮੀਆਂ ਪੱਕੇ ਤੌਰ ਤੇ ਪੂਰੇ ਪੂਰੀਆਂ ਤਨਖਾਹਾਂ ਵਿੱਚ ਭਰਵਾਉਣ ਲਈ ਕੀਤੀ ਜਾ ਰਹੀ ਹੈ। ਆਗੂਆਂ ਆਖਿਆ ਕਿ 7 ਅਗਸਤ ਦੀ ਅਨਾਜ ਮੰਡੀ ਸੈਕਟਰ 39 ਚੰਡੀਗੜ੍ਹ ਵਿਖੇ ਹੋਣ ਵਾਲੀ ਮਹਾਂ ਰੈਲੀ ਅਤੇ ਵਿਧਾਨ ਸਭਾ ਵੱਲ ਮਾਰਚ ਇੱਕ ਇਤਿਹਾਸਿਕ ਰੈਲੀ ਤੇ ਮਾਰਚ ਹੋਵੇਗਾ।

# ਸ੍ਰੀ ਗੁਰੂ ਰਵਿਦਾਸ ਜੀ 'ਤੇ ਵਿਸ਼ੇਸ਼ ਦਸਤਾਵੇਜ਼ੀ ਫ਼ਿਲਮ ਦੇ ਕੀਤੇ ਦਰਸ਼ਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਪੰਜਾਬ ਸਰਕਾਰ ਵੱਲੋਂ ਤਿਆਰ ਕਰਵਾਈ ਗਈ ਵਿਸ਼ੇਸ਼ ਦਸਤਾਵੇਜ਼ੀ ਫ਼ਿਲਮ ਨੂੰ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਪਿੰਡਾਂ ਵਿੱਚ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸੇ ਲੜੀ ਤਹਿਤ ਪਿੰਡ ਦਾਊਂ ਅਤੇ ਬਹਿਲੋਲਪੁਰ ਵਿਖੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਉਪਦੇਸ਼ਾਂ ਅਤੇ ਸਮਾਜਿਕ ਬਰਾਬਰੀ ਦੇ ਸੰਦੇਸ਼ 'ਤੇ ਆਧਾਰਤ ਇਸ ਦਸਤਾਵੇਜ਼ੀ ਫ਼ਿਲਮ ਦੇ ਦਰਸ਼ਨ ਕੀਤੇ।ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਇਹ ਦਸਤਾਵੇਜ਼ੀ ਫ਼ਿਲਮ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿੱਚ ਦਿਖਾਈ ਜਾਵੇਗੀ ਤਾਂ ਜੋ ਵੱਧ ਤੋਂ ਵੱਧ ਲੋਕ ਸ੍ਰੀ ਗੁਰੂ ਰਵਿਦਾਸ ਜੀ ਦੇ ਮਹਾਨ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਮਨੁੱਖਤਾ ਦੀ ਭਲਾਈ ਲਈ ਦਿੱਤੇ ਸੰਦੇਸ਼ ਤੋਂ ਪ੍ਰੇਰਨਾ ਲੈ ਸਕਣ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਮਾਜ ਵਿੱਚ ਸਮਾਨਤਾ, ਭਾਈਚਾਰਕ ਸਾਂਝ ਅਤੇ ਮਾਨਵਤਾ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦਾ ਮਹਾਨ ਕਾਰਜ ਕੀਤਾ।



# 21ਵੀਂ ਜ਼ਿਲ੍ਹਾ ਅਥਲੈਟਿਕਸ ਚੈਂਪੀਅਨਸ਼ਿਪ ਸਫਲਤਾਪੂਰਵਕ ਸੰਪੰਨ



**ਐੱਸ.ਏ.ਐੱਸ. ਨਗਰ (ਮੁਹਾਲੀ) (ਗੁਰਜੀਤ ਬਿੱਲਾ)**- ਜ਼ਿਲ੍ਹਾ ਅਥਲੈਟਿਕਸ ਐਸੋਸੀਏਸ਼ਨ ਵੱਲੋਂ 1 ਅਤੇ 2 ਅਗਸਤ ਨੂੰ 21ਵੀਂ ਦੋ ਰੋਜ਼ਾ ਜ਼ਿਲ੍ਹਾ ਅਥਲੈਟਿਕਸ ਚੈਂਪੀਅਨਸ਼ਿਪ ਦਾ ਸਫਲ ਆਯੋਜਨ ਕੀਤਾ ਗਿਆ। ਚੈਂਪੀਅਨਸ਼ਿਪ ਦੌਰਾਨ ਅੰਡਰ-14, ਅੰਡਰ-16, ਅੰਡਰ-18, ਅੰਡਰ-20, ਓਪਨ ਪੁਰਸ਼ ਅਤੇ ਮਹਿਲਾ ਵਰਗਾਂ ਦੇ ਨਾਲ-ਨਾਲ ਪੈਰਾ ਅਥਲੀਟਾਂ ਦੇ ਮੁਕਾਬਲੇ ਵੀ ਕਰਵਾਏ ਗਏ।ਜ਼ਿਲ੍ਹਾ ਅਥਲੈਟਿਕਸ ਐਸੋਸੀਏਸ਼ਨ ਦੇ ਪ੍ਰਧਾਨ ਮਲਕੀਤ ਸਿੰਘ ਬੈਦਵਾਣ ਨੇ ਦੱਸਿਆ ਕਿ ਦੋ ਦਿਨਾ ਇਸ ਖੇਡ ਮੇਲੇ ਵਿੱਚ ਕਰੀਬ 300 ਅਥਲੀਟਾਂ ਨੇ ਉਤਸ਼ਾਹ ਨਾਲ ਭਾਗ ਲਿਆ। ਜੇਤੂ ਖਿਡਾਰੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਅਥਲੀਟਾਂ ਦੀ ਚੋਣ 16 ਅਗਸਤ ਨੂੰ ਗੁਰੂ ਨਾਨਕ ਸਟੇਡੀਅਮ, ਲੁਧਿਆਣਾ ਵਿਖੇ ਹੋਣ ਵਾਲੀ ਸੂਬਾ ਅਥਲੈਟਿਕਸ ਮੀਟ ਲਈ ਕੀਤੀ ਗਈ ਹੈ।ਚੈਂਪੀਅਨਸ਼ਿਪ ਦਾ ਉਦਘਾਟਨ ਸਰਕਾਰੀ ਕਾਲਜ ਮੁਹਾਲੀ ਦੀ ਪ੍ਰਿੰਸੀਪਲ ਜਸਪ੍ਰੀਤ ਕੌਰ ਬੈਂਸ ਅਤੇ ਡਿਪਟੀ ਮੇਅਰ ਹਰਪਾਲ ਸਿੰਘ ਚੰਨਾ ਨੇ ਸਾਂਝੇ ਤੌਰ 'ਤੇ ਕੀਤਾ।ਸਮਾਪਤੀ ਅਤੇ ਇਨਾਮ ਵੰਡ ਸਮਾਰੋਹ ਦੌਰਾਨ ਮੁਹਾਲੀ ਨਗਰ ਨਿਗਮ ਦੇ ਮੇਅਰ ਸਰਬਜੀਤ ਸਿੰਘ ਸਮਾਣਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਜੇਤੂ ਖਿਡਾਰੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਚੈਂਪੀਅਨਸ਼ਿਪ ਦੌਰਾਨ ਇੰਜੀਨੀਅਰ ਹਰਪ੍ਰੀਤ ਸਿੰਘ ਕੋਰਾ, ਅਮਰੀਕ ਸਿੰਘ (ਸਾਬਕਾ ਸਰਪੰਚ, ਮਟੌਰ), ਪਰਮਦੀਪ ਸਿੰਘ ਬੈਦਵਾਣ, ਕੁਲਵਿੰਦਰ ਕੌਰ (ਐਮ.ਸੀ.), ਤਰਲੋਚਨ ਸਿੰਘ ਬੈਦਵਾਣ, ਸੁਰਜੀਤ ਸਿੰਘ (ਐਮ.ਸੀ.), ਨਰਪਿੰਦਰ ਸਿੰਘ ਰੰਗੀ (ਐਮ.ਸੀ.), ਸਤਵੀਰ ਸਿੰਘ ਧਨੋਆ, ਡਾ. ਕੁਲਜੀਤ ਸਿੰਘ ਮੀਆਂਪੁਰੀ, ਸਤੀਸ਼ ਕੁਮਾਰ ਭਾਗੀ, ਗੁਰਪ੍ਰੀਤ ਕੌਰ (ਐਮ.ਸੀ.) ਅਤੇ ਪ੍ਰੋ. ਸਿਮਰਜੀਤ ਕੌਰ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਰਹੀਆਂ।ਜ਼ਿਲ੍ਹਾ ਅਥਲੈਟਿਕਸ ਐਸੋਸੀਏਸ਼ਨ ਦੇ ਜਨਰਲ ਸਕੱਤਰ ਐੱਸ.ਆਈ. ਐੱਸ. ਕੋਰਾ ਨੇ ਸਮਾਗਮ ਵਿੱਚ ਪਹੁੰਚੇ ਸਾਰੇ ਮਹਿਮਾਨਾਂ, ਕੋਚਾਂ, ਅਧਿਕਾਰੀਆਂ ਅਤੇ ਖਿਡਾਰੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਸਵਰਨ ਸਿੰਘ, ਪ੍ਰੀਤਮ ਸਿੰਘ, ਸੰਦੀਪ ਸਿੰਘ ਸੰਧੂ, ਪਰਦੀਪ ਸਿੰਘ ਬੈਦਵਾਣ, ਸਿਮਰਨ ਸਿੰਘ, ਰਾਮਾ ਸ਼ੰਕਰ, ਗੁਰਮਿੰਦਰ ਸਿੰਘ ਢੇਸੀ, ਹਰਕੰਵਲਜੀਤ ਸਿੰਘ (ਨੈਸ਼ਨਲ ਕੋਚ), ਰਾਮ ਕੁਮਾਰ, ਮਨਦੀਪ ਕੌਰ, ਸੰਦੀਪ ਬਾਂਸਲ, ਮੋਨਿਕਾ ਬਾਂਸਲ, ਗੁਰਮੀਤ ਸਿੰਘ, ਇਕਬਾਲ ਸਿੰਘ, ਜੀਤ ਸਿੰਘ, ਦਰਿੰਦਰ ਸਿੰਘ, ਹੇਮ ਰਾਜ, ਗੁਰਜੀਤ ਸਿੰਘ ਧਨੋਆ, ਰਣਵੀਰ ਸਿੰਘ, ਗੁਰਚਰਨ ਸਿੰਘ, ਗੁਰਜੀਤ ਸਿੰਘ ਅਤੇ ਬਲਵਿੰਦਰ ਸਿੰਘ ਮੀਆਂਪੁਰ ਨੇ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾਈਆਂ। ਚੈਂਪੀਅਨਸ਼ਿਪ ਵਿੱਚ ਯਾਦਵਿੰਦਰਾ ਪਬਲਿਕ ਸਕੂਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਓਵਰਆਲ ਚੈਂਪੀਅਨਸ਼ਿਪ ਆਪਣੇ ਨਾਂਅ ਕੀਤੀ।

# ਵਿਧਾਇਕ ਵੱਲੋਂ ਪਾਵਰ ਟਰਾਂਸਫਾਰਮਰ ਦਾ ਲੋਕ ਅਰਪਣ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਹਲਕੇ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ 66 ਕੇ.ਵੀ. ਹਰੀਪੁਰ ਕੂੜਾ ਗਰਿੱਡ ਵਿਖੇ 3.35 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਨਵੇਂ 20 ਐਮ.ਵੀ.ਏ., 66/11 ਕੇ.ਵੀ. ਪਾਵਰ ਟਰਾਂਸਫਾਰਮਰ ਦਾ ਲੋਕ ਅਰਪਣ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਬਿਜਲੀ ਬੁਨਿਆਦੀ ਢਾਂਚੇ ਨੂੰ ਆਧੁਨਿਕ ਅਤੇ ਮਜ਼ਬੂਤ ਬਣਾਉਣ ਲਈ ਨਿਰੰਤਰ ਕਾਰਜ ਕਰ ਰਹੀ ਹੈ ਤਾਂ ਜੋ ਲੋਕਾਂ ਨੂੰ ਨਿਰਵਿਘਨ ਅਤੇ ਗੁਣਵੱਤਾ ਵਾਲੀ ਬਿਜਲੀ ਸਪਲਾਈ ਯਕੀਨੀ ਬਣਾਈ ਜਾ ਸਕੇ। ਵਿਧਾਇਕ ਰੰਧਾਵਾ ਨੇ ਕਿਹਾ ਕਿ ਗਰਿੱਡ ਵਿਖੇ ਪਹਿਲਾਂ ਤੋਂ ਮੌਜੂਦ 20 ਐਮ.ਵੀ.ਏ. ਪਾਵਰ ਟਰਾਂਸਫਾਰਮਰ ਦੇ ਨਾਲ ਇੱਕ ਹੋਰ 20 ਐਮ ਵੀ ਏ ਪਾਵਰ ਟਰਾਂਸਫਾਰਮਰ ਸਥਾਪਤ ਹੋਣ ਨਾਲ ਗਰਿੱਡ ਦੀ ਕੁੱਲ ਟਰਾਂਸਫਾਰਮੇਸ਼ਨ ਸਮਰੱਥਾ 20 ਐਮ ਵੀ ਏ ਤੋਂ ਵੱਧ ਕੇ 40 ਐਮ.ਵੀ.ਏ. ਹੋ ਗਈ ਹੈ। ਇਸ ਨਾਲ ਖੇਤਰ ਵਿੱਚ ਮੌਜੂਦਾ ਅਤੇ ਭਵਿੱਖ ਵਿੱਚ ਵਧ ਰਹੀ ਬਿਜਲੀ ਦੀ ਮੰਗ ਨੂੰ ਬਿਹਤਰ ਢੰਗ ਨਾਲ ਪੂਰਾ ਕੀਤਾ ਜਾ ਸਕੇਗਾ।ਉਨ੍ਹਾਂ ਕਿਹਾ ਕਿ ਨਵੇਂ ਟਰਾਂਸਫਾਰਮਰ ਦੇ ਚਾਲੂ ਹੋਣ ਨਾਲ ਮੌਜੂਦਾ ਟਰਾਂਸਫਾਰਮਰ ਉੱਤੇ ਪੈਣ ਵਾਲਾ ਲੋਡ ਘਟੇਗਾ, ਜਿਸ ਨਾਲ ਇਸ ਦੀ ਕਾਰਗੁਜ਼ਾਰੀ ਹੋਰ ਪ੍ਰਭਾਵਸ਼ਾਲੀ ਅਤੇ ਸੁਰੱਖਿਅਤ ਬਣੇਗੀ। ਇਸ ਦੇ ਨਾਲ ਹੀ 11 ਕੇ ਵੀ ਫੀਡਰਾਂ 'ਤੇ ਲੱਗਣ ਵਾਲੇ ਰੋਟੇਸ਼ਨਲ ਪਾਵਰ ਕੱਟਾਂ ਵਿੱਚ ਮਹੱਤਵਪੂਰਨ ਕਮੀ ਆਵੇਗੀ ਅਤੇ ਖਪਤਕਾਰਾਂ ਨੂੰ ਵਧੇਰੇ ਭਰੋਸੇਯੋਗ ਅਤੇ ਨਿਰਵਿਘਨ ਬਿਜਲੀ ਸਪਲਾਈ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਨਾਲ ਵੋਲਟੇਜ ਦੀ ਗੁਣਵੱਤਾ ਵਿੱਚ ਸੁਧਾਰ ਹੋਵੇਗਾ, ਜਿਸ ਦਾ ਸਿੱਧਾ ਲਾਭ ਘਰੇਲੂ, ਵਪਾਰਕ, ਖੇਤੀਬਾੜੀ ਅਤੇ ਉਦਯੋਗਿਕ ਖਪਤਕਾਰਾਂ ਨੂੰ ਮਿਲੇਗਾ। ਇਸ ਤੋਂ ਇਲਾਵਾ ਵਧੀ ਹੋਈ ਸਮਰੱਥਾ ਭਵਿੱਖ ਵਿੱਚ ਨਵੇਂ ਬਿਜਲੀ ਕੁਨੈਕਸ਼ਨਾਂ, ਉਦਯੋਗਿਕ ਵਿਕਾਸ ਅਤੇ ਵਧਦੇ ਲੋਡ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਵੀ ਸਹਾਇਕ ਸਾਬਤ ਹੋਵੇਗੀ। ਵਿਧਾਇਕ ਨੇ ਕਿਹਾ ਕਿ ਜੇਕਰ ਕਿਸੇ ਇੱਕ ਟਰਾਂਸਫਾਰਮਰ ਵਿੱਚ ਮੁਰੰਮਤ ਜਾਂ ਤਕਨੀਕੀ ਖਰਾਬੀ ਆਉਂਦੀ ਹੈ ਤਾਂ ਦੂਜਾ ਟਰਾਂਸਫਾਰਮਰ ਬਿਜਲੀ ਸਪਲਾਈ ਨੂੰ ਬਿਨਾਂ ਰੁਕਾਵਟ ਜਾਰੀ ਰੱਖੇਗਾ, ਜਿਸ ਨਾਲ ਪੂਰੇ ਬਿਜਲੀ ਵੰਡ ਪ੍ਰਣਾਲੀ ਦੀ ਭਰੋਸੇਯੋਗਤਾ ਵਿੱਚ ਵਾਧਾ ਹੋਵੇਗਾ। ਇਸ ਦੇ ਨਾਲ ਹੀ ਟਰਾਂਸਫਾਰਮਰਾਂ ਉੱਤੇ ਲੋਡ ਘੱਟ ਹੋਣ ਕਾਰਨ ਤਕਨੀਕੀ ਘਾਟਾਂ ਵਿੱਚ ਕਮੀ ਆਵੇਗੀ ਅਤੇ ਉਪਕਰਣਾਂ ਦੀ ਕਾਰਜਕੁਸ਼ਲਤਾ ਅਤੇ ਉਮਰ ਵਿੱਚ ਵੀ ਵਾਧਾ ਹੋਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਬਿਜਲੀ ਖੇਤਰ ਵਿੱਚ ਕੀਤੇ ਜਾ ਰਹੇ ਅਜਿਹੇ ਵਿਕਾਸ ਕਾਰਜ ਖੇਤਰ ਦੇ ਸਮੁੱਚੇ ਆਰਥਿਕ ਅਤੇ ਉਦਯੋਗਿਕ ਵਿਕਾਸ ਨੂੰ ਹੋਰ ਗਤੀ ਪ੍ਰਦਾਨ ਕਰਨਗੇ।ਇਸ ਮੌਕੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਅਧਿਕਾਰੀਆਂ ਨੇ ਪ੍ਰੋਜੈਕਟ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਸ ਪ੍ਰੋਜੈਕਟ ਵਿੱਚ 20 ਐਮ.ਵੀ.ਏ. ਪਾਵਰ ਟਰਾਂਸਫਾਰਮਰ, ਸੰਬੰਧਿਤ 66 ਕੇ.ਵੀ. ਅਤੇ 11 ਕੇ.ਵੀ. ਬੇਅ, ਪ੍ਰੋਟੈਕਸ਼ਨ ਸਿਸਟਮ, ਸਿਵਲ ਵਰਕ, ਇੰਸਟਾਲੇਸ਼ਨ, ਟੈਸਟਿੰਗ ਅਤੇ ਕਮਿਸ਼ਨਿੰਗ ਦੇ ਸਾਰੇ ਕੰਮ ਸ਼ਾਮਲ ਹਨ। ਇਸ ਮੌਕੇ ਕੌਂਸਲਰ ਕਿਰਨ ਪਤਨੀ ਮਾਸਟਰ ਕਰਮ ਸਿੰਘ, ਨਰੇਸ਼ ਉਪਨੇਜਾ ਸਮੇਤ ਪਿੰਡ ਵਾਸੀ ਤੇ ਅਧਿਕਾਰੀ ਮੌਜੂਦ ਰਹੇ।



# ਭਸੀਨ ਦੇ ਭਰਾ ਦੀ ਅੰਤਮ ਅਰਦਾਸ ਮੌਕੇ ਵੱਖ-ਵੱਖ ਆਗੂਆਂ ਨੇ ਕੀਤੇ ਸ਼ਰਧਾ ਦੇ ਫੁੱਲ ਭੇਟ

**ਨੰਗਲ (ਸੁਰਜੀਤ ਸਿੰਘ ਢੇਰ)**- ਸ਼ਹਿਰ ਦੇ ਸਾਬਕਾ ਕੌਂਸਲਰ ਹਰਪਾਲ ਸਿੰਘ ਭਸੀਨ ਦੇ ਵੱਡੇ ਭਰਾ ਗਿਆਨੀ ਸੁਖਵੰਤ ਸਿੰਘ (70) ਦੀ ਅੰਤਿਮ ਅਰਦਾਸ ਮੌਕੇ ਤੇ ਵੱਖ ਵੱਖ ਆਗੂਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸਥਾਨਕ ਗੁਰਦੁਆਰਾ ਭਗਤ ਰਵਿਦਾਸ ਪੁਰਾਣਾ ਗੁਰਦੁਆਰਾ ਵਿਖੇ ਵਿਰਾਗਮਈ ਕੀਰਤਨ ਕੀਤਾ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਤੇ ਸਾਬਕਾ ਸੰਸਦੀ ਸਕੱਤਰ ਰਾਣਾ ਕੇ ਪੀ ਸਿੰਘ ਨੇ ਕਿਹਾ ਕਿ ਭਸੀਨ ਪਰਿਵਾਰ ਨੇ ਸ਼ਹਿਰ ਦੀ ਬੇਹਤਰੀ ਵਾਸਤੇ ਬਹੁਤ ਵੱਡਾ ਯੋਗਦਾਨ ਪਾਇਆ।ਇਹ ਪਰਵਾਰ ਇਲਾਕੇ ਦੇ ਵਿੱਚ ਇੱਕ ਥੰਮ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਹਨਾਂ ਦੇ ਪਿਤਾ ਲਛਮਣ ਦਾਸ ਨੇ ਬਹੁਤ ਹੀ ਮਿਹਨਤ ਨਾਲ ਪਰਿਵਾਰ ਨੂੰ ਬੁਲੰਦੀਆਂ ਤੇ ਪਹੁੰਚਾਇਆ। ਉਹਨਾਂ ਨੇ ਕਿਹਾ ਕਿ ਸੁਖਵੰਤ ਸਿੰਘ ਦੀ ਮੌਤ ਨਾਲ ਪਰਵਾਰ ਨੂੰ ਹੀ ਘਾਟਾ ਨਹੀਂ ਪਿਆ ਸਗੋਂ ਸ਼ਹਿਰ ਵਾਸੀਆਂ ਨੂੰ ਵੀ ਭਾਰੀ ਘਾਟਾ ਪਿਆ। ਸੁਖਵੰਤ ਸਿੰਘ ਧਾਰਮਿਕ ਬਿਰਤੀ ਦੇ ਮਾਲਕ ਸਨ ਤੇ ਗੁਰੂ ਘਰ ਨਾਲ ਜੁੜੇ ਹੋਏ ਸਨ।ਉਹਨਾਂ ਦਾ ਛੋਟਾ ਭਰਾ ਹਰਪਾਲ ਸਿੰਘ ਭਸੀਨ ਲਗਾਤਾਰ ਸ਼ਹਿਰ 'ਚੋਂ ਕੌਂਸਲਰ ਬਣਦਾ ਆ ਰਿਹਾ ਤੇ ਸ਼ਹਿਰ ਦੀ ਹਰ ਬਿਹਤਰੀ ਵਾਸਤੇ ਯੋਗਦਾਨ ਦੇ ਰਿਹਾ ਹੈ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਰਾਜਿੰਦਰ ਸਿੰਘ ਠੇਕੇਦਾਰ, ਗੁਰਦੀਪ ਸਿੰਘ ਬਾਵਾ, ਤਰਲੋਚਨ ਸਿੰਘ, ਵਿਜੇ ਕੁਮਾਰ ਸ਼ਰਮਾ, ਕੁਲਵੰਤ ਪਾਠਕ, ਸਤਨਾਮ ਸਿੰਘ ਸ਼ੇਰਾ, ਰਾਜੇਸ਼ ਵਾਸੂਦੇਵ, ਕੌਂਸਲ ਦੇ ਸਾਬਕਾ ਪ੍ਰਧਾਨ ਸੰਜੇ ਸਾਹਨੀ, ਸੁਰਿੰਦਰ ਪੰਮਾ, ਅਸ਼ੋਕ ਕੁਮਾਰ, ਦੌਲਤ ਰਾਮ, ਅਨੀਤਾ ਸ਼ਰਮਾ, ਕੇਹਰ ਸਿੰਘ ਮਾਂਗੇਵਾਲ, ਸੋਨੀਆ ਸੈਣੀ, ਸਤਨਾਮ ਸਿੰਘ, ਨਰੇਸ਼ ਵਰਮਾ, ਪ੍ਰਿੰਸ, ਸੁਧੀਰ ਕੁਮਾਰ, ਸਤਪਾਲ, ਜਸਕਰਨ ਸਿੰਘ, ਤਲਵਿੰਦਰ ਸਿੰਘ, ਪਰਦੀਪ ਸੋਨੀ, ਰਾਜਿੰਦਰ ਸਿੰਘ, ਦੀਪਕ ਕੁਮਾਰ, ਪ੍ਰੇਮੀ, ਤਰਸੇਮ ਚੰਦ, ਤਰਨ ਸਿੰਘ, ਬਚਿੱਤਰ ਸਿੰਘ, ਬਿਕਰਮ ਸਿੰਘ, ਰੂਬਲ ਸਿੰਘ, ਵਿੱਕੀ ਧਵਨ, ਡਾ. ਰਵਿੰਦਰ ਦੀਵਾਨ, ਰਾਜ ਸਿੰਘ, ਵਿਜੇ ਕੌਸ਼ਲ, ਸੀ.ਪੀ. ਸਿੰਘ, ਰਣਜੀਤ ਰਾਣਾ, ਪਵਨ ਸੰਧੂ, ਪ੍ਰਿੰਸ, ਹਰਗੁਨ ਸਿੰਘ, ਅਭੀ, ਸੁਰਿੰਦਰ ਸਮੇਤ ਇਲਾਕੇ ਦੇ ਲੋਕ, ਰਿਸ਼ਤੇਦਾਰ, ਮਿੱਤਰ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਉਹ ਆਪਣੇ ਪਿੱਛੇ ਵਿਧਵਾ ਪਤਨੀ, ਪੁੱਤਰ,ਧੀ ਨੂੰ ਛੱਡ ਗਏ।



## ਭਾਰਤ ਸਵਾਭਿਮਾਨ ਟਰੱਸਟ ਤੇ ਪਤੰਜਲੀ ਯੋਗ ਪੀਠ ਵੱਲੋਂ ਯੋਗ ਪ੍ਰਦਰਸ਼ਨ 15 ਨੂੰ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)-ਦੇਸ਼ ਦੇ 79ਵੇਂ ਆਜ਼ਾਦੀ ਦਿਵਸ ਦੇ ਸ਼ੁਭ ਦਿਹਾੜੇ 'ਤੇ ਪਤੰਜਲੀ ਯੋਗ ਪੀਠ ਅਤੇ ਭਾਰਤ ਸਵਾਭਿਮਾਨ ਟਰੱਸਟ, ਫਗਵਾੜਾ ਵੱਲੋਂ 15 ਅਗਸਤ ਦਿਨ ਸ਼ਨੀਵਾਰ ਨੂੰ ਸਵੇਰੇ 6:00 ਵਜੇ ਤੋਂ 7:30 ਵਜੇ ਤੱਕ ਟਾਊਨ ਹਾਲ ਪਾਰਕ ਫਗਵਾੜਾ ਵਿਖੇ ਵਿਸ਼ਾਲ ਯੋਗ ਪ੍ਰਦਰਸ਼ਨ ਤੇ ਯੋਗ ਜਾਗਰੂਕਤਾ ਸਮਾਗਮ ਕਰਵਾਇਆ ਜਾਵੇਗਾ। ਇਸ ਸੰਬੰਧੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਲਈ ਸੰਸਦ ਮੈਂਬਰ ਤੇ ਫਗਵਾੜਾ ਹਲਕਾ ਇੰਚਾਰਜ ਡਾ. ਰਾਜ ਕੁਮਾਰ ਚੱਬੇਵਾਲ ਨੂੰ ਪ੍ਰਬੰਧਕਾਂ ਵੱਲੋਂ ਰਸਮੀ ਸੱਦਾ ਪੱਤਰ ਭੇਟ ਕੀਤਾ ਗਿਆ। ਡਾ. ਚੱਬੇਵਾਲ ਨੇ ਸੱਦਾ ਸਵੀਕਾਰ ਕਰਦਿਆਂ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਪਣੀ ਸਹਿਮਤੀ ਦਿੱਤੀ ਤੇ ਯੋਗ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਕੀਤੇ ਜਾ ਰਹੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਭਾਰਤ ਸਵਾਭਿਮਾਨ ਟਰੱਸਟ ਦੇ ਜ਼ਿਲ੍ਹਾ ਪ੍ਰਭਾਰੀ ਦੀਪਕ ਧੋਸਲਾ ਅਤੇ ਜ਼ਿਲ੍ਹਾ ਸੰਗਠਨ ਮੰਤਰੀ ਸੁਨੀਲ ਚਮ ਨੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸਮਾਗਮ ਦਾ ਸੱਦਾ ਪੱਤਰ ਦੇਣ ਉਪਰੰਤ ਦੱਸਿਆ ਕਿ ਇਸ ਸਮਾਗਮ ਦਾ ਮੁੱਖ ਉਦੇਸ਼ ਵੱਧ ਤੋਂ ਵੱਧ ਲੋਕਾਂ ਨੂੰ ਯੋਗ ਨਾਲ ਜੋੜਨਾ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 15 ਅਗਸਤ ਦੀ ਸਵੇਰ ਟਾਊਨ ਹਾਲ ਪਾਰਕ ਵਿਖੇ ਕਰਵਾਏ ਜਾ ਰਹੇ ਇਸ ਯੋਗ ਪ੍ਰਦਰਸ਼ਨ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਯੋਗ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣ। ਇਸ ਮੌਕੇ ਬੌਬੀ ਬੇਦੀ, ਗੁਰਦੀਪ ਦੀਪਾ, ਓਮ ਪ੍ਰਕਾਸ਼ ਬਿੱਟੂ ਆਦਿ ਵੀ ਹਾਜ਼ਰ ਸਨ।



## ਜੀ ਟੀ ਯੂ ਵੱਲੋਂ ਅਧਿਆਪਕਾਂ 'ਤੇ ਲਾਠੀਚਾਰਜ ਦੀ ਨਿਖੇਧੀ



ਮਹਿਲਕਲਾਂ (ਜਗਤਾਰ ਸਿੰਘ ਭੁੱਲਰ)-ਪਿਛਲੇ ਗਿਆਰਾਂ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਸਿੱਖਿਆ ਵਿਭਾਗ ਵਿੱਚ ਆਉਟਸੋਰਸਿੰਗ ਪ੍ਰਣਾਲੀ ਰਾਹੀਂ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ ਐੱਨ ਐੱਸ ਕਿਊ ਐੱਫ ਅਧਿਆਪਕਾਂ ਉੱਪਰ ਆਪਣੇ ਹੱਕਾਂ ਦੀ ਰਾਖੀ ਲਈ ਸੰਗਰੂਰ ਵਿਖੇ ਕੀਤੇ ਰੋਸ ਪ੍ਰਦਰਸ਼ਨ ਤੇ ਮੁੱਖ ਮੰਤਰੀ ਵੱਲੋਂ ਕਰਵਾਏ ਪੁਲਸ ਦੇ ਦਮਨ ਦੀ ਗੌਰਮਿੰਟ ਟੀਚਰਜ਼ ਯੂਨੀਅਨ ਨਿਖੇਧੀ ਕਰਦੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗੌਰਮਿੰਟ ਟੀਚਰਜ਼ ਯੂਨੀਅਨ ਬਲਾਕ ਕੱਟ ਫਤੂਹੀ ਦੇ ਪ੍ਰਧਾਨ ਨਰਿੰਦਰ ਅਜਨੋਹਾ ਅਤੇ ਜਨਰਲ ਸਕੱਤਰ ਉਂਕਾਰ ਸਿੰਘ ਨੇ ਕੀਤਾ। ਆਗੂਆਂ ਨੇ ਕਿਹਾ ਕਿ ਐੱਨ ਐੱਸ ਕਿਊ ਐੱਫ ਅਧਿਆਪਕਾਂ ਵਲੋਂ ਆਪਣੀਆਂ ਸੇਵਾਵਾਂ ਰੈਗੂਲਰ ਕਰਵਾਉਣ ਲਈ ਸੰਗਰੂਰ ਵਿਖੇ ਪੱਕਾ ਮੋਰਚਾ ਲਾਇਆ ਗਿਆ ਹੈ, ਜਿੱਥੇ ਅਧਿਆਪਕਾਂ ਉੱਪਰ ਪੁਲਿਸ ਨੇ ਤਸ਼ੱਦਦ ਢਾਹਿਆ। ਪੁਲਸ ਵਲੋਂ ਮਹਿਲਾ ਅਧਿਆਪਕਾਂ ਦੀ ਵੀ ਖਿੱਚ ਧੂਹ ਕੀਤੀ ਗਈ। ਆਗੂਆਂ ਨੇ ਮੰਗ ਕੀਤੀ ਕਿ ਐੱਨ ਐੱਸ ਕਿਊ ਐੱਫ ਅਧਿਆਪਕਾਂ ਸਮੇਤ ਸਾਰੇ ਕੱਚੇ ਤੇ ਸੋਸਾਇਟੀਆਂ ਅਧੀਨ ਕੰਮ ਕਰਦੇ ਅਧਿਆਪਕਾਂ ਨੂੰ ਸਰਕਾਰ ਪੱਕਾ ਕਰਕੇ ਆਪਣਾ ਚੋਣ ਵਾਅਦਾ ਪੂਰਾ ਕਰੇ। ਇਸ ਮੌਕੇ ਜੰਸੀਵ ਕੁਮਾਰ, ਵਿਕਾਸ ਸ਼ਰਮਾ, ਮਲਕੀਤ ਸਿੰਘ, ਜਸਵਿੰਦਰ ਸਿੰਘ, ਲਖਵਿੰਦਰ ਸਿੰਘ, ਕੁਲਵਿੰਦਰ ਸਿੰਘ, ਬਖਤਾਵਰ ਸਿੰਘ, ਬਾਬੂ ਓਮ ਦੱਤ, ਜਤਿੰਦਰ ਸਿੰਘ, ਹਰਵਿੰਦਰ ਸਿੰਘ ਆਦਿ ਹਾਜ਼ਰ ਸਨ।

## ਬਰਸੀ ਸਮਾਗਮ ਤੇ ਪਲਵਿੰਦਰ ਮਾਨਾ 'ਤੇ ਬਸਪਾ ਆਗੂ ਹੋਏ ਨਤਮਸਤਕ

ਹੁਸ਼ਿਆਰਪੁਰ (ਓ ਪੀ ਰਾਣਾ)-ਬ੍ਰਹਮਲੀਨ 108 ਸੰਤ ਬਾਬਾ ਪੂਰਨ ਦਾਸ ਜੀ ਦੀ 100ਵੀਂ ਬਰਸੀ ਮੌਕੇ ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੀ ਟੀਮ ਡੇਰਾ ਰੋਹਾ ਕਾਲੇਵਾਲ ਭਗਤਾਂ ਵਿਖੇ ਨਤਮਸਤਕ ਹੋਏ ਅਤੇ ਮੌਜੂਦਾ ਗੱਦੀ ਨਸ਼ੀਨ ਸੰਤ ਸੀਤਲ ਦਾਸ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਜਿਨ੍ਹਾਂ ਵਲੋਂ ਬਸਪਾ ਆਗੂਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਬਸਪਾ ਹਲਕਾ ਚੱਬੇਵਾਲ ਅਤੇ ਉਨ੍ਹਾਂ ਦੇ ਨਾਲ ਹਲਕੇ ਦੇ ਅਹੁਦੇਦਾਰ ਸਹਿਬਾਨ ਨਤ-ਮਸਤਕ ਹੋਏ ਅਤੇ ਗੱਦੀ ਨਸ਼ੀਨ ਸੰਤ ਬਾਬਾ ਸੀਤਲ ਦਾਸ ਜੀ ਅਤੇ ਵਿਸ਼ੇਸ਼ ਤੌਰ ਤੇ ਹਾਜ਼ਰ ਸੰਤ ਜਸਵਿੰਦਰ ਸਿੰਘ ਡਾਂਡੀਆਂ, ਸੰਤ ਸਤਨਾਮ ਦਾਸ ਗੱਜਰ ਮਹਿਦੂਦ, ਸਰਪੰਚ ਸੰਤ ਸੁਰਜੀਤ ਸਿੰਘ ਖੇੜਾ ਅਤੇ ਹੋਰ ਸੰਤਾਂ ਮਹਾਪੁਰਸ਼ਾਂ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਦੌਰਾਨ ਐਡਵੋਕੇਟ ਪਲਵਿੰਦਰ ਮਾਨਾ ਨੇ ਸੰਤਾਂ ਦੇ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੰਜਾਬ ਅੰਦਰ ਦਲਿਤ ਸਮਾਜ ਦੇ ਨਾਲ ਸ਼ਹਿਰ ਖੰਨਾ ਅਤੇ ਬਰਨਾਲਾ ਵਿਖੇ ਹੋਏ ਅੱਤਿਆਚਾਰ, ਲਾਠੀਚਾਰਜ ਸਬੰਧੀ ਜਾਣਕਾਰੀ ਦਿੱਤੀ। ਮਾਨਾ ਨੇ ਡੇਰਾ ਕਾਲੇਵਾਲ ਦੀ ਪਵਿੱਤਰ ਅਤੇ ਮਿਸ਼ਨਰੀ ਧਰਤੀ ਵਿਖੇ ਵਿਰਾਜਮਾਨ ਸੰਗਤ ਨੂੰ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦੇ ਨਾਲ ਜੁੜਨ ਦੀ ਅਪੀਲ ਕੀਤੀ। ਇਸ ਮੌਕੇ ਰਾਜਵਿੰਦਰ ਸਿੰਘ ਕਾਲੇਵਾਲ ਜ਼ਿਲ੍ਹਾ ਸਕੱਤਰ, ਵਿਕੀ ਬੰਗਾ, ਸੱਤਪਾਲ ਸਿੰਘ ਵਾਈਸ ਪ੍ਰਧਾਨ, ਬਲਵੰਤ ਸਹਿਗਲ ਹਲਕਾ ਸਕੱਤਰ, ਰਾਮ ਸਰੂਪ ਰੂਪਾ ਬੰਗਾ, ਰਾਜੇਸ਼ ਭੁੱਟੋ ਹਲਕਾ ਖਜ਼ਾਨਚੀ, ਸ਼ਿਵ ਕੁਮਾਰ ਜੰਡੋਲੀ, ਮਿਸ਼ਨਰੀ ਸਿੰਗਰ ਹਰਨਾਮ ਸਿੰਘ ਬਹਿਲਪੁਰੀ, ਸਮੀਰ ਮਾਨਾ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਵੀ ਹਾਜ਼ਰ ਸਨ।



## ਸਬਜ਼ੀ ਮੰਡੀ 'ਚ ਲੱਗੇ ਗੰਦਗੀ ਦੇ ਢੇਰ ਦੇ ਰਹੇ ਭਿਆਨਕ ਬਿਮਾਰੀਆਂ ਨੂੰ ਸੱਦਾ



ਜਲੰਧਰ (ਸ਼ੈਲੀ ਐਲਬਰਟ)- ਜਲੰਧਰ ਸ਼ਹਿਰ ਵਿੱਚ ਜਗ੍ਹਾ ਜਗ੍ਹਾ ਲੱਗੇ ਗੰਦਗੀ ਦੇ ਢੇਰ ਪ੍ਰਧਾਨ ਮੰਤਰੀ ਦੀ ਸਵੱਛ ਭਾਰਤ ਮੁਹਿੰਮ ਦਾ ਮੂੰਹ ਚਿੜਾ ਰਹੇ ਹਨ ਕਈ ਸਾਲਾਂ ਤੋਂ ਜਲੰਧਰ ਵਿੱਚ ਸਫ਼ਾਈ ਦਾ ਬਹੁਤ ਹੀ ਮੰਦਾ ਹਾਲ ਹੈ। ਸਬਜ਼ੀ ਮੰਡੀ ਮਕਸੂਦਾਂ ਜੋ ਮੰਡੀ ਬੋਰਡ ਵਿਭਾਗ ਦੇ ਅਧੀਨ ਹੈ ਵਿੱਚ ਲੱਗੇ ਗੰਦਗੀ ਦੇ ਢੇਰ ਨਜ਼ਰ ਆਏ ਜੋ ਭਿਆਨਕ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਨ। ਇਸ ਸਮੇਂ ਜਦੋਂ ਬਰਸਾਤਾਂ ਦੇ ਦਿਨ ਹਨ ਤਾਂ ਇਹਨਾਂ ਗੰਦਗੀ ਦੇ ਢੇਰਾਂ ਵਿਚੋਂ ਫੈਲਣ ਵਾਲੀ ਖਤਰਨਾਕ ਬਦਬੂ ਨਜ਼ਦੀਕੀ ਘਰ ਤੱਕ ਪਹੁੰਚ ਰਹੀ ਹੈ ਜਿਸ ਨਾਲ ਖਤਰਨਾਕ ਬਿਮਾਰੀਆਂ ਦੇ ਫੈਲਣ ਦਾ ਖਤਰਾ ਹੈ ਜਿਸ ਕਰਕੇ ਜਿਥੇ ਮੰਡੀ ਬੋਰਡ ਦੀ ਸਬਜ਼ੀ ਮੰਡੀ ਵਿੱਚ ਫੈਲੀ ਗੰਦਗੀ ਨੂੰ ਚੁਕਵਾਉਣ ਦੀ ਜ਼ਿੰਮੇਵਾਰੀ ਹੈ ਉਥੇ ਨਗਰ ਕੌਂਸਲ ਨੂੰ ਵੀ ਇਸ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਇਸ ਸਬਜ਼ੀ ਮੰਡੀ ਵਿੱਚ ਰੋਜ਼ ਹਜ਼ਾਰਾ ਲੋਕ ਸਬਜ਼ੀ ਖਰੀਦਣ ਵਾਲਿਆਂ ਤੋਂ ਇਲਾਵਾ ਵੇਚਣ ਵਾਲਿਆਂ ਦੀ ਵੀ ਭੀੜ ਹੁੰਦੀ ਹੈ। ਇਸ ਕਰਕੇ ਲੋਕਾਂ ਦੀ ਸਿਹਤ ਦਾ ਧਿਆਨ ਰੱਖਦਿਆਂ ਸਬਜ਼ ਮੰਡੀ ਨੂੰ ਸਾਫ ਸੁਥਰਾ ਰੱਖਣ ਲਈ ਮੰਡੀ ਬੋਰਡ ਅਤੇ ਨਗਰ ਕੌਂਸਲ ਵਿਸ਼ੇਸ਼ ਉਪਰਾਲਾ ਕਰੇ ਤਾਂ ਕਿ ਸ਼ਹਿਰ ਦਾ ਵਾਤਾਵਰਨ ਸਵੱਛ ਰਹਿ ਸਕੇ ਅਤੇ ਲੋਕ ਬਿਮਾਰੀਆਂ ਤੋਂ ਬਚ ਸਕਣ। ਇਸ ਸਬੰਧ ਵਿੱਚ ਮੰਡੀ ਬੋਰਡ ਦੇ ਅਧਿਕਾਰੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਸਬਜ਼ੀ ਮੰਡੀ ਸਾਫ ਸਫ਼ਾਈ ਦਾ ਕੰਮ ਠੇਕੇ ਤੇ ਦਿੱਤਾ ਜਾਂਦਾ ਹੈ, ਪਿਛਲੇ ਠੇਕੇਦਾਰਾਂ ਨੇ ਮੰਡੀ ਦੇ ਸਫ਼ਾਈ ਪ੍ਰਤੀ ਅਣਗਹਿਲੀ ਕੀਤੀ ਸੀ, ਤਾਂ ਉਹਨਾਂ ਨੂੰ ਮੰਡੀ ਬੋਰਡ ਨੇ ਜੁਰਮਾਨਾ ਲਗਾਇਆ ਸੀ, ਹੁਣ ਸਬਜ਼ੀ ਮੰਡੀ ਮਕਸੂਦਾ ਦਾ ਸਫ਼ਾਈ ਦਾ ਠੇਕਾ ਅੰਮ੍ਰਿਤਸਰ ਦੇ ਠੇਕੇਦਾਰਾਂ ਨੂੰ ਦਿੱਤਾ ਹੈ, ਜੇ ਇਹ ਠੇਕੇਦਾਰ ਵੀ ਸਬਜ਼ੀ ਮੰਡੀ ਸਾਫ਼ ਸਫ਼ਾਈ ਕਰਨ ਵਿੱਚ ਅਸਫ਼ਲ ਨਜ਼ਰ ਆਉਣਗੇ ਤਾਂ ਇਹਨਾਂ ਨੂੰ ਵੀ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ। ਉਹਨਾਂ ਕਿਹਾ ਸਬਜ਼ੀ ਮੰਡੀ ਦੀ ਸਾਫ ਸਫ਼ਾਈ ਨੂੰ ਯਕੀਨੀ ਬਣਾਉ ਲਈ ਹੋਰ ਵੀ ਉਪਰਾਲੇ ਕੀਤੇ ਜਾਣਗੇ।

## ਵਿਧਾਇਕ ਨੇ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਨੂੰ ਵਿਦਿਆਰਥੀਆਂ ਦੇ ਭਵਿੱਖ ਨੂੰ ਮਜ਼ਬੂਤ ਬਣਾਉਣ ਵੱਲ ਇੱਕ ਅਹਿਮ ਕਦਮ ਕਰਾਰ ਦਿੰਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਹੂਲਤਾਂ ਅਤੇ ਵਿਦਿਆਰਥੀਆਂ ਨੂੰ ਲੋੜੀਂਦੀ ਵਿਦਿਅਕ ਸਮੱਗਰੀ ਮੁਹੱਈਆ ਕਰਵਾਉਣਾ ਇਸੇ ਸੋਚ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਸਕੂਲ ਬੈਗਾਂ ਦੀ ਵੰਡ ਸਿਰਫ਼ ਸਮੱਗਰੀ ਦੇਣਾ ਨਹੀਂ, ਸਗੋਂ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਨੂੰ ਬਿਹਤਰ ਮਾਹੌਲ ਵਿੱਚ ਸਿੱਖਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨ ਦਾ ਯਤਨ ਹੈ। ਵਿਧਾਇਕ ਜਿੰਪਾ ਨੇ ਵਿਦਿਆਰਥੀਆਂ ਨੂੰ ਮਨ ਲਾ ਕੇ ਪੜ੍ਹਾਈ ਕਰਨ ਅਤੇ ਆਪਣੇ ਮਾਪਿਆਂ, ਸਕੂਲ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖਿਆ ਹੀ ਉਹ ਸਾਧਨ ਹੈ ਜੋ ਬੱਚਿਆਂ ਦੇ ਸੁਪਨਿਆਂ ਨੂੰ ਨਵੀਂ ਉਡਾਣ ਦਿੰਦੀ ਹੈ ਅਤੇ ਪੰਜਾਬ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਕਿਸੇ ਵੀ ਵਿਦਿਆਰਥੀ ਦੀ ਸਕੂਲ ਅੱਜੋਵਾਲ ਵਿਖੇ ਸੀਨੀਅਰ ਜਮਾਤਾਂ ਦੇ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਰਕਾਰੀ ਸਿੱਖਿਆ ਪ੍ਰਣਾਲੀ ਨੂੰ ਨਵੀਂ ਪਛਾਣ ਦੇਣ ਲਈ ਲਗਾਤਾਰ ਕੰਮ ਕਰ ਰਹੀ ਹੈ। ਆਧੁਨਿਕ ਸਕੂਲ ਇਮਾਰਤਾਂ, ਸਮਾਰਟ ਕਲਾਸਰੂਮ, ਬਿਹਤਰ ਬੁਨਿਆਦੀ ਪੜ੍ਹਾਈ ਸਰੋਤਾਂ ਦੀ ਘਾਟ ਕਾਰਨ ਪ੍ਰਭਾਵਿਤ ਨਾ ਹੋਵੇ। ਸਕੂਲ ਪ੍ਰਬੰਧਨ ਨੇ ਵਿਧਾਇਕ ਜਿੰਪਾ ਦਾ ਸਵਾਗਤ ਕਰਦਿਆਂ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਇੰਚਾਰਜ ਪ੍ਰਿੰਸੀਪਲ ਅਮਰੀਕ ਸਿੰਘ, ਅਧਿਆਪਕ, ਸਕੂਲ ਸਟਾਫ, ਵਿਦਿਆਰਥੀ ਅਤੇ ਹੋਰ ਪਤਵੰਤੇ ਵਿਅਕਤੀ ਹਾਜ਼ਰ ਸਨ।



## ਕਾਮਨਵੈਲਥ ਖੇਡਾਂ 'ਚ ਹਰਿਆਣਾ ਦੀ ਸਰਦਾਰੀ, 11 ਤਗਮੇ ਜਿੱਤੇ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਦੇ ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਾਮਨਵੈਲਥ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 7 ਸੋਨੇ, 2 ਚਾਂਦੀ ਅਤੇ 2 ਕਾਂਸੀ ਸਮੇਤ ਕੁੱਲ 11 ਤਗਮੇ ਜਿੱਤ ਕੇ ਸੂਬੇ ਦਾ ਮਾਣ ਵਧਾਉਣ ਵਾਲੇ ਸਾਰੇ ਖਿਡਾਰੀਆਂ, ਉਨ੍ਹਾਂ ਦੇ ਕੋਚਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਹਾਰਦਿਕ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਖਿਡਾਰੀਆਂ ਨੇ ਆਪਣੀ ਪ੍ਰਤਿਭਾ, ਅਨੁਸ਼ਾਸਨ ਅਤੇ ਸਖ਼ਤ ਮਿਹਨਤ ਦੇ ਦਮ 'ਤੇ ਇੱਕ ਵਾਰ ਫਿਰ ਵਿਸ਼ਵ ਪੱਧਰ 'ਤੇ ਸੂਬੇ ਦਾ ਨਾਂਅ ਰੌਸ਼ਨ ਕੀਤਾ ਹੈ। ਖਿਡਾਰੀਆਂ ਦੀ ਇਹ ਇਤਿਹਾਸਕ ਪ੍ਰਾਪਤੀ ਪੂਰੇ ਸੂਬੇ ਲਈ ਮਾਣ ਅਤੇ ਪ੍ਰੇਰਨਾ ਦਾ ਵਿਸ਼ਾ ਹੈ। ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਸੱਤ ਸੋਨ ਤਗਮਿਆਂ ਸਮੇਤ ਗਿਆਰਾਂ ਤਗਮੇ ਜਿੱਤਣਾ ਹਰਿਆਣਾ ਲਈ ਮਾਣ ਵਾਲੀ ਗੱਲ ਹੈ। ਖਿਡਾਰੀਆਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਹਰਿਆਣਾ ਦੀ ਧਰਤੀ 'ਤੇ ਪ੍ਰਤਿਭਾਵਾਂ ਦੀ ਕੋਈ ਕਮੀ ਨਹੀਂ ਹੈ। ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਦ੍ਰਿੜ ਇਰਾਦੇ ਦੇ ਬਲਬੂਤੇ ਸੂਬੇ ਦੇ ਖਿਡਾਰੀਆਂ ਨੇ ਦੁਨੀਆ ਦੇ ਵੱਡੇ ਖੇਡ ਮੰਚ 'ਤੇ ਦੇਸ਼ ਅਤੇ ਹਰਿਆਣਾ ਦਾ ਨਾਂ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿੱਚ ਖੇਡਾਂ ਪ੍ਰਤੀ ਸਕਾਰਾਤਮਕ ਮਾਹੌਲ ਤਿਆਰ ਹੋਇਆ ਹੈ।

## ਯੋਗ ਕੈਂਪ ਤੇ ਜੜ੍ਹੀ-ਬੂਟੀ ਦਿਵਸ ਮਨਾਇਆ, 100 ਪੌਦੇ ਲਗਾਏ

ਡੇਰਾ ਬੱਸੀ (ਵਿਨੋ ਕੁਮਾਰ ਜੈਨ)-ਭਾਰਤ ਸਵਾਭਿਮਾਨ ਅਤੇ ਪਤੰਜਲੀ ਪਰਿਵਾਰ, ਡੇਰਾ ਬੱਸੀ (ਚੰਡੀਗੜ੍ਹ ਰਾਜ) ਵੱਲੋਂ ਪਿੰਡ ਘੋਲੂ ਮਾਜਰਾ ਦੇ ਸ਼ਿਵ ਮੰਦਰ ਵਿਖੇ ਇੱਕ ਰੋਜ਼ਾ ਵਿਸ਼ੇਸ਼ ਯੋਗ ਕੈਂਪ ਅਤੇ ਜੜ੍ਹੀ-ਬੂਟੀ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਕੈਂਪ ਦਾ ਸੰਚਾਲਨ ਰਾਜ ਪ੍ਰਭਾਰੀ ਨਵੀਨ ਚੰਦਰ ਦੁਰਗੇਰਾ ਨੇ ਕੀਤਾ। ਇਸ ਯੋਗ ਕੈਂਪ ਵਿੱਚ ਲਗਭਗ 100 ਯੋਗ ਸਾਧਕਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਯੋਗ ਅਭਿਆਸ ਕਰਦਿਆਂ ਨਿਰੋਗੀ ਤੇ ਪ੍ਰਾਕ੍ਰਿਤਕ ਜੀਵਨ ਸ਼ੈਲੀ ਅਪਣਾਉਣ ਦਾ ਸੰਕਲਪ ਲਿਆ। ਆਚਾਰੀਆ ਬਾਲਕ੍ਰਿਸ਼ਨ ਦੇ ਜਨਮ ਦਿਨ ਦੇ ਸਬੰਧ ਵਿੱਚ ਮਨਾਏ ਗਏ ਜੜ੍ਹੀ-ਬੂਟੀ ਦਿਵਸ ਮੌਕੇ ਲਗਭਗ 100 ਦਵਾਈਆਂ ਵਾਲੇ (ਔਸ਼ਧੀ) ਪੌਦੇ ਲਗਾਏ ਗਏ। ਇਸ ਦੌਰਾਨ ਲੋਕਾਂ ਨੂੰ ਵਾਤਾਵਰਣ ਦੀ ਸੰਭਾਲ, ਜੜ੍ਹੀ-ਬੂਟੀਆਂ ਦੀ ਅਹਿਮੀਅਤ ਅਤੇ ਕੁਦਰਤ ਦੀ ਰੱਖਿਆ ਦਾ ਸੁਨੇਹਾ ਦਿੱਤਾ ਗਿਆ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਕੌਂਸਲ ਅਨਮੋਲ ਸ਼ਰਮਾ, ਸਾਬਕਾ ਸਰਪੰਚ ਰਮਨਿਵਾਸ ਸ਼ਰਮਾ, ਵਿਦਿਆਸਾਗਰ ਚੌਧਰੀ, ਨਰਿੰਦਰ ਸ਼ਰਮਾ, ਸੁਸ਼ੀਲ ਸ਼ਰਮਾ, ਭਰਾ ਅਨਿਲ ਸ਼ਰਮਾ ਅਤੇ ਭਰਾ ਸੋਹਨ ਲਾਲ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਸ ਮੌਕੇ ਭਾਰਤ ਸਵਾਭਿਮਾਨ ਟਰੱਸਟ, ਜ਼ਿਲ੍ਹਾ ਡੇਰਾ ਬੱਸੀ ਦੇ ਜ਼ਿਲ੍ਹਾ ਪ੍ਰਭਾਰੀ ਭਰਾ ਸੁਖਵਿੰਦਰ ਸਿੰਘ, ਸੋਸ਼ਲ ਮੀਡੀਆ ਜ਼ਿਲ੍ਹਾ ਪ੍ਰਭਾਰੀ ਅਜੀਤ ਸਿੰਗੀ, ਤਹਿਸੀਲ ਪ੍ਰਭਾਰੀ ਭਰਾ ਹਰੀਸ਼ ਸਿੰਘ, ਰਾਜ ਖਜ਼ਾਨਚੀ ਭਰਾ ਸਵਰਨ ਸਿੰਘ, ਜ਼ਿਲ੍ਹਾ ਖਜ਼ਾਨਚੀ ਭਰਾ ਪ੍ਰਦੀਪ ਗੁਪਤਾ, ਸੀਨੀਅਰ ਯੋਗ ਅਧਿਆਪਕ ਭਰਾ ਅਨਿਲ ਕੱਕੜ, ਯੋਗ ਅਧਿਆਪਕ ਭਰਾ ਜਗਦੀਸ਼ ਸੇਖਵਾਲ, ਭਰਾ ਜਗਪਾਲ, ਪ੍ਰੇਮਸਾਗਰ ਵਰਮਾ, ਸੁਨੀਲ ਗੌਤਮ, ਸੁਰੇਸ਼ ਬਿਸ਼ਟ, ਅਸ਼ੋਕ ਵਰਮਾ, ਉਮੇਸ਼ ਸ਼ਰਮਾ ਸਮੇਤ ਪਤੰਜਲੀ ਪਰਿਵਾਰ ਦੇ ਅਨੇਕਾਂ ਅਹੁਦੇਦਾਰ, ਯੋਗ ਅਧਿਆਪਕ ਅਤੇ ਸਾਧਕ ਮੌਜੂਦ ਸਨ।



## ਵਿਦਿਆਰਥੀਆਂ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਦੀ ਸ਼ੁਰੂਆਤ

ਜਲੰਧਰ (ਸ਼ੈਲੀ ਐਲਬਰਟ)- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀਯੂ) ਨੇ ਦੇਸ਼ ਵਿਆਪੀ 100-ਦਿਨਾਂ ਦੀ ਵਿਕਸਿਤ ਭਾਰਤ ਸੰਕਲਪ ਅਭਿਆਨ ਲਈ ਨਸ਼ਾ ਮੁਕਤ ਯੁਵਾ-ਨਸ਼ਾ ਵਿਰੋਧੀ ਜਨ ਜੀ ਮੁਹਿੰਮ ਦੀ ਸ਼ੁਰੂਆਤ ਵਿੱਚ ਹਿੱਸਾ ਲਿਆ। 5,000 ਤੋਂ ਵੱਧ ਵਿਦਿਆਰਥੀਆਂ, ਐੱਨ ਐੱਸ ਐੱਸ ਵਲੰਟੀਅਰਾਂ ਅਤੇ ਫੈਕਲਟੀ ਮੈਂਬਰਾਂ ਨੇ ਹਿੱਸਾ ਲਿਆ, ਨਸ਼ਾ ਮੁਕਤ ਜੀਵਨ ਜਿਊਣ ਦੇ ਆਪਣੇ ਸੰਕਲਪ ਨੂੰ ਦੁਹਰਾਉਂਦੇ ਹੋਏ ਅਤੇ ਨਸ਼ਾ ਮੁਕਤ ਹੋਣ ਦਾ ਪ੍ਰਣ ਲਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਸ਼ੁਰੂ ਕੀਤੀ ਗਈ ਅਤੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੀ ਅਗਵਾਈ ਵਿੱਚ, ਇਸ ਮੁਹਿੰਮ ਵਿੱਚ ਦੇਸ਼ ਭਰ ਦੇ 28,000 ਤੋਂ ਵੱਧ ਸਥਾਨਾਂ ਤੋਂ ਭਾਗੀਦਾਰੀ ਦੇਖਣ ਨੂੰ ਮਿਲੀ। ਇਸ ਨੇਕ ਕਾਰਜ ਪ੍ਰਤੀ ਐੱਲਪੀਯੂ ਦੀ ਸ਼ਾਨਦਾਰ ਵਚਨਬੱਧਤਾ ਨੂੰ ਮਾਨਤਾ ਦਿੰਦੇ ਹੋਏ, ਯੂਨੀਵਰਸਿਟੀ ਨੂੰ ਦੇਸ਼ ਦੀਆਂ ਨੌਂ ਯੂਨੀਵਰਸਿਟੀਆਂ ਵਿੱਚੋਂ ਪ੍ਰਧਾਨ ਮੰਤਰੀ ਨਾਲ ਲਾਈਵ ਵਰਚੁਅਲ ਗੱਲਬਾਤ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ। ਨੌਜਵਾਨਾਂ ਨੂੰ ਸੰਬੋਧਨ ਕਰਦੇ ਹੋਏ, ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੇ ਨੌਜਵਾਨਾਂ ਨੂੰ 'ਵਿਕਸਤ ਭਾਰਤ 2047' ਵੱਲ ਦੇਸ਼ ਦੀ ਯਾਤਰਾ ਨੂੰ ਆਕਾਰ ਦੇਣ ਵਿੱਚ ਸਭ ਤੋਂ ਮਹੱਤਵਪੂਰਨ ਸ਼ਕਤੀ ਦੱਸਿਆ। ਪ੍ਰਧਾਨ ਮੰਤਰੀ ਨੇ ਚੇਤਾਵਨੀ ਦਿੱਤੀ ਕਿ ਨਸ਼ਾ ਨਾ ਸਿਰਫ਼ ਵਿਅਕਤੀਆਂ ਨੂੰ ਪ੍ਰਭਾਵਿਤ ਕਰਦਾ ਹੈ ਬਲਕਿ ਪਰਿਵਾਰਾਂ, ਕਰੀਅਰ ਅਤੇ ਸਮਾਜ ਨੂੰ ਵੀ ਤਬਾਹ ਕਰ ਦਿੰਦਾ ਹੈ। ਐੱਲ ਪੀ ਯੂ ਦੇ ਸੰਸਥਾਪਕ ਚਾਂਸਲਰ ਅਤੇ ਰਾਜ ਸਭਾ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ ਕਿ ਰਾਸ਼ਟਰ-ਨਿਰਮਾਣ ਜ਼ਿੰਮੇਵਾਰ ਨਾਗਰਿਕਾਂ ਨੂੰ ਤਿਆਰ ਕਰਨ ਨਾਲ ਸ਼ੁਰੂ ਹੁੰਦਾ ਹੈ, ਅਤੇ ਯੂਨੀਵਰਸਿਟੀਆਂ ਇਸ ਮਿਸ਼ਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।



## ਸਫਾਈ ਸੇਵਕਾਂ ਦੇ ਹੱਕ 'ਚ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਦੀ ਮੀਟਿੰਗ



ਬਲਾਚੌਰ (ਜਸਵਿੰਦਰ ਬੈਂਸ)- ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਬਲਾਚੌਰ ਦੇ ਸਫਾਈ ਸੇਵਕਾਂ ਦੀਆਂ ਜਾਇਜ਼ ਮੰਗਾਂ ਅਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਸਬੰਧੀ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸਫਾਈ ਸੇਵਕਾਂ ਦੀਆਂ ਸਮੱਸਿਆਵਾਂ 'ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਲਈ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿੱਤਾ ਗਿਆ। ਭਾਜਪਾ ਦੇ ਆਗੂਆਂ ਨੇ ਕਿਹਾ ਕਿ ਸਫਾਈ ਸੇਵਕ ਸਮਾਜ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦੀ ਸੇਵਾ ਨੂੰ ਕਦੇ ਵੀ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਮੀਟਿੰਗ ਵਿੱਚ ਭਾਜਪਾ ਦੇ ਸੀਨੀਅਰ ਆਗੂ ਵਿਜੇ ਭਾਟੀਆ, ਸੀਨੀਅਰ ਐਡਵੋਕੇਟ ਪੁਸ਼ਪ ਰਾਣਾ, ਪਰਮਜੀਤ ਖਾਲਸਾ, ਰਜਿੰਦਰ ਸੈਣੀ, ਗੁਲਨਾਮ ਕਸਾਣਾ, ਅਸ਼ੋਕ ਕੁਮਾਰ ਚੰਚੀ, ਨੰਦ ਕਿਸ਼ੋਰ, ਭੰਵ ਸਾਹਿਬ ਅਤੇ ਹੋਰ ਸੀਨੀਅਰ ਆਗੂਆਂ ਨੇ ਸ਼ਿਰਕਤ ਕੀਤੀ। ਮੀਟਿੰਗ ਦੇ ਅੰਤ ਵਿੱਚ ਭਾਜਪਾ ਆਗੂਆਂ ਨੇ ਦੁਹਰਾਇਆ ਕਿ ਪਾਰਟੀ ਸਫਾਈ ਸੇਵਕਾਂ ਦੇ ਸਨਮਾਨ, ਸੁਰੱਖਿਆ ਅਤੇ ਹੱਕਾਂ ਦੀ ਰੱਖਿਆ ਲਈ ਹਮੇਸ਼ਾ ਵਚਨਬੱਧ ਰਹੇਗੀ।

## ਤੀਆਂ ਦਾ ਤਿਉਹਾਰ ਮਨਾਇਆ

ਫਿਲੌਰ (ਨਿਰਮਲ)- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫਿਲੌਰ ਵਿਖੇ ਤੀਆਂ ਦਾ ਤਿਉਹਾਰ ਬੜੀ ਹੀ ਧੂਮ-ਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦੌਰਾਨ ਹਲਕਾ ਇੰਚਾਰਜ ਹਰਜੀਤ ਕੌਰ ਲੋਹਟੀਆ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਇਸ ਸਮਾਗਮ ਦਾ ਰੀਬਨ ਕੱਟ ਕੇ ਉਦਘਾਟਨ ਕੀਤਾ ਗਿਆ। ਇਸ ਤੀਆਂ ਦੇ ਤਿਉਹਾਰ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਅਤੇ ਅਮੀਰ ਵਿਰਸੇ ਦੀਆਂ ਝਲਕੀਆਂ ਪੇਸ਼ ਕਰਦਿਆਂ ਗਿੱਧਾ, ਬੋਲੀਆਂ ਅਤੇ ਪੰਜਾਬੀ ਲੋਕ-ਪਹਿਰਾਵੇ ਰਾਹੀਂ ਮਾਹੌਲ ਨੂੰ ਰੰਗਾ-ਰੰਗ ਬਣਾਇਆ। ਇਸ ਮੌਕੇ ਹਲਕਾ ਇੰਚਾਰਜ ਹਰਜੀਤ ਕੌਰ ਲੋਹਟੀਆ ਨੇ ਸੰਬੋਧਨ ਦੌਰਾਨ ਵਿਦਿਆਰਥਣਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨੂੰ ਸੰਭਾਲਣ ਲਈ ਬੱਚੇ ਜਰੂਰੀ ਹੈ ਕਿਉਂਕਿ ਅੱਜ ਦਾ ਨੌਜਵਾਨ ਵਰਗ ਪੱਛਮੀ ਪਹਿਰਾਵੇ ਨੂੰ ਪਹਿਲ ਦੇ ਰਿਹਾ ਹੈ। ਉਨ੍ਹਾ ਸਮਾਗਮ ਵਿੱਚ ਪੁੱਜੀਆਂ ਲੜਕੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਵਿਰਸੇ ਨਾਲ ਜੋੜਨ ਲਈ ਜ਼ਰੂਰ ਦੱਸਿਆ ਕਰੋ ਤਾਂ ਜੋ ਆਪਣੇ ਪੰਜਾਬੀ ਵਿਰਸੇ ਦੀ ਹੋਂਦ ਨੂੰ ਬਚਾਇਆ ਜਾ ਸਕੇ 'ਤੇ ਪੰਜਾਬ ਦਾ ਅਮੀਰ ਸੱਭਿਆਚਾਰ ਅਤੇ ਵਿਰਸਾ ਸਾਡੀ ਪਹਿਚਾਣ ਹੈ। ਇਸ ਸਮਾਗਮ ਦੌਰਾਨ ਵਿਦਿਆਰਥਣਾਂ ਨੇ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਸਜ-ਧਜ ਕੇ ਗਿੱਧਾ ਪਾਇਆ ਅਤੇ ਬੋਲੀਆਂ ਪਾ ਕੇ ਤੀਆਂ ਦੇ ਤਿਉਹਾਰ ਦੀ ਰੌਣਕ ਨੂੰ ਹੋਰ ਵਧਾਇਆ। ਸਕੂਲ ਦਾ ਸਮੁੱਚਾ ਮਾਹੌਲ ਪੰਜਾਬੀ ਸੱਭਿਆਚਾਰ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ ਇਹ ਪ੍ਰੋਗਰਾਮ ਯਾਦਗਾਰ ਛਾਪ ਛੱਡਦਾ ਹੋਇਆ ਸਮਾਪਤ ਹੋਇਆ।



## 'ਮੇਲਾ ਤੀਆਂ ਤੇ ਧੀਆਂ ਦਾ' 8 ਨੂੰ

ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)- ਸਾਉਣ ਮਹੀਨਾ ਮੇਲਾ ਤੀਆਂ ਅਤੇ ਧੀਆਂ ਦਾ ਜਾਗਰਤੀ ਮੰਚ ਵੱਲੋਂ ਜੋ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜਿਸਟਰਡ ਮਾਹਿਲਪੁਰ ਦੇ ਸਹਿਯੋਗ ਨਾਲ ਸਲਾਨਾ ਮੇਲਾ 'ਤੀਆਂ ਅਤੇ ਧੀਆਂ ਦਾ' 8 ਅਗਸਤ ਨੂੰ ਦੁਪਹਿਰ 1 ਤੋਂ 5 ਵਜੇ ਤੱਕ ਬੀ ਡੀ ਓ ਕਲੋਨੀ ਮਾਹਿਲਪੁਰ ਵਾਰਡ ਨੰਬਰ 11-12 ਵਿਖੇ ਉਤਸ਼ਾਹ ਪੂਰਵਕ ਢੰਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਚ ਦੀ ਪ੍ਰਧਾਨ ਸੁਰਿੰਦਰ ਕੌਰ ਐਮ ਸੀ, ਸ਼ਸ਼ੀ ਬੰਗੜ ਸੀਨੀਅਰ ਮੀਤ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ, ਨਿਰਮਲ ਕੌਰ ਬੈਂਸ, ਅਮਰਜੀਤ ਕੌਰ, ਸੁਮੀਤਾ ਅਤੇ ਗਗਨਦੀਪ ਕੌਰ ਸੰਧੂ ਨੇ ਸਾਂਝੇ ਤੌਰ ਤੇ ਦੱਸਿਆ ਕਿ ਇਸ ਮੌਕੇ ਔਰਤਾਂ ਅਤੇ ਬੱਚੀਆਂ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਸਮਾਗਮ ਦੇ ਮੁੱਖ ਮਹਿਮਾਨ ਜੋ ਕ੍ਰਿਸ਼ਨ ਸਿੰਘ ਰੌੜੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ, ਵਿਧਾਇਕ ਹਲਕਾ ਗੜ੍ਹਸ਼ੰਕਰ ਹੋਣਗੇ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤੇਗਾ। ਇਸ ਮੌਕੇ ਉਨ੍ਹਾਂ ਸਾਉਣ ਮੇਲਾ ਤੀਆਂ ਅਤੇ ਧੀਆਂ ਦਾ ਜਾਗਰਤੀ ਮੰਚ ਅਤੇ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜਿਸਟਰਡ ਮਾਹਿਲਪੁਰ ਦੇ ਸਮੂਹ ਮੈਂਬਰਾਂ ਤੇ ਸਮਰਥਕਾਂ ਅਤੇ ਪੰਜਾਬੀ ਸੱਭਿਆਚਾਰ ਨੂੰ ਪ੍ਰੇਮ ਕਰਨ ਵਾਲੇ ਹੋਰ ਭੈਣਾਂ ਭਰਾਵਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਪਰਮਜੀਤ ਕੌਰ ਮੁੱਗੋਵਾਲ, ਜਸਵਿੰਦਰ ਕੌਰ, ਹਰਜੀਤ ਕੌਰ ਤੇਜੀ, ਗੁਰਪਾਲ ਕੌਰ, ਕਮਲਦੀਪ ਕੌਰ, ਪੰਨਾ ਕੌਰ, ਰਾਜ ਕੁਮਾਰੀ, ਰੇਸ਼ਮਾ, ਸਤਵਿੰਦਰ ਕੌਰ, ਧਰਮ ਸਿੰਘ ਫੌਜੀ, ਨਿਰਮਲ ਸਿੰਘ ਮੁੱਗੋਵਾਲ ਆਦਿ ਹਾਜ਼ਰ ਸਨ। ਵਰਨਣ ਯੋਗ ਹੈ ਕਿ ਸਮਾਗਮ ਦੇ ਆਯੋਜਕਾਂ ਵੱਲੋਂ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਡਿਪਟੀ ਸਪੀਕਰ ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ ਨੂੰ ਸੱਦਾ ਪੱਤਰ ਦਿੱਤਾ ਗਿਆ।



## ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਨੌਜਵਾਨਾਂ ਨੂੰ ਅੱਗੇ ਆਉਣ ਦਾ ਸੱਦਾ

ਚੰਡੀਗੜ੍ਹ (ਗੁਰਜੀਤ ਬਿੱਲਾ)- ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਿਰੁੱਧ ਦੇਸ਼-ਵਿਆਪੀ ਮੁਹਿੰਮ ਨੂੰ ਹੋਰ ਮਜ਼ਬੂਤੀ ਦੇਣ ਦੇ ਉਦੇਸ਼ ਨਾਲ ਰਿਆਤ ਬਾਹਰਾ ਯੂਨੀਵਰਸਿਟੀ ਦੇ ਐਨਐੱਸਐੱਸ ਵਿਭਾਗ ਵੱਲੋਂ ਆਪਣੇ ਅਪਣਾਏ ਹੋਏ ਪਿੰਡਾਂ ਅਤੇ ਸਕੂਲਾਂ ਵਿੱਚ 'ਨਸ਼ਾ ਮੁਕਤ ਭਾਰਤ, ਵਿਕਸਿਤ ਭਾਰਤ ਦੀ ਹੈ ਪਹਿਚਾਣ' ਵਿਸ਼ੇ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਹ ਮੁਹਿੰਮ ਕੇਂਦਰੀ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੀ ਸਰਪ੍ਰਸਤੀ ਹੇਠ ਆਯੋਜਿਤ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰੋ. (ਮੇਜਰ) ਏ ਐੱਸ ਚਾਹਲ, ਡਾਇਰੈਕਟਰ ਐੱਨ ਸੀ ਸੀ/ਐੱਨ ਐੱਸ ਐੱਸ ਨੇ ਦੱਸਿਆ ਕਿ ਇਹ ਪ੍ਰੋਗਰਾਮ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ।





ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਿੰਡ ਫਰਾਲਾ ਤੋਂ ਸਰਪੰਚ ਗੁਰਜਿੰਦਰ ਕੌਰ ਮਾਨ ਦੀ ਅਗਵਾਈ ਹੇਠ ਅੰਮ੍ਰਿਤਸਰ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ ਕੀਤੀ। (ਫੋਟੋ ਅਤੇ ਵੇਰਵਾ : ਅਵਤਾਰ ਕਲੇਰ ਬੰਗਾ)

## ਜਰਨਲਿਸਟ ਪ੍ਰੈੱਸ ਕਲੱਬ ਰਜਿਸਟਰਡ ਪੰਜਾਬ ਦੇ ਅਹੁਦੇਦਾਰਾਂ ਦੀ ਚੋਣ

ਕਪੂਰਥਲਾ (ਮਨਜੀਤ ਮਾਨ)- ਜਰਨਲਿਸਟ ਪ੍ਰੈੱਸ ਕਲੱਬ ਰਜਿਸਟਰਡ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ ਦੀ ਅਗਵਾਈ ਵਿੱਚ ਕਪੂਰਥਲਾ ਜ਼ਿਲ੍ਹੇ ਦੀ ਮੁੜ ਚੋਣ ਨੂੰ ਲੈ ਕੇ ਬਸੰਤ ਹੋਟਲ ਵਿੱਚ ਇੱਕ ਬੈਠਕ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ, ਸੂਬਾ ਕੋਆਰਡੀਨੇਟਰ ਹਰਜਿੰਦਰ ਸਿੰਘ, ਸੂਬਾ ਮੁੱਖ ਬੁਲਾਰਾ ਰਾਮ ਸਿੰਘ ਗੰਟੀ, ਸੂਬਾ ਆਗੂ ਮਨਜੀਤ ਸਿੰਘ ਮਰਵਾਹਾ, ਜਲੰਧਰ ਯੂਨਿਟ ਦੇ ਪ੍ਰਧਾਨ ਰਜੇਸ਼ ਕਾਲੀਆ, ਜਲੰਧਰ ਮਹਿਲਾ ਵਿੰਗ ਦੀ ਪ੍ਰਧਾਨ ਮੈਡਮ ਅਮਰਪ੍ਰੀਤ ਕੌਰ, ਜਲੰਧਰ ਚੇਅਰਮੈਨ ਦੇਵਰਾਜ ਸ਼ਰਮਾ, ਮੀਤ ਪ੍ਰਧਾਨ ਗੁਰਦੀਪ ਸਿੰਘ ਹੀਰਾ, ਮੀਤ ਪ੍ਰਧਾਨ ਮਿੰਟੂ ਬੁਘ, ਮੀਤ ਪ੍ਰਧਾਨ ਕਿਰਨ ਮਹਿਤਾ, ਸੀਨੀਅਰ ਆਗੂ ਵਿਕਾਸ ਨਿਤਰ ਤਿਵਾੜੀ, ਜਲੰਧਰ ਲੀਗਲ ਐਡਵਾਈਜ਼ਰ ਅਰੁਣ ਕਾਲੀਆ, ਜ਼ਿਲਾ ਚਿਰਾਗ (ਵਿਸ਼ੂ) ਵਿਸ਼ੇਸ਼ ਤੌਰ ਤੇ ਹਾਜ਼ਿਰ ਹੋਏ ਅਤੇ ਇਸ ਤੋਂ ਇਲਾਵਾ ਮੁਲਕ ਸ਼ੁਭੇ ਭਰ ਤੋਂ ਆਏ ਪੱਤਰਕਾਰ ਸਾਥੀਆਂ ਨੇ ਹਿੱਸਾ ਲਿਆ। ਬੈਠਕ ਦਾ ਆਗਾਜ਼ ਸੱਭਿਆਚਾਰਕ ਵਿੰਗ ਦੇ ਇੰਚਾਰਜ ਪ੍ਰਸਿੱਧ ਗਾਇਕ ਦਿਲਖੁਸ਼ ਥਿੰਦ ਅਤੇ ਸੂਬਾ ਪ੍ਰਧਾਨ ਮਨਜੀਤ ਮਾਨ ਨੂੰ ਸੰਬੋਧਨ ਕਰਦੇ ਇੱਕ ਸ਼ੇਅਰ ਨਾਲ ਹਨ੍ਹੇਰੀਆਂ ਲਿਆ ਚਲੂ ਕਿੱਲੋ ਨੇਰ੍ਹੀਆ ਵਰਗੇ ਆਪਣੇ ਸੁਪਰਹਿੱਟ ਗੀਤ ਗਾ ਕੇ ਕੀਤਾ। ਐਡਵੋਕੇਟ ਚੰਦਨਪੁਰੀ ਨੂੰ ਸੂਬੇ ਭਰ ਤੋਂ ਆਏ ਪੱਤਰਕਾਰਾਂ ਦੀ ਸਰਵਸੰਮਤੀ ਨਾਲ ਜ਼ਿਲ੍ਹਾ ਕਪੂਰਥਲਾ ਦਾ ਪ੍ਰਧਾਨ ਤੇ, ਕੁਲਦੀਪ ਸਿੰਘ ਧਾਮੀ ਨੂੰ ਕਪੂਰਥਲਾ ਇਕਾਈ ਦਾ ਪ੍ਰਧਾਨ, ਪਲਵਿੰਦਰ ਸਿੰਘ ਜੇ ਰਾਮਪੁਰ ਨੂੰ ਚੇਅਰਮੈਨ, ਗੋਬਿੰਦ ਸੁਖੀਜਾ ਨੂੰ ਢਿਲਵਾਂ ਬਲਾਕ ਦਾ ਪ੍ਰਧਾਨ, ਜਗਜੀਤ ਸਿੰਘ ਨੂੰ ਢਿਲਵਾਂ ਬਲਾਕ ਦਾ ਮੀਤ ਪ੍ਰਧਾਨ, ਹਰਜਿੰਦਰ ਸਿੰਘ ਕੰਡੀਨੇਟਰ, ਦਵਿੰਦਰ ਸਿੰਘ ਪੱਤੜ ਸਰਪ੍ਰਸਤ ਚੇਅਰਮੈਨ, ਦਿਲਦਾਰ ਸਹੋਤਾ ਕੋਆਰਡੀਨੇਟਰ, ਸੁਰਿੰਦਰ ਸੱਭਰਵਾਲ ਜਰਨਲ ਪ੍ਰਧਾਨ, ਬਲਵਿੰਦਰ ਬੱਬੂ ਨੂੰ ਸੀਨੀਅਰ ਵਾਈਸ ਪ੍ਰਧਾਨ, ਸਰਦਾਰ ਮਾਨ ਸਿੰਘ ਧੰਮ ਨੂੰ ਸੂਬਾ ਚੀਫ ਪੈਟਰਨ, ਸੀਨੀਅਰ ਐਡਵੋਕੇਟ ਚੰਦਰ ਸ਼ੇਖਰ ਨੂੰ ਸੂਬਾ ਲੀਗਲ ਐਡਵਾਈਜ਼ਰ, ਐਡਵੋਕੇਟ ਮਨਦੀਪ ਸਿੰਘ ਕਪੂਰਥਲਾ, ਐਡਵੋਕੇਟ ਮੈਡਮ ਕੁਲਵਿੰਦਰ ਕੌਰ ਪੰਨੂ ਨੂੰ ਜ਼ਿਲ੍ਹਾ ਕਪੂਰਥਲਾ ਦਾ ਲੀਗਲ ਐਡਵਾਈਜ਼ਰ, ਅੰਮ੍ਰਿਤ ਪਾਲ ਸਿੰਘ ਬਾਜਵਾ ਨੂੰ ਕਸਬਾ ਟਿੱਬਾ ਦਾ ਪ੍ਰਧਾਨ, ਅਤੇ ਹਰਪ੍ਰੀਤ ਸਿੰਘ ਘੋੜਤਾ ਨਡਾਲਾ ਇਕਾਈ ਦਾ ਇੰਚਾਰਜ ਨਿਯੁਕਤ ਕੀਤਾ ਗਿਆ। ਬੈਠਕ ਨੂੰ ਸੰਬੋਧਿਤ ਕਰਦੇ ਹੋਏ ਸੂਬਾ ਪ੍ਰਧਾਨ ਮਨਜੀਤ ਮਾਨ ਨੇ ਕਿਹਾ ਕਿ ਕੁਝ ਕਾਰਨਾਂ ਕਰਕੇ ਕਪੂਰਥਲਾ ਯੂਨਿਟ ਨੂੰ ਭੰਗ ਕੀਤਾ ਗਿਆ ਸੀ ਜਿਸ ਤੋਂ ਬਾਅਦ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਹੈ।



## 'ਕੌਮਾਂਤਰੀ ਚਰਚਾ' ਮੈਗਜ਼ੀਨ ਦਾ ਤੀਜਾ ਅੰਕ ਲੋਕ ਅਰਪਣ

ਚੰਡੀਗੜ੍ਹ (ਸੁਰਜੀਤ ਸੁਮਨ)- ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਵੱਲੋਂ ਚੰਡੀਗੜ੍ਹ ਵਿਖੇ ਹੋਈ ਪੰਜਾਬ ਪੱਧਰੀ ਬੈਠਕ ਵਿਚ 'ਕੌਮਾਂਤਰੀ ਚਰਚਾ' ਮੈਗਜ਼ੀਨ ਦਾ ਤੀਜਾ ਅੰਕ ਲੋਕ ਅਰਪਣ ਕੀਤਾ। ਸਮਾਗਮ ਦੀ ਪ੍ਰਧਾਨਗੀ ਸੰਸਥਾ ਦੇ ਪ੍ਰਧਾਨ ਸੁਰਜੀਤ ਜੱਜ ਨੇ ਕੀਤੀ ਅਤੇ ਮੈਗਜ਼ੀਨ ਅਰਪਣ ਕਰਨ ਦੀ ਰਸਮ ਬਜ਼ੁਰਗ ਸਾਹਿਤਕਾਰ ਗੁਰਨਾਮ ਕੰਵਰ, ਸਿਰਸਾ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿਰਸਾ, ਸੂਬਾਈ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ, ਕੌਮੀ ਕਾਰਜਕਾਰਨੀ ਮੈਂਬਰ ਡਾ. ਸਰਬਜੀਤ ਸਿੰਘ, ਸੂਬਾਈ ਆਗੂ ਰਮੇਸ਼ ਯਾਦਵ, ਪ੍ਰੋ. ਬਲਦੇਵ ਬੱਲੀ, ਡਾ. ਅਰਵਿੰਦਰ ਕੌਰ ਕਾਕੜਾ ਅਤੇ ਵੱਖ ਵੱਖ ਇਕਾਈਆਂ ਦੇ ਪ੍ਰਧਾਨ ਅਤੇ ਸਕੱਤਰ ਡਾ. ਗੁਰਮੇਲ ਸਿੰਘ (ਚੰਡੀਗੜ੍ਹ) ਡਾ. ਸੰਤੋਖ ਸੁੱਖੀ ਤੇ ਬਲਵਿੰਦਰ ਭੱਟੀ (ਪਟਿਆਲਾ), ਭੁਪਿੰਦਰ ਸੰਧੂ ਤੇ ਧਰਵਿੰਦਰ ਔਲਖ (ਅੰਮ੍ਰਿਤਸਰ), ਨਵਤੇਜ ਗੜ੍ਹਦੀਵਾਲਾ (ਹੁਸ਼ਿਆਰਪੁਰ), ਤਰਸੇਮ ਸ਼ੇਰਗਿੱਲ (ਨਵਾਂ ਸ਼ਹਿਰ), ਹਰਨਾਮ ਸਿੰਘ ਡੱਲਾ, ਸੁਰਜੀਤ ਸੁਮਨ, ਜੋ ਪਾਲ ਅਤੇ ਭੁਪਿੰਦਰ ਬੇਕਸ (ਮੁਹਾਲੀ) ਨੇ ਨਿਭਾਈ। ਇਸ ਮੌਕੇ ਬੋਲਦਿਆਂ ਡਾ. ਸੁਖਦੇਵ ਸਿਰਸਾ ਨੇ ਕਿਹਾ ਕਿ 'ਕੌਮਾਂਤਰੀ ਚਰਚਾ' ਨੇ ਆਪਣੇ ਨਾਂ ਨੂੰ ਸਕਾਰਥ ਕਰਦਿਆਂ ਵਿਸ਼ਵ ਪੱਧਰ ਦੇ ਚਿੰਤਨੀ ਸਰੋਕਾਰਾਂ ਉੱਪਰ ਸੰਵਾਦ ਰਚਾਇਆ ਹੈ। ਉਹਨਾਂ ਕਿਹਾ ਕਿ ਅੱਜ ਦੇ ਸੰਸਾਰ ਦੇ ਪੇਚੀਦਾ ਮਸਲਿਆਂ ਨੂੰ ਸਮਝਣ ਲਈ ਪੰਜਾਬੀਆਂ ਨੂੰ ਚਿੰਤਨ ਦੀ ਪੱਧਰ 'ਤੇ ਸੰਵਾਦ ਕਰਨਾ ਬਹੁਤ ਅਹਿਮ ਹੈ। ਪ੍ਰਧਾਨਗੀ ਟਿੱਪਣੀ ਵਿਚ ਸੁਰਜੀਤ ਜੱਜ ਨੇ ਕਿਹਾ ਕਿ ਵਰਤਮਾਨ ਸਮਾਂ ਬਹੁਤ ਚੁਣੌਤੀਆਂ ਭਰਪੂਰ ਹੈ। ਅਜਿਹੇ ਮਾਹੌਲ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬੀ ਲੇਖਕਾਂ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਨੂੰ ਸਮਝਦਿਆਂ ਚੇਤੰਨ ਕਰਨ ਲਈ ਯਤਨ ਕਰ ਰਿਹਾ ਹੈ। ਇਸ ਮੌਕੇ ਅੰਮ੍ਰਿਤਸਰ ਇਕਾਈ ਦੇ ਪ੍ਰਧਾਨ ਭੁਪਿੰਦਰ ਸੰਧੂ ਦੁਆਰਾ ਰਚਿਤ ਪੁਸਤਕ 'ਅਜਨਾਲਾ ਦੇ ਕਾਲਿਆਂ ਵਾਲੇ ਖੂਹ ਦੀ ਲਹੂ ਭਿੱਜੀ ਦਾਸਤਾਨ' ਦਾ ਵਿਮੋਚਨ ਵੀ ਕੀਤਾ ਗਿਆ।



## ਗੁਰੂ ਪੁੰਨਿਆ ਮੇਲਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਕਪੂਰਥਲਾ (ਮਨਜੀਤ ਮਾਨ)- ਸੰਨਿਆਸ ਆਸ਼ਰਮ ਕਾਹਲਵਾਂ (ਕਪੂਰਥਲਾ) ਵਿਖੇ ਸ੍ਰੀ-ਸ੍ਰੀ 1008 ਸਵਾਮੀ ਪ੍ਰਕਾਸ਼ ਆਨੰਦ ਮਹਾਰਾਜ ਦਾ 116ਵਾਂ ਗੁਰੂ ਪੁੰਨਿਆ ਦਾ ਸਾਲਾਨਾ ਮੇਲਾ ਗੱਦੀ ਨਸ਼ੀਨ ਸਵਾਮੀ ਪੂਰਨ ਨੰਦ ਮਹਾਂ ਮੰਡਲੇਸ਼ਵਰ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੇਲੇ ਵਿਚ ਲੋਕ ਗਾਇਕ ਚਰਨਜੀਤ ਚੰਨੀ, ਸੋਨੂ ਸੁਰਜੀਤ, ਲੋਕ ਗਾਇਕ ਬਲਵਿੰਦਰ ਬੱਟੀ, ਸੂਰਜ ਹੁਸੈਨਪੁਰੀ, ਬਾਜ ਸਿੰਘ ਬਾਜ਼-ਸੁਖਵਿੰਦਰ ਸੁੱਖੀ, ਵਿਜੇ ਭਾਟੀਆ ਕੰਵਲ ਅਤੇ ਨੱਕਾਲ ਪਾਰਟੀ ਨਵਾਂਸ਼ਹਿਰ ਵਾਲੇ, ਸੁਰੇਸ਼ ਯਮਲਾ, ਦੇਵ ਜਗੋਤਾ ਆਦਿ ਵੱਲੋਂ ਧਾਰਮਿਕ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰ ਕੇ ਵੱਡੀ ਗਿਣਤੀ ਵਿਚ ਹਾਜ਼ਰ ਸਰੋਤਿਆਂ ਨੂੰ ਕਰਿਹ ਦੀ ਗਰਮੀ ਬੈਠਣ ਲਈ ਮਜਬੂਰ ਕੀਤਾ। ਇਸ ਤੋਂ ਪਹਿਲਾਂ ਸਵਾਮੀ ਪ੍ਰਕਾਸ਼ ਨੰਦ ਸਰਸਵਤੀ ਦੀ ਬਰਸੀ ਨੂੰ ਸਮਰਪਿਤ ਸ੍ਰੀ ਰਮਾਇਣ ਦੇ ਪਾਠ ਦੇ ਭੋਗ ਪਾਏ ਗਏ ਅਤੇ ਗੱਦੀ ਨਸ਼ੀਨ ਸੁਆਮੀ ਪੂਰਨਾ ਨੰਦ ਸਰਸਵਤੀ ਅਤੇ ਸਵਾਮੀ ਪ੍ਰਦੀਪਾ ਨੰਦ ਸਰਸਵਤੀ ਵਲੋਂ ਹਵਨ ਯੱਗ ਕੀਤਾ ਗਿਆ ਅਤੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕਰਨ ਉਪਰੰਤ ਬਾਅਦ ਸਵਾਮੀ ਪ੍ਰਕਾਸ਼ ਨੰਦ ਕੀਰਤਨ ਮੰਡਲੀ ਕਾਹਲਵਾਂ ਵੱਲੋਂ ਵੱਖ-ਵੱਖ ਸ਼ਬਦਾਂ ਰਾਹੀਂ ਗੁਰੂ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ ਅਤੇ ਮੇਲੇ ਵਿਚ ਆਏ ਸੰਤ ਮਹਾਂਪੁਰਸ਼ਾਂ ਨੂੰ ਭੰਡਾਰਾ ਛਕਾਇਆ ਗਿਆ। ਮੇਲਾ ਪ੍ਰਬੰਧਕ ਕਮੇਟੀ ਸਵਾਮੀ ਪ੍ਰਕਾਸ਼ ਨੰਦ ਮਹਾਰਾਜ ਜਨ ਸੇਵਾ ਸੰਮਤੀ ਕਾਹਲਵਾਂ ਦੇ ਪ੍ਰਧਾਨ ਨੰਬਰਦਾਰ ਲਾਭ ਚੰਦ ਥਿਗਲੀ ਅਤੇ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਰਾਏ ਭੌਰਾ, ਕੈਸ਼ੀਅਰ ਸਰਪੰਚ ਬਲਵਿੰਦਰ ਸਿੰਘ ਕਾਹਲਵਾਂ, ਸਮਾਜਸੇਵੀ ਸਤਨਾਮ ਸਿੰਘ ਸੋਢੀ ਖੇੜਾ, ਜਨਰਲ ਸਕੱਤਰ ਨੰਬਰਦਾਰ ਨਿਰਮਲ ਸਿੰਘ ਕਾਹਲਵਾਂ, ਫਕੀਰ ਸਿੰਘ ਚਾਹਲ, ਭਾਜਪਾ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਖੋਜੇਵਾਲ, ਜਗਤਾਰ ਸਿੰਘ ਲਾਡੀ, ਡਾਕਟਰ ਕੁਲਦੀਪ ਰਾਏ ਸ਼ਰਮਾ ਤੇ ਡਾਕਟਰ ਪ੍ਰੇਮ ਲਾਲ ਸਿਧਵਾਂ ਦੋਨਾ, ਲੱਖੀ ਗਿੱਲਰੀ, ਸਰਬਜੀਤ ਕਾਹਲਵਾਂ, ਸਤਨਾਮ ਕਾਹਲਵਾਂ, ਭਜਨ ਰਾਮ ਬਿਗਲੀ, ਪੰਡਿਤ ਪ੍ਰਦੀਪ ਕੁਮਾਰ ਖੀਵਾ, ਬਿਜ ਲਾਲ ਖੀਵਾ, ਸੇਵਾ ਸਿੰਘ ਬਡਿਆਲ, ਤੇਜਾ ਲਾਡੀ ਕਾਹਲਵਾਂ, ਅਸ਼ੋਕ ਕੁਮਾਰ ਸ਼ਰਮਾ ਉੱਗੀ, ਕੁਲਦੀਪ ਸਿੰਘ ਬਲੋਗੰਦ ਅਤੇ ਅਸ਼ੋਕ ਕੁਮਾਰ ਸ਼ਰਮਾ ਉੱਗੀ ਵਲੋਂ ਸਾਂਝੇ ਤੌਰ ਤੇ ਇਸ ਮੇਲੇ ਵਿਚ ਆਈਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੇਵਾਦਾਰਾਂ ਨੂੰ ਸਿਰੋਪਾਓ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮਨਜੀਤ ਸਿੰਘ ਮਾਨ ਕਾਲਾ ਸੰਘਿਆਂ, ਠੇਕੇਦਾਰ ਵਿਜੇ ਕੁਮਾਰ, ਸ਼ਾਮ ਕੁਮਾਰ ਕਾਲਾ ਸੰਘਿਆਂ, ਸਰਬਜੀਤ ਸਿੰਘ, ਸੁਰਿੰਦਰ ਕੁਮਾਰ ਖੀਵਾ, ਪ੍ਰਧਾਨ ਬਿੰਦਾ ਗਿੱਲ, ਗਿਆਨ ਚੰਦ ਭੱਟੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



## ਡਿਪਟੀ ਕਮਿਸ਼ਨਰ ਨੇ ਆਜ਼ਾਦੀ ਦਿਵਸ ਸਮਾਰੋਹ ਦੇ ਅਗੇਤੇ ਪ੍ਰਬੰਧਾਂ ਦੀ ਕੀਤੀ ਸਮੀਖਿਆ

ਬਲਾਚੌਰ (ਜਸਵਿੰਦਰ ਬੈਂਸ)- ਆਈ ਟੀ ਆਈ ਨਵਾਂਸ਼ਹਿਰ ਦੀ ਗਰਾਊਂਡ ਵਿਖੇ 15 ਅਗਸਤ ਨੂੰ ਸੁਤੰਤਰਤਾ ਦਿਵਸ ਸਬੰਧੀ ਜ਼ਿਲ੍ਹਾ ਪੱਧਰੀ ਸਮਾਰੋਹ ਉਤਸ਼ਾਹ, ਧੂਮਧਾਮ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਜਾਵੇਗਾ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਜ਼ਿਲ੍ਹਾ ਪੱਧਰੀ ਤੇ ਸੁਤੰਤਰਤਾ ਦਿਵਸ ਸਮਾਰੋਹ ਦੇ ਅਗੇਤੇ ਪ੍ਰਬੰਧਾਂ ਸਬੰਧੀ ਆਯੋਜਿਤ ਮੀਟਿੰਗ ਨੂੰ ਸੰਬੋਧਤ ਕਰਦਿਆਂ ਕੀਤਾ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ, ਐੱਸ ਡੀ ਐੱਮ ਨਵਾਂਸ਼ਹਿਰ ਅਨਮਜੋਤ ਕੌਰ, ਸਹਾਇਕ ਕਮਿਸ਼ਨਰ ਜਨਰਲ ਰਮਨਜੋਤ, ਅਤੇ ਈ ਏ ਸੰਦਰਵਾਲ ਸਮੇਤ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਮੀਟਿੰਗ ਦੌਰਾਨ ਦੱਸਿਆ ਕਿ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਰੋਹ 'ਤੇ ਮੁੱਖ ਮਹਿਮਾਨ ਵਲੋਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਆਦਿ ਕੀਤੀ ਜਾਵੇਗੀ ਅਤੇ ਮਾਰਚ ਪਾਸਟ ਦੀ ਟੁਕੜੀ ਤੋਂ ਸਲਾਮੀ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਮਾਰਚ ਪਾਸਟ ਵਿੱਚ ਪੰਜਾਬ ਪੁਲਿਸ, ਐਨ.ਸੀ.ਸੀ ਤੇ ਵੱਖ-ਵੱਖ ਸਕੂਲਾਂ ਦੀਆਂ ਟੁਕੜੀਆਂ ਸ਼ਾਮਲ ਹੋਣਗੀਆਂ। ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹਦਾਇਤ ਕੀਤੀ ਕਿ 15 ਅਗਸਤ ਮੌਕੇ ਆਯੋਜਿਤ ਹੋਣ ਵਾਲਾ ਸੱਭਿਆਚਾਰਕ ਪ੍ਰੋਗਰਾਮ ਦੇਸ਼ ਭਗਤੀ ਦੇ ਜਜ਼ਬੇ 'ਤੇ ਆਧਾਰਿਤ ਹੋਵੇ ਜੋ ਦੇਸ਼ ਅਤੇ ਸੂਬੇ ਦੀ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਣ ਵਾਲਾ ਹੋਣਾ ਚਾਹੀਦਾ ਹੈ।



# ਮੈਡੀਕਲ ਤੇ ਖ਼ੂਨਦਾਨ ਕੈਂਪ ਲਗਾਇਆ

ਸ਼ਾਹਕੋਟ (ਗਿਆਨ ਸੈਦਪੁਰੀ)- ਐਤਵਾਰ ਨੂੰ ਭਾਈ ਘਨ੍ਹੱਈਆ ਜੀ ਵੈਲਫੇਅਰ ਕਲੱਬ ਅਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਵੱਲੋਂ ਪੀਜੀਐਸ ਹਸਪਤਾਲ ਦੇ ਸਹਿਯੋਗ ਨਾਲ ਸਰਕਾਰੀ ਪ੍ਰਾਇਮਰੀ ਸਕੂਲ, ਕਸਬਾ ਮਲਸੀਆਂ (ਪੱਤੀ ਲਕਸੀਆਂ) ਵਿਖੇ ਮੁਫ਼ਤ ਮੈਡੀਕਲ ਜਾਂਚ ਕੈਂਪ ਅਤੇ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ 150 ਤੋਂ ਵੱਧ ਲੋਕਾਂ ਨੇ ਆਪਣਾ ਮੁਫ਼ਤ ਸਿਹਤ ਚੈਕਅੱਪ ਕਰਵਾਇਆ ਅਤੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਇਸ ਦੇ ਨਾਲ ਹੀ 40 ਤੋਂ ਵੱਧ ਯੂਨਿਟ ਖ਼ੂਨਦਾਨ ਕੀਤਾ ਗਿਆ। ਕੈਂਪ ਵਿੱਚ ਪਹੁੰਚਣ ਵਾਲੇ ਲੋਕਾਂ ਲਈ ਨੌਜਵਾਨਾਂ ਵੱਲੋਂ ਵਿਸ਼ੇਸ਼ ਤੌਰ 'ਤੇ ਲੰਗਰ, ਫਲਾਂ ਅਤੇ ਠੰਢੇ ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ। ਕੈਂਪ ਦੀ ਸ਼ੁਰੂਆਤ ਕਾਮਰੇਡ ਨਿਰਮਲ ਸਿੰਘ ਮਲਸੀਆਂ ਸਰਪੰਚ ਨੇ ਖ਼ੂਨਦਾਨ ਕਰਕੇ ਕੀਤੀ। ਇਸ ਮੌਕੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਧਰਮਿੰਦਰ ਮੁਕੇਰੀਆਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਾਲ ਜੋੜਨ ਲਈ ਵੱਧ ਤੋਂ ਵੱਧ ਨੌਜਵਾਨਾਂ ਨੂੰ ਸਭਾ ਨਾਲ ਜੋੜਿਆ ਜਾਵੇ ਤਾਂ ਜੋ ਪਿੰਡ-ਪਿੰਡ ਨੌਜਵਾਨਾਂ ਦੇ ਹੱਕਾਂ ਲਈ ਜਾਗਰੂਕਤਾ ਪੈਦਾ ਕੀਤੀ ਜਾ ਸਕੇ ਅਤੇ ਨੌਜਵਾਨ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾ ਸਕਣ। ਇਸ ਮੌਕੇ ਸਰਪੰਚ ਕਾਮਰੇਡ ਨਿਰਮਲ ਸਿੰਘ ਮਲਸੀਆਂ (ਜ਼ਿਲ੍ਹਾ ਪ੍ਰਧਾਨ, ਦਿਹਾਤੀ ਮਜ਼ਦੂਰ ਸਭਾ) ਅਤੇ ਧਰਮਿੰਦਰ ਮੁਕੇਰੀਆਂ ਨੇ ਕੈਂਪ ਨੂੰ ਸਫ਼ਲ ਬਣਾਉਣ ਵਾਲੇ ਨੌਜਵਾਨਾਂ ਨੂੰ ਸਿਰੋਪਾਓ ਅਤੇ ਯਾਦਗਾਰੀ ਟਰਾਫੀਆਂ ਭੇਟ ਕਰਕੇ ਸਨਮਾਨਤ ਕੀਤਾ। ਉਨ੍ਹਾਂ ਨੇ ਨੌਜਵਾਨਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਜਥੇਬੰਦ ਹੋ ਕੇ ਸਮਾਜਿਕ ਅਤੇ ਲੋਕ ਹਿੱਤਾਂ ਦੇ ਸੰਘਰਸ਼ਾਂ ਵਿੱਚ ਅੱਗੇ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਪ੍ਰਿੰਸ ਤਹਿਸੀਲ ਪ੍ਰਧਾਨ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਨੇ ਕਿਹਾ ਕਿ ਪੰਜਾਬ ਵਿੱਚ ਨਸ਼ੇ ਅਤੇ ਬੇਰੁਜ਼ਗਾਰੀ ਦੇ ਖ਼ਾਤਮੇ ਲਈ ਸਭਾ ਵੱਲੋਂ ਲਗਾਤਾਰ ਅਜਿਹੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਾ ਤਾਂ ਨਸ਼ਿਆਂ ਨੂੰ ਖ਼ਤਮ ਕਰ ਸਕੀ ਹੈ ਅਤੇ ਨਾ ਹੀ ਬੇਰੁਜ਼ਗਾਰੀ ਨੂੰ, ਇਸ ਲਈ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਨਾਲ ਜੁੜ ਕੇ ਆਪਣੇ ਹੱਕਾਂ ਲਈ ਸੰਘਰਸ਼ ਦੇ ਰਾਹ 'ਤੇ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਕਾਮਰੇਡ ਨਿਰਮਲ ਸਿੰਘ ਮਲਸੀਆਂ ਨੇ ਪੰਜਾਬ ਦੀਆਂ ਖੱਬੇ ਪੱਖੀ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ 5 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਕੀਤੀ ਜਾ ਰਹੀ ਸੂਬਾਈ ਰੈਲੀ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ 5 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਇਸ ਰੈਲੀ ਨੂੰ ਕਾਮਯਾਬ ਬਣਾਇਆ ਜਾਵੇ। ਇਸ ਮੌਕੇ ਪੀਜੀਐਸ ਹਸਪਤਾਲ ਦੀ ਟੀਮ ਵੱਲੋਂ ਟੀਮ ਹੈੱਡ ਮਿਸਟਰ ਰਚਿਤ ਬਜਾਜ, ਡਾ. ਅਨਦੀਪ, ਡਾ. ਤਰਨਪ੍ਰੀਤ ਕੌਰ, ਡਾ. ਸ਼ਸ਼ੀ ਅਤੇ ਬਲੱਡ ਬੈਂਕ ਦੀ ਟੀਮ ਨੇ ਆਪਣੀਆਂ ਸੇਵਾਵਾਂ ਨਿਭਾਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੰਗਤੇਸ਼ ਸਿੰਘ ਚੱਕੀ ਇੰਚਾਰਜ ਮਲਸੀਆਂ, ਸਾਬਕਾ ਪੰਚ ਜਸਵੀਰ ਸਿੰਘ, ਪੰਚ ਮਨਿੰਦਰ ਕੌਰ, ਪੰਚ ਰੀਨਾ, ਸੁਖਦੇਵ ਸਿੰਘ, ਪ੍ਰਿੰਸ ਸਹੋਤਾ, ਗੁਰਪ੍ਰੀਤ ਸਿੰਘ, ਰਵੀ ਕੁਮਾਰ ਖੇਖਰ, ਵਿਕਰਮ ਸਿੰਘ ਮੰਡਾਲਾ, ਰਮਨ ਕੁਮਾਰ (ਸਾਬਕਾ ਪੰਚ), ਜਗੀਰ ਸਿੰਘ ਕੋਟਲੀ ਗਾਜਰਾ, ਤਾਰਾ ਸਿੰਘ ਧਮੁਵਾਲ, ਪਰਮਿੰਦਰ ਸਿੰਘ, ਮਹਿੰਦਰ ਸਿੰਘ, ਅਮਨਦੀਪ ਕੌਰ, ਗੁਰਜੀਤ ਕੌਰ, ਮਨਦੀਪ ਕੌਰ, ਰਿਖਵ ਤੇਜੀ, ਰਾਕੇਸ਼ ਕੁਮਾਰ ਮਲਸੀਆਂ (ਸੀ ਆਈ ਡੀ ਇੰਸਪੈਕਟਰ ਫਿਰੋਜ਼ਪੁਰ), ਵਿਜੇ ਤੇਜੀ, ਕਰਨ, ਕੁਲਦੀਪ ਸਿੰਘ, ਬੱਬੀ, ਜਗਜੀਤ ਸਿੰਘ ਜੱਗੀ, ਐਲੀ, ਅਜੇ ਕੁਮਾਰ, ਰਾਜ ਕੁਮਾਰ ਖੇਖਰ, ਸਤਵੀਰ, ਰਿਟਾਇਰਡ ਸਰੰਗਵਾਲ, ਅਮਨਦੀਪ ਸਿੰਘ ਸ਼ਾਹਕੋਟ, ਤਨਵੀਰ ਭੁੱਲਰ ਆਦਿ ਹਾਜ਼ਰ ਸਨ।



## ਚੇਅਰਮੈਨ ਦਾ ਗੜ੍ਹਾ ਪਹੁੰਚਣ ਤੇ ਭਰਵਾਂ ਸਵਾਗਤ



ਫਿਲੌਰ (ਨਿਰਮਲ)- ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦਾ ਪਿੰਡ ਗੜ੍ਹਾ ਪਹੁੰਚਣ ਤੇ ਪ੍ਰਮੁੱਖ ਸ਼ਖ਼ਸੀਅਤਾਂ ਵਲੋਂ ਉਨ੍ਹਾਂ ਦਾ ਗੁਰਦੁਆਰਾ ਦੇ ਕੇ ਭਰਵਾਂ ਸਵਾਗਤ ਕੀਤਾ ਤੇ ਜੀ ਆਇਆਂ ਕਿਹਾ। ਇਸ ਮੌਕੇ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸੂਬੇ ਨੂੰ ਵਿਕਾਸ ਦੀਆਂ ਲੀਹਾਂ ਤੇ ਲਿਆਉਣ ਲਈ ਚਾਰ ਸਾਲ ਦਾ ਸਮਾ ਬੜੀ ਮਿਹਨਤ ਕਰਕੇ ਲਗਾਇਆ ਤਾਂ ਜੋ ਸੂਬੇ ਨੂੰ ਦੇਸ਼ ਵਿੱਚ ਮੋਹਰੀ ਸੂਬਾ ਬਣਾਉਣ ਤੇ ਇਸ ਵਿਚ ਹਰ ਵਰਗ ਦਾ ਬਣਦਾ ਸਨਮਾਨ ਹੋਵੇ। ਉਨ੍ਹਾਂ ਕਿਹਾ ਕਿ ਕੰਮ ਕੋਈ ਵੀ ਹੋ ਉਸ ਨੂੰ ਮਨ ਤਾਂ ਲਗਾਉਣਾ ਪੈਂਦਾ ਹੈ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਪੰਜਾਬ ਨੂੰ ਵਧੀਆ ਬਣਾਉਣ ਲਈ ਕੰਮ ਕਰ ਰਹੇ ਹਨ। 'ਆਪ' ਸਰਕਾਰ ਨੇ ਪੰਜਾਬ ਦੇ ਲੋਕਾਂ ਲਈ ਜੋ ਸਮਾਜ ਭਲਾਈ ਸਕੀਮਾਂ ਦਾ ਸ਼ੁੱਭ ਆਰੰਭ ਕੀਤਾ ਤਾਂ ਜੋ ਉਹ ਨਿਰਵਿਘਨ ਚੱਲ ਰਹੀਆਂ ਹਨ ਤੇ ਪੰਜਾਬ ਵਾਸੀ ਉਨ੍ਹਾਂ ਸਕੀਮਾਂ ਦਾ ਲਾਭ ਲੈ ਰਹੇ ਹਨ। ਲੋਕ ਫਿਰ ਤੋਂ 'ਆਪ' ਸਰਕਾਰ ਤੋਂ ਬੁਸ਼ ਹਨ ਤੇ ਜਿਸ ਕਰਕੇ 2027 ਵਿੱਚ ਦੂਜੀ ਵਾਰ ਆਪ ਦੀ ਸਰਕਾਰ ਬਣਾਉਣ ਵਿਚ ਕਾਮਯਾਬ ਹੋਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਮ ਦਾਸ ਦੇ ਸਾਬਕਾ ਸਰੂਪ ਸਿੰਘ ਭੁੱਲੋਵਾਲ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਫਿਲੌਰ, ਰਣਜੀਤ ਸਿੰਘ ਸਿੱਧੂ ਪ੍ਰਧਾਨ ਟਰੱਕ ਯੂਨੀਅਨ ਫਿਲੌਰ, ਸਤਿੰਦਰ ਸਿੰਘ ਧੰਜੂ, ਅਜਮੇਰ ਸਿੰਘ ਸਾਬਕਾ ਸਰਪੰਚ, ਦੇਸ ਰਾਜ ਮੱਲ, ਰਮੇਸ਼ ਜੱਸਲ, ਜਸਵਿੰਦਰ ਸਿੰਘ ਜੱਸਲ, ਸਤਿੰਦਰ ਸਿੰਘ ਧੰਜੂ, ਹੰਸਰਾਜ, ਸਨੀ ਅਤੇ ਹੋਰ ਵੀ ਹਾਜ਼ਰ ਸਨ।

## 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ 'ਸ਼ਬਦ ਗੁਰੂ ਚੇਤਨਾ ਸਮਾਗਮ' ਸ਼ੁਰੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ 'ਸ਼ਬਦ ਗੁਰੂ ਚੇਤਨਾ ਸਮਾਗਮ' ਦੀ ਲੜੀ ਸ਼ੁਰੂ ਕੀਤੀ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਗੁਰਪ੍ਰੀਤ ਦਾਸ ਬਰਨਾਲਾ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਾਨ ਵਿਚਾਰਧਾਰਾ, ਬਾਣੀ ਤੇ ਮਨੁੱਖਤਾ ਦੇ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣਾ ਹੈ, ਤਾਂ ਜੋ ਸਮਾਜ ਵਿੱਚ ਬਰਾਬਰੀ, ਭਾਈਚਾਰਕ ਸਾਂਝ ਤੇ ਮਨੁੱਖਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਜਿਹੜੀਆਂ ਵੀ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਧਾਰਮਿਕ ਸੰਸਥਾਵਾਂ ਜਾਂ ਸੰਗਤਾਂ ਆਪਣੇ ਇਲਾਕੇ ਵਿੱਚ 'ਸ਼ਬਦ ਗੁਰੂ ਚੇਤਨਾ ਸਮਾਗਮ' ਕਰਵਾਉਣਾ ਚਾਹੁੰਦੀਆਂ ਹਨ, ਉਹ ਭਾਈ ਗੁਰਪ੍ਰੀਤ ਦਾਸ ਬਰਨਾਲਾ ਨਾਲ ਸੰਪਰਕ ਕਰ ਸਕਦੀਆਂ ਹਨ।ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਸੇਵਾ ਪੂਰੀ ਤਰ੍ਹਾਂ ਨਿਸ਼ਕਾਮ ਭਾਵਨਾ ਨਾਲ ਕੀਤੀ ਜਾ ਰਹੀ ਹੈ ਤੇ ਇਸ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਭੇਟਾ ਜਾਂ ਫੀਸ ਨਹੀਂ ਲਈ ਜਾਵੇਗੀ।ਗੁਰਪ੍ਰੀਤ ਦਾਸ ਨੇ ਸਮੂਹ ਸੰਗਤਾਂ ਨੂੰ ਇਸ ਮੁਹਿੰਮ ਨਾਲ ਜੁੜਨ ਤੇ ਸ੍ਰੀ ਗੁਰੂ ਰਵਿਦਾਸ ਜੀ ਦੇ ਸਮਾਨਤਾ, ਸੱਚ, ਸੇਵਾ ਤੇ ਮਨੁੱਖਤਾ ਦੇ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣ ਵਿੱਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ।

## ਵਪਾਰਕ ਬਾਜ਼ਾਰਾਂ ਦੇ ਵਿਕਾਸ ਲਈ 40 ਕਰੋੜ ਮਨਜ਼ੂਰ : ਵਨੀਤ ਜਿੰਦਲ



**ਗਿੱਦੜਬਾਹਾ (ਜਸਵੰਤ ਸਿੰਘ ਗਿੱਲ)**-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਪਾਰਕ ਬਾਜ਼ਾਰਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਵਪਾਰੀਆਂ ਦੀਆਂ ਲੰਬੇ ਸਮੇਂ ਤੋਂ ਲੰਬਿਤ ਮੰਗਾਂ ਦੇ ਹੱਲ ਲਈ ਸਮੁੱਚੇ ਪੰਜਾਬ ਵਾਸਤੇ 40 ਕਰੋੜ ਰੁਪਏ ਦਾ ਵਿਸ਼ੇਸ਼ ਫੰਡ ਮਨਜ਼ੂਰ ਕੀਤਾ ਗਿਆ ਹੈ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਵਨੀਤ ਜਿੰਦਲ ਮੋਂਟੀ ਨੇ ਦੱਸਿਆ ਕਿ ਇਸ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਚਾਰੋਂ ਹਲਕਿਆਂ ਲਈ 2 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਵਿਸ਼ੇਸ਼ ਫੰਡ ਨਾਲ ਵਪਾਰਕ ਬਾਜ਼ਾਰਾਂ ਵਿੱਚ ਲੰਬੇ ਸਮੇਂ ਤੋਂ ਚੱਲ ਰਹੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ।ਇਸ ਅਧੀਨ ਬਾਜ਼ਾਰਾਂ ਵਿੱਚ ਆਧੁਨਿਕ ਵਾਸ਼ਰੂਮਾਂ ਦੀ ਉਸਾਰੀ, ਸੜਕਾਂ ਦੀ ਮੁਰੰਮਤ ਤੇ ਨਿਰਮਾਣ, ਬਿਜਲੀ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਸਮੇਤ ਹੋਰ ਲੋੜੀਂਦੀਆਂ ਸਹੂਲਤਾਂ ਦਾ ਵਿਕਾਸ ਕੀਤਾ ਜਾਵੇਗਾ, ਜਿਸ ਨਾਲ ਵਪਾਰੀਆਂ ਤੇ ਆਮ ਲੋਕਾਂ ਨੂੰ ਵੱਡਾ ਲਾਭ ਮਿਲੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਦੀ ਭਲਾਈ ਤੇ ਬਾਜ਼ਾਰਾਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਹ ਫੰਡ ਉਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।ਇਸ ਮੌਕੇ ਜ਼ਿਲ੍ਹਾ ਚੇਅਰਮੈਨ ਵਨੀਤ ਜਿੰਦਲ ਮੋਂਟੀ, ਮੁਕਤਸਰ ਦੇ ਚੇਅਰਮੈਨ ਕੁਲਵਿੰਦਰ ਕਾਂਡਾ, ਲੰਬੀ ਦੇ ਚੇਅਰਮੈਨ ਗੁਰਵਿੰਦਰ ਸ਼ਰਮਾ, ਗਿੱਦੜਬਾਹਾ ਦੇ ਚੇਅਰਮੈਨ ਅਸ਼ੋਕ ਬੁੱਟਰ ਤੇ ਹਰਪ੍ਰੀਤ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਿੱਤ ਮੰਤਰੀ ਤੇ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ, ਅਨਿਲ ਠਾਕੁਰ, ਰਣਜੀਤ ਪਾਲ ਸਿੰਘ, ਗੁਰਪ੍ਰੀਤ ਸਿੰਘ ਗੱਗੀ ਤੇ ਅਤੁਲ ਨਾਗਪਾਲ ਦਾ ਇਸ ਫੈਸਲੇ ਲਈ ਧੰਨਵਾਦ ਕੀਤਾ ਹੈ।

## ਅਰਵਿੰਦ ਖੰਨਾ ਦੀ ਅਗਵਾਈ 'ਚ ਟੋਕੀ ਪਰਵਾਰ ਸਾਥੀਆਂ ਸਮੇਤ ਅਕਾਲੀ ਦਲ 'ਚ ਸ਼ਾਮਲ



**ਭਵਾਨੀਗੜ੍ਹ (ਰਾਜ ਖੁਰਮੀ)**-ਸ਼੍ਰੋਮਣੀ ਅਕਾਲੀ ਦਲ ਨੂੰ ਸ਼ਨੀਵਾਰ ਉਸ ਵੇਲੇ ਹਲਕੇ ਵਿੱਚ ਅਹਿਮ ਸਿਆਸੀ ਬਲ ਮਿਲਿਆ, ਜਦੋਂ ਪ੍ਰਸਿੱਧ ਸਮਾਜਸੇਵੀ ਉਪਿੰਦਰਜੀਤ ਸਿੰਘ ਟੋਕੀ ਆਪਣੇ ਪਰਵਾਰ ਤੇ ਸਮਰਥਕਾਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ।ਉਨ੍ਹਾਂ ਨੂੰ ਹਲਕਾ ਇੰਚਾਰਜ ਅਰਵਿੰਦ ਖੰਨਾ ਦੀ ਅਗਵਾਈ ਹੇਠ ਪਾਰਟੀ ਵਿੱਚ ਸ਼ਾਮਲ ਕਰਵਾਇਆ ਗਿਆ।ਇਸ ਮੌਕੇ ਅਰਵਿੰਦ ਖੰਨਾ ਨੇ ਉਪਿੰਦਰਜੀਤ ਸਿੰਘ ਟੋਕੀ ਤੇ ਉਨ੍ਹਾਂ ਦੇ ਸਾਥੀਆਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਅਕਾਲੀ ਦਲ ਆਪਣੇ ਹਰ ਵਰਕਰ ਤੇ ਸਾਥੀ ਨੂੰ ਬਣਦਾ ਮਾਣ-ਸਤਿਕਾਰ ਦਿੰਦਾ ਹੈ ਅਤੇ ਉਨ੍ਹਾਂ ਨੂੰ ਵੀ ਪਾਰਟੀ ਵਿੱਚ ਯੋਗ ਸਥਾਨ ਦਿੱਤਾ ਜਾਵੇਗਾ।ਸੰਬੋਧਨ ਕਰਦਿਆਂ ਖੰਨਾ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਦੀਆਂ ਕਥਿਤ ਝੂਠੀਆਂ ਗਾਰੰਟੀਆਂ ਤੇ ਲੋਕ ਵਿਰੋਧੀ ਨੀਤੀਆਂ ਤੋਂ ਲੋਕ ਨਿਰਾਸ਼ ਹੋ ਚੁੱਕੇ ਹਨ।ਉਨ੍ਹਾਂ ਦਾ ਕਹਿਣਾ ਸੀ ਕਿ ਲੋਕਾਂ ਨੂੰ ਹੁਣ ਇਹ ਅਹਿਸਾਸ ਹੋ ਰਿਹਾ ਹੈ ਕਿ ਉਨ੍ਹਾਂ ਦੇ ਹਿੱਤਾਂ ਤੇ ਸਮੱਸਿਆਵਾਂ ਦੀ ਸਹੀ ਨੁਮਾਇੰਦਗੀ ਸਿਰਫ਼ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੀ ਕਰ ਸਕਦੀ ਹੈ।ਇਸੇ ਕਾਰਨ ਦਿਨੋਂ-ਦਿਨ ਲੋਕਾਂ ਦਾ ਵਿਸ਼ਵਾਸ ਅਕਾਲੀ ਦਲ ਪ੍ਰਤੀ ਮਜ਼ਬੂਤ ਹੋ ਰਿਹਾ ਹੈ ਤੇ ਵੱਡੀ ਗਿਣਤੀ ਵਿੱਚ ਲੋਕ ਪਾਰਟੀ ਨਾਲ ਜੁੜ ਰਹੇ ਹਨ।ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ, ਹਲਕੇ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।ਇਸ ਮੌਕੇ ਧਰਮਿੰਦਰ ਸਿੰਘ ਦੁੱਲਟ, ਕੌਂਸਲਰ ਸ੍ਰੀਮਤੀ ਆਸ਼ਾ ਰਾਣੀ, ਮਨਪ੍ਰੀਤ ਸਿੰਘ ਸੇਠੀ, ਕੇਵਲ ਸਿੰਘ ਬਾਬਾ, ਹਰਸ਼ ਸਿੰਘ, ਕਮਲਪ੍ਰੀਤ ਸਿੰਘ, ਅਰੁਣਜੀਤ ਸਿੰਘ (ਪ੍ਰਿੰਸ) ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਆਗੂ, ਵਰਕਰ ਤੇ ਵੱਡੀ ਗਿਣਤੀ ਸਮਰਥਕ ਹਾਜ਼ਰ ਸਨ।

## ਰੂਪ ਵਾਟਿਕਾ ਦੀਆਂ ਲੜਕੀਆਂ ਨੇ ਖੋ-ਖੋ ਮੁਕਾਬਲੇ 'ਚ ਲਹਿਰਾਇਆ ਪਰਚਮ



**ਜਗਰਾਉਂ (ਅਮਿਤ ਖੰਨਾ)**-ਸਰਕਾਰੀ ਹਾਈ ਸਕੂਲ ਰਾਮਗੜ੍ਹ ਭੁੱਲਰ ਵਿਖੇ ਕਰਵਾਏ ਜ਼ੋਨਲ ਖੋ-ਖੋ ਮੁਕਾਬਲਿਆਂ ਵਿੱਚ ਰੂਪ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਦੀ ਅੰਡਰ-17 ਲੜਕੀਆਂ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਮਾਣਮੱਤੀ ਪ੍ਰਾਪਤੀ ਵਿੱਚ ਯੋਗਦਾਨ ਪਾਉਣ ਵਾਲੇ ਹੋਣਹਾਰ ਖਿਡਾਰੀ ਜਸ ਕੁਮਾਰ, ਵਿੱਕੀ ਕੁਮਾਰ, ਮੋਹਿਤ ਕੁਮਾਰ, ਨਵਦੀਪ ਕੁਮਾਰ, ਦਿਲਪ੍ਰੀਤ ਸਿੰਘ, ਏਕਮ ਚੋਪੜਾ, ਆਰਯਨ ਟੰਡਨ, ਉਦਿਤ ਬਾਂਗੜਾ, ਪ੍ਰਿਯਾਂਸ਼ੂ ਕੁਮਾਰ, ਓਮ ਪ੍ਰਕਾਸ਼ ਸਿੰਘ ਤੇ ਵਰੁਣਪ੍ਰੀਤ ਸਿੰਘ ਸ਼ਾਮਲ ਹਨ।ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਵਿੰਮੀ ਠਾਕੁਰ ਨੇ ਟੀਮ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਅੰਡਰ-17 ਟੀਮ ਦੇ ਖਿਡਾਰੀਆਂ ਨੇ ਮੈਦਾਨ ਵਿੱਚ ਬੇਮਿਸਾਲ ਅਨੁਸ਼ਾਸਨ, ਆਪਸੀ ਤਾਲਮੇਲ ਤੇ ਜਿੱਤ ਦਾ ਜਜ਼ਬਾ ਦਿਖਾਇਆ ਹੈ।ਉਨ੍ਹਾਂ ਸਾਰੇ ਜੇਤੂ ਖਿਡਾਰੀਆਂ ਤੇ ਕੋਚ ਨੂੰ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਅਜਿਹੀਆਂ ਉਪਲਬਧੀਆਂ ਸਕੂਲ ਲਈ ਮਾਣ ਵਾਲੀ ਗੱਲ ਹਨ।ਸਕੂਲ ਪ੍ਰਬੰਧਕ ਕਮੇਟੀ ਨੇ ਵੀ ਖਿਡਾਰੀਆਂ ਦੀ ਇਸ ਸਫਲਤਾ 'ਤੇ ਮਾਣ ਪ੍ਰਗਟ ਕਰਦਿਆਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਆਪਣੇ ਖਿਡਾਰੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਲਈ ਹਰ ਸੰਭਵ ਸਹੂਲਤ ਤੇ ਸਹਿਯੋਗ ਪ੍ਰਦਾਨ ਕਰਦੀ ਰਹੇਗੀ।

## ਹੱਡੀਆਂ ਤੇ ਜੋੜਾਂ ਦੇ ਦਰਦਾਂ ਦਾ ਫਰੀ ਮੈਡੀਕਲ ਕੈਂਪ



**ਨਾਭਾ (ਅਮਨ ਗਰਗ)**-ਸਹਾਰਾ ਵੈੱਲਫੇਅਰ ਸੋਸਾਇਟੀ ਵੱਲੋਂ ਸਤ ਕਰਤਾਰ ਮੈਡੀਕਲ ਹਾਲ ਦੇ ਸਹਿਯੋਗ ਨਾਲ ਜੋੜਾਂ ਦੇ ਦਰਦਾਂ ਤੇ ਹੱਡੀਆਂ ਦਾ ਮੈਡੀਕਲ ਕੈਂਪ ਨਾਭਾ ਦੇ ਹਨੂੰਮਾਨ ਮੰਦਰ ਬਠਿੰਡੀਆਂ ਮੁਹੱਲਾ ਵਿਖੇ ਲਗਾਇਆ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਗਿਆ।ਇਸ ਮੌਕੇ ਡਾਕਟਰ ਏ ਪੀ ਐੱਸ ਆਹਲੂਵਾਲੀਆ ਨੇ ਆਪਣੀ ਟੀਮ ਨਾਲ ਸੈਂਕੜੇ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ।ਇਸ ਮੌਕੇ ਸਤ ਕਰਤਾਰ ਮੈਡੀਕਲ ਹਾਲ ਦੇ ਐੱਮ ਡੀ ਬਲਵਿੰਦਰ ਸਿੰਘ ਤੇ ਸਹਾਰਾ ਵੈੱਲਫੇਅਰ ਦੇ ਪ੍ਰਧਾਨ ਸੁਰਜੀਤ ਸੀਨੀਅਰ ਨੇ ਕਿਹਾ ਕਿ ਨਾਭਾ ਵਿਖੇ ਇਹ ਚੌਥਾ ਕੈਂਪ ਹੈ।ਉਨ੍ਹਾਂ ਦੱਸਿਆ ਕਿ ਡਾਕਟਰ ਏ ਪੀ ਐੱਸ ਆਹਲੂਵਾਲੀਆ ਤੇ ਉਨ੍ਹਾਂ ਦੀ ਟੀਮ ਇਸੇ ਤਰ੍ਹਾਂ ਕੈਂਪ ਲਗਾ ਕੇ ਹਰੇਕ ਹਫਤੇ ਦੇ ਐਤਵਾਰ ਨੂੰ ਮੁਫਤ ਸੇਵਾ ਕਰਦੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਸਤ ਕਰਤਾਰ ਮੈਡੀਕਲ ਹਾਲ ਨਾਭਾ, ਸੁਰਜੀਤ ਸਿੰਘ ਪ੍ਰਧਾਨ, ਇੰਦਰਜੀਤ ਸਿੰਘ ਚੀਕੂ, ਸੁਸ਼ੀਲ ਕੌਸ਼ਿਕ ਮੀਤ ਪ੍ਰਧਾਨ, ਅਮਰਿੰਦਰ ਸਿੰਘ ਖਜ਼ਾਨਚੀ, ਸੁਖਜਿੰਦਰ ਸਿੰਘ, ਸੁਖਜਿੰਦਰ ਸਿੰਘ ਖੁਰਦ, ਬਲਵਿੰਦਰ ਸਿੰਘ, ਅਮਨਦੀਪ ਸਿੰਘ ਬੂਹੀ, ਦਮਨਜੀਤ ਸਿੰਘ, ਹਰੁਨ ਵਰਮਾ, ਮਿਹਰਬਾਨ ਸਿੰਘ, ਮੱਖਣ ਸਿੰਘ ਖਹਿਰਾ, ਜਗਦੀਪ ਧਾਲੀਵਾਲ, ਦਿਲਪ੍ਰੀਤ ਗਰੇਵਾਲ, ਰਾਜ ਕੁਮਾਰ ਰਾਜੂ ਮੌਜੂਦ ਸਨ।

## ਕੇ ਕੇ ਯੂ ਦੇਧਨਾ ਦੀ ਸਰਬਸੰਮਤੀ ਨਾਲ ਚੋਣ, ਚੰਡੀਗੜ੍ਹ ਮੋਰਚੇ ਦੀਆਂ ਤਿਆਰੀਆਂ ਸ਼ੁਰੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕਿਰਤੀ ਕਿਸਾਨ ਯੂਨੀਅਨ ਵੱਲੋਂ 12 ਤੇ 13 ਅਗਸਤ ਨੂੰ ਹੋਣ ਵਾਲੇ ਸੂਬਾਈ ਅਜਲਾਸ ਤੋਂ ਪਹਿਲਾਂ ਜਥੇਬੰਦਕ ਮਜ਼ਬੂਤੀ ਦੇ ਏਜੰਡੇ ਤਹਿਤ ਪਿੰਡ ਦੇਧਨਾ ਵਿਖੇ ਮੈਂਬਰਸ਼ਿਪ ਉਪਰੰਤ ਵਿਸ਼ੇਸ਼ ਅਜਲਾਸ ਸੱਦਿਆ ਗਿਆ, ਜਿਸ ਦੌਰਾਨ ਯੂਨੀਅਨ ਦੀ ਨਵੀਂ ਇਕਾਈ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ।ਅਜਲਾਸ ਦੀ ਅਗਵਾਈ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ ਨੇ ਮੌਜੂਦਾ ਕਿਸਾਨੀ ਸੰਕਟ 'ਤੇ ਡੂੰਘੀ ਚਿੰਤਾ ਪ੍ਰਗਟਾਈ।ਉਨ੍ਹਾਂ ਕਿਹਾ ਕਿ ਸਰਕਾਰਾਂ ਦੀਆਂ ਕਿਸਾਨ ਮਾਰੂ ਨੀਤੀਆਂ ਕਾਰਨ ਐੱਮਐੱਸਪੀ ਤੇ ਮੰਡੀ ਪ੍ਰਣਾਲੀ ਨੂੰ ਖ਼ਤਮ ਕਰਨ ਲਈ ਭਾਰਤ ਤੇ ਅਮਰੀਕਾ ਵਿਚਕਾਰ ਮੁਫ਼ਤ ਵਪਾਰ ਸਮਝੌਤੇ ਵਰਗੇ ਕਦਮ ਪੁੱਟੇ ਜਾ ਰਹੇ ਹਨ।ਪੰਜਾਬ ਦਾ ਪਾਣੀ ਲੁੱਟਿਆ ਤੇ ਦੂਸ਼ਿਤ ਕੀਤਾ ਜਾ ਰਿਹਾ ਹੈ, ਜਦੋਂਕਿ ਇਹ ਕਾਰਪੋਰੇਟ ਪੱਖੀ ਖੇਤੀ ਨੀਤੀ ਕਿਸਾਨਾਂ ਨੂੰ ਸਦਾ ਲਈ ਕਰਜ਼ੇ ਦੇ ਜਾਲ ਵਿੱਚ ਫਸਾ ਰਹੀ ਹੈ।ਉਨ੍ਹਾਂ ਐਲਾਨ ਕੀਤਾ ਕਿ ਇਨ੍ਹਾਂ ਨੀਤੀਆਂ ਦੇ ਵਿਰੋਧ ਵਿੱਚ ਕਿਰਤੀ ਕਿਸਾਨ ਯੂਨੀਅਨ ਸੰਯੁਕਤ ਕਿਸਾਨ ਮੋਰਚੇ ਦੇ ਝੰਡੇ ਹੇਠ 1 ਸਤੰਬਰ ਤੋਂ ਚੰਡੀਗੜ੍ਹ ਵਿਖੇ ਮੋਰਚਾ ਲਗਾ ਕੇ ਤਿੱਖਾ ਸੰਘਰਸ਼ ਸ਼ੁਰੂ ਕਰਨ ਜਾ ਰਹੀ ਹੈ।ਸੂਬਾਈ ਅਜਲਾਸ ਤੋਂ ਪਹਿਲਾਂ ਜ਼ਿਲ੍ਹੇ ਵਿੱਚ ਇਕਾਈਆਂ ਦੀ ਚੋਣ ਕਰਕੇ ਬਲਾਕਾਂ ਤੇ ਜ਼ਿਲ੍ਹੇ ਦਾ ਅਜਲਾਸ ਕਰਨ ਦੀ ਮੁਹਿੰਮ ਵਿੱਢੀ ਗਈ ਹੈ।ਇਸੇ ਲੜੀ ਤਹਿਤ ਸਮਾਣਾ ਬਲਾਕ ਦਾ ਅਜਲਾਸ 2 ਅਗਸਤ ਨੂੰ, ਪਾਤੜਾਂ ਬਲਾਕ ਦਾ ਅਜਲਾਸ 6 ਅਗਸਤ ਨੂੰ ਤੇ 9 ਅਗਸਤ ਨੂੰ ਜ਼ਿਲ੍ਹੇ ਦਾ ਅਜਲਾਸ ਤਫ਼ਸ਼ੀਲ ਕੀਤਾ ਗਿਆ ਹੈ।ਅਜਲਾਸ ਨੂੰ ਸਾਬਕਾ ਸਰਪੰਚ ਗੁਰਮੇਲ ਸਿੰਘ, ਮੇਘਾ ਰਾਜ, ਹਰਜੀਤ ਸਿੰਘ ਤੇ ਰਾਮ ਸਿੰਘ ਨੇ ਵੀ ਸੰਬੋਧਨ ਕੀਤਾ।ਅੰਤ ਵਿੱਚ ਬਲਜੀਤ ਸਿੰਘ ਵੱਲੋਂ ਨਵੀਂ ਚੁਣੀ ਗਈ ਕਮੇਟੀ ਨੂੰ ਮੁਬਾਰਕਬਾਦ ਦਿੱਤੀ ਗਈ।

# ਅਰਬਨ ਅਸਟੇਟਾਂ ਦੇ ਲੋਕਾਂ ਦੀ ਜ਼ਿੰਦਗੀ ਬਣੀ ਨਰਕ, ਪੁੱਡਾ ਅਧਿਕਾਰੀ ਕੁੰਭਕਰਨੀ ਨੀਂਦ ਸੁੱਤੇ

### ■ ਟੁੱਟੀਆਂ ਸੜਕਾਂ, ਗੰਦਗੀ ਦੇ ਢੇਰ ਤੇ ਅਵਾਰਾ ਪਸ਼ੂ ਪੁੱਡਾ ਅਧਿਕਾਰੀਆਂ ਦਾ ਮੂੰਹ ਚਿੜਾ ਰਹੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਸ਼ਹਿਰ ਦੇ ਵੀਵੀਆਈਪੀ ਏਰੀਆ ਅਰਬਨ ਅਸਟੇਟ-1,2,3 ਦੇ ਹਾਲਾਤ ਇਸ ਸਮੇਂ ਬਦ ਤੋਂ ਬਦਤਰ ਤੇ ਬੁਰੇ ਹੋਏ ਪਏ ਹਨ ਤੇ ਲੋਕਾਂ ਦੀ ਜ਼ਿੰਦਗੀ ਨਰਕ ਬਣੀ ਪਈ ਹੈ।ਲੋਕਾਂ ਅੰਦਰ ਹਾਹਾਕਾਰ ਮਚੀ ਪਈ ਹੈ, ਪਰ ਪੁੱਡਾ ਅਧਿਕਾਰੀ ਪੂਰੀ ਤਰ੍ਹਾਂ ਕੁੰਭਕਰਨੀ ਨੀਂਦ ਸੁੱਤੇ ਪਏ ਹਨ ਤੇ ਉਨ੍ਹਾਂ ਦਾ ਲੋਕਾਂ ਦੀਆਂ ਸਹੂਲਤਾਂ ਵੱਲ ਕੋਈ ਧਿਆਨ ਨਹੀਂ ਹੈ। ਪਟਿਆਲਾ ਤੇ ਪੰਜਾਬ ਦੇ ਵੱਖ ਵੱਖ ਖੇਤਰਾਂ ਤੋਂ ਅਰਬਨ ਅਸਟੇਟ ਫੇਸ 1, 2 ਤੇ 3 ਫੇਸਾਂ ਵਿੱਚ ਕਰੋੜਾਂ ਰੁਪਏ ਲਗਾ ਕੇ ਲੋਕਾਂ ਨੇ ਆਪਣੇ ਬੰਗਲੇ ਰੂਪੀ ਘਰ ਬਣਾਏ ਹੋਏ ਹਨ, ਪਰ ਲੋਕ ਤਰਾਹ ਤਰਾਹ ਕਰ ਰਹੇ ਹਨ, ਕਿਉਂਕਿ ਪੰਜਾਬ ਸਰਕਾਰ ਦੇ ਵਿਭਾਗ ਪੁੱਡਾ ਦੇ ਅਧੀਨ ਹਨ ਤੇ ਪੁੱਡਾ ਦੇ ਅਧਿਕਾਰੀ ਲੋਕਾਂ ਨੂੰ ਟਿਚ ਸਮਝਦੇ ਹਨ।ਲੋਕਾਂ ਦੀਆਂ ਮੁਸ਼ਕਲਾਂ ਸੁਣਨ ਲਈ ਅਧਿਕਾਰੀਆਂ ਕੋਲ ਕੋਈ ਵੀ ਸਮਾਂ ਨਹੀਂ ਹੈ। ਅਰਬਨ ਅਸਟੇਟ ਦੇ ਹਜ਼ਾਰਾਂ ਵਸਨੀਕ ਇਸ ਸਮੇਂ ਨਰਕ ਭਰੀ ਜ਼ਿੰਦਗੀ ਜੀ ਰਹੇ ਹਨ।ਅਰਬਨ ਅਸਟੇਟ ਫੇਸ 2 ਦੀਆਂ ਸੜਕਾਂ ਬੁਰੀ ਤਰ੍ਹਾਂ ਟੁੱਟੀਆਂ ਪਈਆਂ ਹਨ।ਸਾਧੂ ਬੇਲਾ ਰੋਡ 'ਤੇ 2-2 ਫੁੱਟ ਟੋਏ ਪਏ ਹੋਏ ਹਨ।ਇੱਕ ਨੰਬਰ ਫੇਸ ਦੀਆਂ ਸੜਕਾਂ ਨਰਕ ਬਣੀਆਂ ਪਈਆਂ ਹਨ ਤੇ ਅਵਾਰਾ ਪਸ਼ੂ ਬੇਸ਼ੁਮਾਰ ਘੁੰਮ ਰਹੇ ਹਨ, ਹਾਦਸਿਆਂ ਦਾ ਕਾਰਨ ਵੀ ਬਣਦੇ ਹਨ।ਇਹ ਸਾਰਾ ਇਲਾਕਾ ਪਟਿਆਲਾ ਦਿਹਾਤੀ 2 ਦੇ ਅਧੀਨ ਆਉਂਦਾ ਹੈ ਤੇ ਇਸ ਹਲਕੇ ਤੋਂ ਪੰਜਾਬ ਦੇ ਸਿਹਤ ਮੰਤਰੀ ਵੀ ਹਨ, ਜਿਨ੍ਹਾਂ ਦੀ ਪਹਿਲਾਂ ਵੀ ਕਈ ਵਾਰ ਅਧਿਕਾਰੀਆਂ ਨਾਲ ਬਹਿਸਾ ਬਹਿਸਾਈ ਹੁੰਦੀ ਰਹੀ ਹੈ, ਪਰ ਅਧਿਕਾਰੀ ਸਭ ਕੁੱਝ ਟਿਚ ਸਮਝਦੇ ਹਨ।

ਇਸ ਮੌਕੇ ਗੱਲਬਾਤ ਕਰਦਿਆਂ ਸਾਬਕਾ ਸੀਨੀਅਰ ਆਈਏਐੱਸ ਅਧਿਕਾਰੀ ਮਨਜੀਤ ਸਿੰਘ ਨਾਰੰਗ, ਜੋ ਅਰਬਨ ਅਸਟੇਟ ਵਿੱਚ ਰਹਿੰਦੇ ਹਨ, ਨੇ ਕਿਹਾ ਕਿ ਅਧਿਕਾਰੀ ਤੇ ਪੁੱਡਾ ਜਾਗੇ ਅਤੇ ਸੜਕਾਂ 'ਤੇ ਆ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ।ਉਨ੍ਹਾ ਆਖਿਆ ਕਿ ਏ ਸੀ ਦਫਤਰਾਂ ਵਿੱਚ ਬੈਠ ਕੇ ਸਮੱਸਿਆਵਾਂ ਦਾ ਪਤਾ ਨਹੀਂ ਚਲੇਗਾ।ਉਨ੍ਹਾ ਆਖਿਆ ਕਿ ਜਦੋਂ ਅਧਿਕਾਰੀ ਗਰਾਊਂਡ 'ਤੇ ਆ ਕੇ ਲੋਕਾਂ ਦੀ ਮਦਦ ਕਰਨਗੇ ਤੇ ਸੁਣਨਗੇ ਤਾਂ ਹੀ ਕੁੱਝ ਸਾਹਮਣੇ ਆਵੇਗਾ।ਅਰਬਨ ਅਸਟੇਟ ਰੈਜ਼ੀਡੈਂਸ ਵੈੱਲਫੇਅਰ ਐਸੋਸੀਏਸ਼ਨ ਫੇਸ ਇਕ ਦੇ ਪ੍ਰਧਾਨ ਸਾਬਕਾ ਇੰਸਪੈਕਟਰ ਜੱਸਾ ਸਿੰਘ, ਫੇਸ ਦੋ ਦੇ ਪ੍ਰਧਾਨ ਪਰਮਜੀਤ ਸਿੰਘ ਮਹਿਮਦਪੁਰ, ਫੇਸ ਤਿੰਨ ਦੇ ਪ੍ਰਧਾਨ ਮਨਜੀਤ ਸਿੰਘ ਸਾਹੀ, ਉੱਘੇ ਸਮਾਜ ਸੇਵਕ ਰਜਿੰਦਰ ਸਿੰਘ ਥਿੰਦ ਨੇ ਕਿਹਾ ਕਿ ਉਹ ਲਗਾਤਾਰ ਪੁੱਡਾ ਅਧਿਕਾਰੀਆਂ ਨੂੰ ਬੇਨਤੀਆਂ ਕਰ ਰਹੇ ਹਨ, ਮੈਮੋਰੰਡਮ ਦੇ ਰਹੇ ਹਨ, ਪਰ ਹਾਲਾਤ ਹਾਲੋਂ ਬੇਹਾਲ ਹਨ।ਇਨ੍ਹਾਂ ਨੇਤਾਵਾਂ ਦਾ ਕਹਿਣਾ ਹੈ ਕਿ ਜੇਕਰ ਅਰਬਨ ਅਸਟੇਟ ਦੇ ਵਸਨੀਕਾਂ ਨੂੰ ਸਹੂਲਤਾਂ ਨਹੀਂ ਮਿਲਣਗੀਆਂ ਤਾਂ ਕਿਸ ਨੂੰ ਮਿਲਣਗੀਆਂ।ਇਨ੍ਹਾਂ ਦਾ ਕਹਿਣਾ ਹੈ ਕਿ ਅਰਬਨ ਅਸਟੇਟ ਵਸਨੀਕ ਆਉਣ ਵਾਲੇ ਦਿਨਾਂ ਵਿੱਚ ਮੁੱਖ ਮੰਤਰੀ ਪੰਜਾਬ ਨੂੰ ਮੈਮੋਰੰਡਮ ਵੀ ਦੇਣਗੇ ਤੇ ਅਧਿਕਾਰੀਆਂ ਦਾ ਪਿੱਟ ਸਿਆਪਾ ਵੀ ਕਰਨਗੇ।ਇਸ ਮੌਕੇ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪਟਿਆਲਾ ਦਿਹਾਤੀ ਹਲਕਾ ਦੇ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੇ ਹੀ ਅਰਬਨ ਅਸਟੇਟਾਂ ਦਾ ਸੁਧਾਰ ਕੀਤਾ ਜਾਵੇਗਾ।ਇਸ ਮੌਕੇ ਸੀਨੀਅਰ ਕਾਂਗਰਸੀ ਨੇਤਾ ਸੰਜੀਵ ਸ਼ਰਮਾ ਕਾਲੂ ਨੇ ਆਖਿਆ ਕਿ ਮੌਜੂਦਾ ਸਰਕਾਰ ਨੇ ਆਪ ਦੇ ਸਾਢੇ ਚਾਰ ਸਾਲ ਤੋਂ ਵੱਧ ਸਮੇਂ ਤੋਂ ਬਾਅਦ ਕਿਸੇ ਦਾ ਕੁਝ ਨਹੀਂ ਸੰਵਾਰਿਆ। ਉਨ੍ਹਾ ਕਿਹਾ ਕਿ ਅਰਬਨ ਅਸਟੇਟ ਵਾਸੀਆਂ ਨੂੰ ਸਹੂਲਤਾਂ ਦੇਣਾ ਸਮੇਂ ਦੀ ਸਰਕਾਰ ਦਾ ਮੁੱਢਲਾ ਫਰਜ਼ ਹੈ, ਪਰ ਇਹ ਹੋ ਨਹੀਂ ਰਿਹਾ, ਜਿਸ ਕਾਰਨ ਲੋਕ ਤਰਾਹ ਤਰਾਹ ਕਰ ਰਹੇ ਹਨ।ਉਨ੍ਹਾ ਕਿਹਾ ਕਿ ਅਸੀਂ ਲੋਕਾਂ ਦੇ ਨਾਲ ਹਾਂ।ਜੇਕਰ ਅਰਬਨ ਅਸਟੇਟ ਵਾਸੀਆਂ ਨੂੰ ਸਹੂਲਤਾਂ ਨਾ ਦਿੱਤੀਆਂ ਤਾਂ ਅਸੀਂ ਪੁੱਡਾ ਦਫਤਰ ਅੱਗੇ ਧਰਨਾ ਲਗਾਵਾਂਗੇ।

## ਸਤਲੁਜ ਪੁਲ ਦੀ ਮੁਰੰਮਤ ਲਈ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਧਰਨਾ

### ■ ਪ੍ਰਸ਼ਾਸਨ ਨੂੰ ਦਿੱਤਾ ਮਹੀਨੇ ਦਾ ਅਲਟੀਮੇਟਮ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਖੰਨਾ-ਨਵਾਂਸ਼ਹਿਰ ਮਾਰਗ 'ਤੇ ਸਤਲੁਜ ਦਰਿਆ ਉੱਪਰ ਬਣੇ ਪੁਲ ਦੀ ਖਸਤਾ ਹਾਲਤ ਨੂੰ ਲੈ ਕੇ ਇਸ ਦੀ ਮੁਰੰਮਤ ਨਾ ਹੋਣ ਕਾਰਨ ਅੱਜ ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਧਰਨਾ ਦਿੱਤਾ ਗਿਆ।ਪ੍ਰਸ਼ਾਸਨ ਤੇ ਸਰਕਾਰ ਦੇ ਖਿਲਾਫ਼ ਰੋਸ ਧਰਨਾ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਸਿੰਘ ਤੇ ਕੁਲਦੀਪ ਸਿੰਘ ਨੇ ਕਿਹਾ ਕਿ ਪਿਛਲੇ ਪੌਣੇ 2 ਸਾਲ ਤੋਂ ਸਤਲੁਜ ਪੁਲ ਦੀ ਸਲੈਬ ਧਸੀ ਹੋਈ ਹੈ, ਪਰ ਇਸ ਸਲੈਬ ਦੀ ਮੁਰੰਮਤ ਕਰਨ ਦੀ ਬਜਾਏ ਲੋਕਾਂ ਦੀ ਪ੍ਰੇਸ਼ਾਨੀ ਵਧਾਉਂਦਿਆਂ ਇਸ ਪੁਲ ਨੂੰ ਵੱਡੇ ਤੇ ਭਾਰੀ ਵਾਹਨਾਂ ਲਈ ਬੰਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਾਲਾਤ ਇਹ ਹਨ ਕਿ ਖੰਨਾ ਤੋਂ ਨਵਾਂਸ਼ਹਿਰ ਬੱਸ ਰਾਹੀਂ ਜਾਣ ਵਾਲੀਆਂ ਸਵਾਰੀਆਂ ਵੀ ਖੱਜਲ-ਖੁਆਰ ਹੁੰਦੀਆਂ ਹਨ, ਜਿਨ੍ਹਾਂ ਨੂੰ ਪੁਲ ਦੇ ਇੱਕ ਕਿਨਾਰੇ ਉਤਾਰ ਕੇ ਦੂਜੇ ਕਿਨਾਰੇ ਉਹ ਡੇਢ ਕਿਲੋਮੀਟਰ ਦਾ ਲੰਬਾ ਪੈਂਡਾ ਤੈਅ ਕਰ ਤਪਦੀ ਗਰਮੀ ਵਿੱਚ ਅਗਲੀ ਬੱਸ 'ਚ ਸਵਾਰ ਹੁੰਦੀਆਂ ਹਨ। ਉਕਤ ਆਗੂਆਂ ਨੇ ਕਿਹਾ ਕਿ ਵੱਡੇ ਤੇ ਭਾਰੀ ਵਾਹਨਾਂ ਦਾ ਕਾਰੋਬਾਰ ਪ੍ਰਭਾਵਿਤ ਹੋ ਰਿਹਾ ਹੈ, ਜਿਨ੍ਹਾਂ ਨੂੰ ਆਪਣੀ ਮੰਜ਼ਿਲ 'ਤੇ ਜਾਣ ਲਈ ਵਾਧੂ ਡੀਜ਼ਲ ਫੂਕ ਕੇ ਲੰਬਾ ਪੈਂਡਾ ਤੈਅ ਕਰਨਾ ਪੈਂਦਾ ਹੈ, ਪਰ ਸਰਕਾਰ ਤੇ ਪ੍ਰਸ਼ਾਸਨ ਨੂੰ ਲੋਕਾਂ ਦੀ ਸਮੱਸਿਆ ਦਿਖਾਈ ਨਹੀਂ ਦੇ ਰਹੀ, ਜਿਸ ਲਈ ਅੱਜ ਇਹ ਰੋਸ ਧਰਨਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਖੰਨਾ ਤੋਂ ਨਵਾਂਸ਼ਹਿਰ ਤੱਕ ਹਜ਼ਾਰਾਂ ਦੀ ਦੁਕਾਨਦਾਰ, ਢਾਬਾ ਮਾਲਕ, ਪੈਟਰੋਲ ਪੰਪ ਤੇ ਇੱਥੋਂ ਗਰੀਬ ਮਕੈਨਿਕ ਤੇ ਪੰਚਰ ਲਗਾਉਣ ਵਾਲਿਆਂ ਦਾ ਵੀ ਪੁਲ ਬੰਦ ਹੋਣ ਕਾਰਨ ਕਾਰੋਬਾਰ ਠੱਪ ਹੋ ਕੇ ਰਹਿ ਗਿਆ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੇ ਲੋਕਾਂ ਨੂੰ ਰੁਜ਼ਗਾਰ ਤਾਂ ਕੀ ਦੇਣਾ ਸੀ, ਉਲਟਾ ਪੁਲ ਦੀ ਮੁਰੰਮਤ ਨਾ ਕਰਕੇ ਉਨ੍ਹਾਂ ਦਾ ਰੁਜ਼ਗਾਰ ਖੋਹਿਆ ਜਾ ਰਿਹਾ ਹੈ। ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪ੍ਰਸ਼ਾਸਨ ਨੂੰ 1 ਮਹੀਨੇ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਇਨ੍ਹਾਂ ਦਿਨਾਂ ਵਿੱਚ ਪੁਲ ਦੀ ਮੁਰੰਮਤ ਸ਼ੁਰੂ ਨਾ ਕੀਤੀ ਤਾਂ ਫਿਰ ਲੋਕਾਂ ਨੂੰ ਨਾਲ ਲੈ ਕੇ ਵੱਡਾ ਸੰਘਰਸ਼ ਵਿੱਢਿਆ ਜਾਵੇਗਾ।

## ਸ਼੍ਰੋਮਣੀ ਕਮੇਟੀ ਵੱਲੋਂ ਦਰਜਨ ਦੇ ਕਰੀਬ ਪਰਵਾਰ ਨੂੰ ਮਾਲੀ ਮਦਦ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਨਾਲ ਨਾਲ ਸਰਬੱਤ ਦੇ ਭਲੇ ਦੇ ਸਿਧਾਂਤ ਤਹਿਤ ਆਰਥਿਕ ਪੱਖੋਂ ਕਮਜ਼ੋਰ ਪਰਵਾਰਾਂ ਦੀ ਸਮੇਂ ਸਮੇਂ 'ਤੇ ਮਾਲੀ ਮਦਦ ਵੀ ਕਰਦੀ ਰਹਿੰਦੀ ਹੈ।ਇਹ ਮਦਦ ਵਿਦਿਆਰਥੀਆਂ ਨੂੰ ਫੀਸ ਦੇ ਰੂਪ ਵਿੱਚ, ਭਿਆਨਕ ਬਿਮਾਰੀ ਤੋਂ ਪੀੜਤ ਮਰੀਜ਼ ਦੀ ਸਹਾਇਤਾ ਤੇ ਆਰਥਿਕ ਪੱਖੋਂ ਕਮਜ਼ੋਰ ਪਰਵਾਰਾਂ ਦੀ ਮਾਲੀ ਮਦਦ ਹਮੇਸ਼ਾ ਕੀਤੀ ਜਾਂਦੀ ਹੈ। ਅੱਜ ਪਾਤਸ਼ਾਹੀ ਛੇਵੀਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਕੋਟਾਂ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਹਰਪਾਲ ਸਿੰਘ ਜੱਲ੍ਹਾ, ਨਵਤੇਜ ਸਿੰਘ ਖੱਟੜਾ ਸੀਨੀਅਰ ਅਕਾਲੀ ਆਗੂ ਅਕਸ਼ਰਵਰ ਸ਼੍ਰੋਮਣੀ ਅਕਾਲੀ ਦਲ ਬਾਦਲ ਹਲਕਾ ਸਮਰਾਲਾ, ਬਿਕਰਮਜੀਤ ਸਿੰਘ ਖਾਲਸਾ ਸਾਬਕਾ ਸਸਦੀ ਸਕੱਤਰ ਦੇ ਯਤਨਾਂ ਸਦਕਾ ਇੱਕ ਦਰਜਨ ਦੇ ਕਰੀਬ ਆਰਥਿਕ ਪੱਖੋਂ ਕਮਜ਼ੋਰ ਪਰਵਾਰਾਂ ਦੀ ਮਾਲੀ ਮਦਦ ਕੀਤੀ ਗਈ।ਇਸ ਮੌਕੇ ਮੈਨੇਜਰ ਇਕਬਾਲ ਸਿੰਘ ਝਬਾਲ, ਪ੍ਰਚਾਰਕ ਪਰਮਜੀਤ ਸਿੰਘ ਗੁਰਦਾਸਪੁਰੀ, ਕਲਰਕ ਮਨਪ੍ਰੀਤ ਸਿੰਘ ਮੰਜੀ ਸਾਹਿਬ ਕੋਟਾ ਆਦਿ ਹਾਜ਼ਰ ਸਨ।

## ਸਾਵਣ ਕਵੀ ਦਰਬਾਰ 8 ਨੂੰ



**ਚੌਂਕੀਮਾਨ (ਇੰਜੀ. ਬਲਬੀਰ ਸਿੰਘ ਮਾਨ)**-ਸ਼ਹੀਦ ਕਰਤਾਰ ਸਿੰਘ ਸਰਾਭਾ ਸਾਹਿਤਕ ਤੇ ਸੱਭਿਆਚਾਰਕ ਮੰਚ ਮੰਡੀ ਮੁੱਲਾਂਪੁਰ (ਰਜਿਸਟਰਡ) ਦੀ ਹੰਗਾਮੀ ਮੀਟਿੰਗ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ ਦੀ ਅਗਵਾਈ ਵਿੱਚ ਕੀਤੀ ਗਈ।ਮੀਟਿੰਗ ਦੌਰਾਨ ਇਕੱਤਰ ਲੇਖਕਾਂ ਤੇ ਨੈਸ਼ਨਲ ਐਵਾਰਡ ਵਿਜੇਤਾ ਉੱਘੇ ਲੇਖਕ ਅਮਰੀਕ ਸਿੰਘ ਤਲਵੰਡੀ, ਮਾਰਕੀਟਿੰਗ ਤੇ ਵੇਅਰਹਾਊਸਿੰਗ ਕਮੇਟੀ ਦੇ ਚੇਅਰਮੈਨ ਫ਼ਿਲਮੀ ਗੀਤਕਾਰ ਸਾਧੂ ਸਿੰਘ ਦਿਲਸ਼ਾਦ, ਜਨਰਲ ਸਕੱਤਰ ਬਲਬੀਰ ਸਿੰਘ ਮਾਨ, ਮਾਸਟਰ ਅਜਮੇਲ ਸਿੰਘ ਮੋਹੀ, ਇੰਸਪੈਕਟਰ ਜਗਤਾਰ ਸਿੰਘ ਹਿਸਵਾਲ, ਦਰਸ਼ਨ ਸਿੰਘ ਬੋਪਾਰਾਏ, ਗੁਰਮਿੰਦਰ ਸਿੰਘ ਹਿੱਸੋਵਾਲ, ਕੇ ਸਾਧੂ ਸਿੰਘ, ਕਰਮਜੀਤ ਸਿੰਘ ਭੱਟੀ ਆਦਿ ਨੇ ਕੇਂਦਰੀ ਪੰਜਾਬੀ ਲਿਖਾਰੀ ਸਭਾ ਸੇਖੋਂ ਰਜਿਸਟਰ ਦੇ ਪ੍ਰਧਾਨ ਪਵਨ ਹਰਚੰਦਪੁਰੀ ਦੀ ਸੁਪਤਨੀ ਸ੍ਰੀਮਤੀ ਪੁਸ਼ਪਾ ਸ਼ਰਮਾ ਦੀ ਸੰਖੇਪ ਬਿਮਾਰੀ ਕਾਰਨ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।ਇਕੱਤਰ ਸਾਥੀਆਂ ਦੀ ਸਹਿਮਤੀ ਨਾਲ ਸਾਉਣ ਦੇ ਮਹੀਨੇ 8 ਅਗਸਤ ਨੂੰ ਗੁਰਮਤਿ ਭਵਨ ਮੰਡੀ ਮੁੱਲਾਂਪੁਰ ਸਿਨੇਮਾ ਰੋਡ ਵਿਖੇ ਸਵੇਰੇ 10 ਵਜੇ ਤੋਂ ਸਾਵਣ ਕਵੀ ਦਰਬਾਰ ਕਰਾਉਣ ਦਾ ਫੈਸਲਾ ਕੀਤਾ ਹੈ।

## ਵੱਡਾ ਘਰ ਵਿਖੇ ਬੀ ਕੇ ਯੂ ਏਕਤਾ ਉਗਰਾਹਾਂ ਕਮੇਟੀ ਦੀ ਚੋਣ

### ■ ਪਰਵਿੰਦਰ ਸਿੰਘ ਪਿੰਡ ਦੇ ਇਕਾਈ ਪ੍ਰਧਾਨ ਤੇ ਬੇਅੰਤ ਸਿੰਘ ਸਕੱਤਰ ਬਣੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਪਿੰਡ ਵੱਡਾ ਘਰ ਕਮੇਟੀ ਦੀ ਮੀਟਿੰਗ ਇਕਾਈ ਪ੍ਰਧਾਨ ਪਰਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਬਲਾਕ ਮੋਗਾ ਦੋ ਦੇ ਪ੍ਰਧਾਨ ਇਕਬਾਲ ਸਿੰਘ ਸਿੰਘਾ ਵਾਲਾ ਤੇ ਬਲਾਕ ਜਰਨਲ ਸਕੱਤਰ ਜਸਵਿੰਦਰ ਸਿੰਘ ਸ਼ਿੰਦਾ ਘੱਲ ਕਲਾਂ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਏ। ਮੀਟਿੰਗ ਵਿੱਚ ਬਲਾਕ ਆਗੂਆਂ ਨੇ ਦੱਸਿਆ ਕਿ ਨਵੰਬਰ 2020 ਵਿੱਚ ਦਿੱਲੀ ਦੀਆਂ ਸਰਹੱਦਾਂ ਤੇ ਇਤਿਹਾਸਕ ਘੋਲ ਲੜਿਆ ਗਿਆ ਸੀ, ਜਿਸ ਵਿੱਚ 736 ਕਿਸਾਨਾਂ ਨੇ ਸ਼ਹੀਦੀਆਂ ਦਿੱਤੀਆਂ ਸੀ।ਉਸ ਸੰਘਰਸ਼ ਵਿੱਚ ਮੋਦੀ ਸਰਕਾਰ ਨੇ ਸਾਰਿਆਂ ਫਸਲਾਂ ਲਈ ਖਰੀਦ ਦੀ ਗਰੰਟੀ ਬਿਜਲੀ ਸੋਧ ਬਿੱਲ ਵਾਪਸ ਲੈਣਾ, ਕਿਸਾਨਾਂ ਵਿਰੁੱਧ ਦਰਜ ਸਾਰੇ ਕੇਸ ਵਾਪਸ ਲੈਣ ਦੇ ਲਿਖਤੀ ਭਰੋਸੇ ਦਿੱਤੇ ਗਏ ਸੀ, ਜੋ ਅਜੇ ਤੱਕ ਲਾਗੂ ਨਹੀਂ ਹੋਏ।ਇਸ ਕਰਕੇ ਐੱਸ ਕੇ ਐੱਮ ਵੱਲੋਂ 28 ਜੁਲਾਈ 2026 ਨੂੰ ਹੋਈ ਦਿੱਲੀ ਮੀਟਿੰਗ ਵਿੱਚ ਜੋ ਸੰਘਰਸ਼ ਪ੍ਰੋਗਰਾਮ ਦਿੱਤਾ ਗਿਆ ਹੈ, ਪਿੰਡ ਕਮੇਟੀ ਨੇ ਉਹ ਪ੍ਰੋਗਰਾਮ ਲਾਗੂ ਕਰਨ ਦਾ ਫੈਸਲਾ ਕੀਤਾ।ਮੀਟਿੰਗ ਦੇ ਅਖੀਰ ਵਿੱਚ ਨਵੀਂ ਪਿੰਡ ਕਮੇਟੀ ਦੀ ਚੋਣ ਕੀਤੀ ਗਈ, ਜਿਸ 'ਚ ਪਿੰਡ ਦੇ ਇਕਾਈ ਪ੍ਰਧਾਨ ਪਰਵਿੰਦਰ ਸਿੰਘ, ਮੀਤ ਪ੍ਰਧਾਨ ਸੁਖਮੰਦਰ ਸਿੰਘ, ਸਕੱਤਰ ਬੇਅੰਤ ਸਿੰਘ, ਸਹਾਇਕ ਸਕੱਤਰ ਬਸੰਤ ਸਿੰਘ ਤੇ ਖਜ਼ਾਨਚੀ ਤਰਲੋਚਨ ਸਿੰਘ ਚੁਣੇ ਗਏ। ਇਸ ਤੋਂ ਇਲਾਵਾ ਸਲਾਹਕਾਰ ਟੀਮ ਵਿੱਚ ਹਰਦੀਪ ਸਿੰਘ, ਸੁਖਦੀਪ ਸਿੰਘ, ਗੁਰਬਚਨ ਸਿੰਘ, ਗੁਰਪਾਲ ਸਿੰਘ, ਲਖਬੀਰ ਸਿੰਘ, ਮਲਕੀਤ ਸਿੰਘ, ਅੰਗਰੇਜ ਸਿੰਘ, ਅਮਨਦੀਪ ਸਿੰਘ, ਚਮਕੌਰ ਸਿੰਘ, ਜੋਦ ਖਾਨ, ਸਖਦੀਪ ਸਿੰਘ, ਜਤਿੰਦਰ ਸਿੰਘ, ਬਖਤੌਰ ਸਿੰਘ, ਸਖਦੀਪ ਸਿੰਘ, ਠਾਣਾ ਸਿੰਘ ਤੇ ਪੂਰਨ ਸਿੰਘ ਚੁਣੇ ਗਏ।ਇਸ ਮੀਟਿੰਗ ਵਿੱਚ ਜਗਦੇਵ ਸਿੰਘ, ਅਵਤਾਰ ਸਿੰਘ, ਬਲਜੀਤ ਸਿੰਘ, ਗਗਨਦੀਪ ਸਿੰਘ, ਕਰਨ ਜੋਤ ਸਿੰਘ ਆਦਿ ਸਾਥੀ ਮੀਟਿੰਗ ਵਿੱਚ ਸ਼ਾਮਲ ਸਨ।

## ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਨੂੰ ਜ਼ੁੰਮੇਵਾਰੀਆਂ ਬਾਰੇ ਕੀਤਾ ਸਿੱਖਿਅਤ



**ਲੁਧਿਆਣਾ (ਸਤੀਸ਼ ਸਚਦੇਵਾ)**-ਪਿਛਲੇ ਦਿਨੀਂ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪੰਜਾਬ ਭਰ ਵਿੱਚ ਆਪਣੇ ਮੈਂਬਰਾਂ ਨੂੰ ਸੁਸਾਇਟੀ ਦੇ ਐਲਾਨਨਾਮੇ ਦੀ ਵਿਆਖਿਆ ਕਰਨ ਤੇ ਆਪਣੀਆਂ ਜ਼ੁੰਮੇਵਾਰੀਆਂ ਬਾਰੇ ਮੁਹਿੰਮ ਚਲਾਏ ਜਾਣ ਦਾ ਫੈਸਲਾ ਲਿਆ ਗਿਆ ਸੀ।ਉਸ ਅਨੁਸਾਰ ਪੰਜਾਬ ਭਰ ਦੀਆਂ ਸਾਰੀਆਂ ਇਕਾਈਆਂ ਲਈ ਆਗੂਆਂ ਦੀਆਂ ਲਗਾਈਆਂ ਡਿਊਟੀਆਂ ਅਨੁਸਾਰ ਲੁਧਿਆਣਾ ਇਕਾਈ ਲਈ ਸੁਸਾਇਟੀ ਦੇ ਸੋਸ਼ਲ ਮੀਡੀਆ ਦੇ ਆਗੂ ਸੁਰਜੀਤ ਟਿੱਬਾ ਨੇ ਸ਼ਿਰਕਤ ਕੀਤੀ।ਸਥਾਨਕ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ ਉਨ੍ਹਾਂ ਵੱਲੋਂ ਸੁਸਾਇਟੀ ਦੇ ਐਲਾਨਨਾਮੇ ਦੀ ਵਿਆਖਿਆ ਕਰਦਿਆਂ ਧਰਤੀ ਉੱਪਰ ਜੀਵ ਵਿਕਾਸ ਦੇ ਸਿਧਾਂਤ ਤੇ ਸਮੇਂ ਦੇ ਵੱਖ ਵੱਖ ਪੜਾਵਾਂ ਰਾਹੀਂ ਹੋਏ ਮਨੁੱਖੀ ਵਿਕਾਸ ਬਾਰੇ ਵਿਗਿਆਨਕ ਨਜ਼ਰੀਏ ਤੋਂ ਜਾਣਕਾਰੀ ਸਾਂਝੀ ਕੀਤੀ।ਮਨੁੱਖ ਨੂੰ ਕਿਸਮਤਵਾਦੀ ਬਣਾ ਕੇ ਰੱਖਣ ਲਈ ਅੱਜ ਤਰ੍ਹਾਂ ਤਰ੍ਹਾਂ ਦੇ ਅਖੌਤੀ ਬਾਬਿਆਂ, ਕਿਸਮਤ ਦੱਸਣ ਵਾਲੇ ਜੋਤਸ਼ੀਆਂ ਆਦਿ ਨੂੰ ਗੈਰ-ਵਿਗਿਆਨਕ ਪ੍ਰਚਾਰ ਲਈ ਸਰਕਾਰੀ ਸਰਪ੍ਰਸਤੀ ਨੂੰ ਵੀ ਇਸ ਮੌਕੇ ਨੰਗਾ ਕੀਤਾ।ਜ਼ੋਨ ਮੁਖੀ ਜਸਵੰਤ ਜ਼ੀਰਖ ਨੇ ਮਨੁੱਖੀ ਇਤਿਹਾਸ ਦੇ ਵੱਖ-ਵੱਖ ਯੁੱਗਾਂ (ਕਬੀਲਾ ਯੁੱਗ, ਗੁਲਾਮਦਾਰੀ ਯੁੱਗ, ਜਗੀਰਦਾਰੀ ਤੇ ਸਰਮਾਏਦਾਰੀ ਯੁੱਗ) ਵਿੱਚ ਮਨੁੱਖੀ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਬਾਰੇ ਚਾਨਣਾ ਪਾਇਆ।ਸਟੇਜ ਸੰਚਾਲਕ ਲੁਧਿਆਣਾ ਇਕਾਈ ਦੇ ਮੁਖੀ ਬਲਵਿੰਦਰ ਸਿੰਘ ਨੇ ਉਪਰੋਕਤ ਬੁਲਾਰਿਆਂ ਵੱਲੋਂ ਸਾਂਝੀ ਕੀਤੀ ਜਾਣਕਾਰੀ ਬਾਰੇ ਮੈਂਬਰਾਂ ਨੂੰ ਆਪਣੇ ਸਵਾਲ ਪੁੱਛਣ ਦਾ ਸੱਦਾ ਦਿੱਤਾ।ਹਾਜ਼ਰ ਸਾਰੇ ਮੈਂਬਰਾਂ ਨੇ ਆਪਣੇ ਸਵਾਲ ਤੇ ਸੁਝਾਅ ਦੇ ਕੇ ਸਮਾਗਮ ਨੂੰ ਅੱਗੇ ਚਲਾਇਆ।ਇਸ ਦੌਰਾਨ ਸਾਰੇ ਮੈਂਬਰਾਂ ਨੇ ਆਪਣੇ ਸਵਾਲ ਪੁੱਛੇ, ਜਿਨ੍ਹਾਂ ਦਾ ਜਵਾਬ ਸੁਰਜੀਤ ਟਿੱਬਾ ਵੱਲੋਂ ਦੇ ਕੇ ਮੈਂਬਰਾਂ ਦੇ ਸ਼ੰਕੇ ਦੂਰ ਕੀਤੇ।ਸਵਾਲਾਂ ਦੇ ਦੌਰ ਵਿੱਚ ਡਾ. ਵਿਨੋਦ ਵਸ਼ਿਸ਼ਟ, ਬਲਵਿੰਦਰ ਸਿੰਘ, ਧਰਮਪਾਲ ਸਿੰਘ, ਪ੍ਰਿੰਸੀਪਲ ਅਜਮੇਰ ਦਾਖਾ, ਮਾ. ਰਾਜ ਕੁਮਾਰ, ਕਰਤਾਰ ਸਿੰਘ, ਦਲਜੀਤ ਸਿੰਘ, ਰਾਕੇਸ਼ ਆਜ਼ਾਦ ਨੇ ਹਿੱਸਾ ਲਿਆ।ਇਸ ਸਮੇਂ ਪ੍ਰਮਜੀਤ ਸਿੰਘ, ਨਰਿੰਦਰ ਸਿੰਘ ਮਾਨ, ਬਾਪੂ ਬਲਕੌਰ ਸਿੰਘ ਸਮੇਤ ਤਰਕਸ਼ੀਲ ਵਿਚਾਰਾਂ ਨੂੰ ਪ੍ਰਣਾਏ ਐਡਵੋਕੇਟ ਆਰ ਐੱਸ ਕਾਹਲੋਂ ਤੇ ਸੁਖਰਾਜ ਸਿੰਘ ਬਰਾੜ ਹਾਜ਼ਰ ਸਨ।ਉੱਘੇ ਸਮਾਜ ਚਿੰਤਕ ਬਾਪੂ ਬਲਕੌਰ ਸਿੰਘ ਨੇ ਮਨੁੱਖੀ ਵਿਕਾਸ ਦੇ ਵਿਗਿਆਨਕ ਨਜ਼ਰੀਏ ਦੀ ਪ੍ਰੋੜ੍ਹਤਾ ਕਰਦਿਆਂ ਸਭ ਦਾ ਧੰਨਵਾਦ ਕੀਤਾ।ਅੰਤ ਵਿੱਚ ਤਰਕਸ਼ੀਲ ਸੁਸਾਇਟੀ ਇਕਾਈ ਲੁਧਿਆਣਾ ਵੱਲੋਂ ਮੁੱਖ ਬੁਲਾਰੇ ਸੁਰਜੀਤ ਸਿੰਘ ਟਿੱਬਾ ਨੂੰ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਦੀ ਯਾਦਗਾਰੀ ਤਸਵੀਰ ਤੇ ਉਨ੍ਹਾਂ ਦੀ ਜ਼ਿੰਦਗੀ ਨਾਲ ਸਬੰਧਤ ਸਾਹਿਤਕ ਕਿਤਾਬਾਂ ਦੇ ਕੇ ਸਨਮਾਨਤ ਕੀਤਾ ਗਿਆ।

## ਮਾਲਵਾ ਪੰਜਾਬੀ ਸਾਹਿਤ ਸਭਾ ਵੱਲੋਂ ਪੁਸ਼ਪਾ ਸ਼ਰਮਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਲਵਾ ਪੰਜਾਬੀ ਸਾਹਿਤ ਸਭਾ (ਰਜਿ:) ਰਾਮਪੁਰਾ ਫੂਲ ਦੀ ਬੈਠਕ ਸ.ਸ.ਸ.ਸ. ਪਿੰਡ ਰਾਮਪੁਰਾ ਦੇ ਖੇਡ ਮੈਦਾਨ ਵਿਖੇ ਦਰਸ਼ਨ ਸਿੰਘ ਪ੍ਰੀਤੀਮਾਨ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਸੇਖੋਂ ਦੇ ਪ੍ਰਧਾਨ ਪਵਨ ਹਰਚੰਦਪੁਰੀ ਦੀ ਧਰਮ ਪਤਨੀ ਸ਼੍ਰੀਮਤੀ ਪੁਸ਼ਪਾ ਸ਼ਰਮਾ ਦੇ ਦੇਹਾਂਤ 'ਤੇ 2 ਮਿੰਟ ਦਾ ਮੋਨ ਧਾਰਨ ਕਰਕੇ ਸਭਾ ਦੇ ਹਾਜ਼ਰ ਮੈਂਬਰ ਸਾਹਿਬਾਨਾਂ ਵੱਲੋਂ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ।ਇਸ ਦੁੱਖ ਦੀ ਘੜੀ ਦੇ ਵਿੱਚ ਮਾਲਵਾ ਪੰਜਾਬੀ ਸਾਹਿਤ ਸਭਾ (ਰਜਿ:) ਰਾਮਪੁਰਾ ਫੂਲ ਪਵਨ ਹਰਚੰਦਪੁਰੀ ਦੇ ਨਾਲ ਖੜੀ ਹੈ।ਪ੍ਰਮਾਤਮਾ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਤੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।ਇਸ ਦੁੱਖ ਦੀ ਘੜੀ ਵਿੱਚ ਮੈਂਬਰ ਸਾਹਿਬਾਨ ਹੈੱਡਮਾਸਟਰ ਹਰਿੰਦਰ ਸਿੰਘ ਭੁੱਲਰ, ਲੈਕ. ਦਰੂਦ ਸਿੰਘ, ਦਰਸ਼ਨ ਸਿੰਘ ਭੁੱਲਰ, ਹਰਬੰਸ ਸਿੰਘ ਖੁਰਮੀ, ਸ਼੍ਰੀਮਤੀ ਹਰਜੀਤ ਕੌਰ ਅਕਾਲੀ ਸਿੱਧੂ, ਗਮਦੂਰ ਸਿੰਘ ਜੱਸੀ, ਮਾਸਟਰ ਜਗਦੀਸ਼ ਸਿੰਘ ਗਾਟਵਾਲੀ, ਡਾਕਟਰ ਨਰੰਜਨ ਸਿੰਘ ਚੌਹਾਨ, ਹੈੱਡ ਟੀਚਰ ਸੁਖਵਿੰਦਰ ਸਿੰਘ ਬਾਠ, ਪ੍ਰੀਤਮ ਸਿੰਘ ਆਰਟਿਸਟ, ਮਾਸਟਰ ਮਨਦੀਪ ਸਿੰਘ ਬਾਠ, ਮਾਸਟਰ ਸੁਖਦੇਵ ਸਿੰਘ ਢੱਡੇ, ਸੁਰਿੰਦਰ ਧੀਰ, ਮਹਿਮਾ ਸਿੰਘ ਰੋਮਾਣਾ, ਗੁਰਸੇਵਕ ਸਿੰਘ ਪੀ.ਆਰ.ਟੀ.ਸੀ, ਨਿਰਮਲ ਸਿੰਘ ਵਿਗਿਆਨੀ, ਗਗਨ ਫੂਲ, ਹਰਜੀਤ ਸਿੰਘ ਸਿੱਧੂ ਫੂਲਕਾ ਤੇ ਜਗਸੀਰ ਸਿੰਘ ਸੀਰਾ ਆਦਿ ਸਭਾ ਦੇ ਮੈਂਬਰ ਹਾਜ਼ਰ ਹੋਏ।

## ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਅਵਤਾਰ ਦਿਹਾੜਾ 9 ਨੂੰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਬਾਲਾ ਪ੍ਰੀਤਮ ਸਾਹਿਬ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਅਵਤਾਰ ਦਿਹਾੜਾ 9 ਅਗਸਤ ਦੀ ਰਾਤ ਨੂੰ ਗੁਰਦੁਆਰਾ ਕਲਗੀਧਰ ਮੁਹੱਲਾ ਬਾਵਾ ਫ਼ਿਰੋਜ਼ਪੁਰ ਸ਼ਹਿਰ ਵਿਖੇ ਬਹੁਤ ਹੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਧਾਰਮਿਕ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਜਨਰਲ ਸਕੱਤਰ ਸਵਰਨ ਸਿੰਘ ਸੁਹਾਨਾ ਨੇ ਦੱਸਿਆ ਕਿ ਅਵਤਾਰ ਦਿਹਾੜੇ ਦੇ ਸਬੰਧ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ (ਦੀਵਾਨ) ਸਜਾਏ ਜਾਣਗੇ। ਇਸ ਸਮਾਗਮ ਵਿੱਚ ਸੰਗਤਾਂ ਨੂੰ ਧੁਰ ਕੀ ਬਾਣੀ ਨਾਲ ਜੋੜਨ ਲਈ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਰਾਗੀ ਜਥੇ ਪਹੁੰਚ ਰਹੇ ਹਨ। ਸਮਾਗਮ ਦੌਰਾਨ ਭਾਈ ਅਸ਼ਪਾਲ ਸਿੰਘ, ਗੁਰਦੁਆਰਾ ਜਾਮਨੀ ਸਾਹਿਬ ਤੋਂ ਭਾਈ ਸੁਖਵਿੰਦਰ ਸਿੰਘ (ਕਥਾ ਵਾਚਕ) ਤੇ ਸ਼੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਬਰਤੋੜ ਸਿੰਘ ਆਪਣੀਆਂ ਹਾਜ਼ਰੀਆਂ ਭਰਨਗੇ। ਪ੍ਰਬੰਧਕਾਂ ਤੇ ਜਨਰਲ ਸਕੱਤਰ ਸਵਰਨ ਸਿੰਘ ਸੁਹਾਨਾ ਵਲੋਂ ਸਮੂਹ ਇਲਾਕਾ ਨਿਵਾਸੀਆਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਤੇ ਅਸੀਸਾਂ ਪ੍ਰਾਪਤ ਕਰਨ।

## ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਲੋਕਾਂ ਦੀ ਪਹੁੰਚ ਹੋਰ ਆਸਾਨ ਬਣੇਗੀ : ਸ਼ੰਟੀ

### ■ ਕੈਂਪ ਦੌਰਾਨ ਸੁਣੀਆਂ ਲੋਕਾਂ ਦੀਆਂ ਸ਼ਿਕਾਇਤਾਂ



**ਭਵਾਨੀਗੜ੍ਹ (ਰਾਜ ਖੁਰਮੀ)**

ਪੰਜਾਬ ਰਾਜ ਤੇ ਚੰਡੀਗੜ੍ਹ ਮਨੁੱਖੀ ਅਧਿਕਾਰ ਕਮਿਸ਼ਨ (ਪੀ ਐੱਸ ਐੱਚ ਆਰ ਸੀ) ਦੇ ਮੈਂਬਰ ਪਦਮਸ਼੍ਰੀ ਜਤਿੰਦਰ ਸਿੰਘ ਸ਼ੰਟੀ ਨੇ ਭਵਾਨੀਗੜ੍ਹ ਵਿਖੇ ਮਨੁੱਖੀ ਅਧਿਕਾਰ ਜਾਗਰੂਕਤਾ ਤੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਨ ਲਈ ਖੁੱਲ੍ਹਾ ਸੁਣਵਾਈ ਕੈਂਪ ਲਗਾਇਆ।ਇਸ ਮੌਕੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੇ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਕੇ ਕਈ ਮਾਮਲਿਆਂ ਵਿੱਚ ਮੌਕੇ 'ਤੇ ਹੀ ਕਾਰਵਾਈ ਲਈ ਨਿਰਦੇਸ਼ ਜਾਰੀ ਕੀਤੇ।ਸੰਬੋਧਨ ਕਰਦਿਆਂ ਪਦਮਸ਼੍ਰੀ ਜਤਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਮਨੁੱਖੀ ਅਧਿਕਾਰ ਕਮਿਸ਼ਨ ਦਾ ਮੁੱਖ ਉਦੇਸ਼ ਹਰ ਨਾਗਰਿਕ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਤੇ ਪੀੜਤਾਂ ਨੂੰ ਸਮੇਂ ਸਿਰ ਇਨਸਾਫ਼ ਦਿਵਾਉਣਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਕਮਿਸ਼ਨ ਤੱਕ ਆਸਾਨ ਪਹੁੰਚ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਤੇ ਉਪ-ਮੰਡਲ ਪੱਧਰ 'ਤੇ ਖੁੱਲ੍ਹੇ ਸੁਣਵਾਈ ਕੈਂਪ ਲਗਾਏ ਜਾ ਰਹੇ ਹਨ, ਤਾਂ ਜੋ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਬਿਨਾਂ ਦੇਰੀ ਹੋ ਸਕੇ।ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਕੋਰ ਗਰੁੱਪ ਬਣਾਉਣ ਵਾਲਾ ਪੰਜਾਬ ਦੇਸ਼ ਦਾ ਪਹਿਲਾ ਮਨੁੱਖੀ ਅਧਿਕਾਰ ਕਮਿਸ਼ਨ ਬਣ ਗਿਆ ਹੈ।

ਇਸ ਦੇ ਨਾਲ ਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਬੰਧੀ ਸ਼ਿਕਾਇਤਾਂ ਲਈ ਕਮਿਸ਼ਨ ਨੇ ਵਟਸਐਪ ਨੰਬਰ 9855475547 ਵੀ ਜਾਰੀ ਕੀਤਾ ਹੈ, ਜਿਸ 'ਤੇ ਕੋਈ ਵੀ ਵਿਅਕਤੀ ਘਰ ਬੈਠਿਆਂ ਆਪਣੀ ਸ਼ਿਕਾਇਤ ਭੇਜ ਸਕਦਾ ਹੈ।ਸ਼ੰਟੀ ਨੇ ਕਿਹਾ ਕਿ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਉਪਰੰਤ ਪੰਜਾਬ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਕੋਈ ਵੀ ਨਿੱਜੀ ਹਸਪਤਾਲ ਬਿੱਲ ਅਦਾ ਨਾ ਹੋਣ ਦੀ ਸੂਰਤ ਵਿੱਚ ਮਰੀਜ਼ ਜਾਂ ਮ੍ਰਿਤਕ ਦੇਹ ਨੂੰ ਨਹੀਂ ਰੋਕ ਸਕੇਗਾ।ਉਨ੍ਹਾਂ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਰੱਖਿਆ ਵੱਲ ਇੱਕ ਮਹੱਤਵਪੂਰਨ ਕਦਮ ਕਰਾਰ ਦਿੱਤਾ।ਕੈਂਪ ਦੌਰਾਨ ਸਿਹਤ, ਸਿੱਖਿਆ, ਨਗਰ ਕੌਂਸਲਾਂ ਦੀਆਂ ਸੇਵਾਵਾਂ, ਆਵਾਰਾ ਪਸ਼ੂਆਂ, ਐਂਬੂਲੈਂਸ ਸਹੂਲਤਾਂ ਤੇ ਹੋਰ ਜਨਤਕ ਮੁੱਦਿਆਂ ਨਾਲ ਸਬੰਧਤ ਸ਼ਿਕਾਇਤਾਂ ਤੇ ਸੁਝਾਅ ਪ੍ਰਾਪਤ ਹੋਏ, ਜਿਨ੍ਹਾਂ ਮਾਮਲਿਆਂ ਦਾ ਨਿਪਟਾਰਾ ਮੌਕੇ 'ਤੇ ਸੰਭਵ ਸੀ, ਉਨ੍ਹਾਂ ਲਈ ਤੁਰੰਤ ਹਦਾਇਤਾਂ ਜਾਰੀ ਕੀਤੀਆਂ ਗਈਆਂ, ਜਦਕਿ ਹੋਰ ਮਾਮਲਿਆਂ ਵਿੱਚ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ।ਇਸ ਮੌਕੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਲੰਟੀਅਰਾਂ ਵੱਲੋਂ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਰੈਲੀ ਵੀ ਕੱਢੀ ਗਈ।

## ਲੋਕ ਮਿਲਣੀ ਦੌਰਾਨ ਪ੍ਰੋ. ਬਲਜਿੰਦਰ ਕੌਰ ਨੇ ਸੁਣੀਆਂ ਸੀਂਗੋ ਵਾਸੀਆਂ ਦੀਆਂ ਸਮੱਸਿਆਵਾਂ, ਸਰਕਾਰੀ ਸਕੀਮਾਂ ਦੀ ਦਿੱਤੀ ਜਾਣਕਾਰੀ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਹਲਕਾ ਤਲਵੰਡੀ ਸਾਬੋ ਦੀ ਵਿਧਾਇਕਾ ਤੇ ਕੈਬਨਿਟ ਰੈਂਕ ਪ੍ਰਾਪਤ ਪ੍ਰੋ. ਬਲਜਿੰਦਰ ਕੌਰ ਨੇ ਪਿੰਡ ਸੀਂਗੋ ਵਿਖੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਪਿੰਡ ਵਾਸੀਆਂ ਨਾਲ ਰੂਬਰੂ ਹੋ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।ਇਸ ਮੌਕੇ ਉਨ੍ਹਾਂ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਮਾਮਲਿਆਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨ ਲਈ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਤੇ ਬਾਕੀ ਮਸਲਿਆਂ ਦੇ ਜਲਦੀ ਹੱਲ ਦਾ ਭਰੋਸਾ ਦਿੱਤਾ।ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਘਰ-ਘਰ ਸਰਕਾਰੀ ਸੇਵਾਵਾਂ ਤੇ ਪਾਰਦਰਸ਼ੀ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਹਲਕੇ ਵਿੱਚ ਸੜਕਾਂ, ਸਿੱਖਿਆ, ਸਿਹਤ, ਬਿਜਲੀ, ਪੀਣ ਵਾਲੇ ਪਾਣੀ ਤੇ ਹੋਰ ਵਿਕਾਸ ਕਾਰਜਾਂ 'ਤੇ ਵੱਡੇ ਪੱਧਰ 'ਤੇ ਕੰਮ ਕੀਤਾ ਗਿਆ ਹੈ, ਜਿਸ ਦਾ ਲਾਭ ਆਮ ਲੋਕਾਂ ਨੂੰ ਮਿਲ ਰਿਹਾ ਹੈ।ਉਨ੍ਹਾਂ ਪਿੰਡ ਵਾਸੀਆਂ ਨੂੰ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਬਾਰੇ ਵੀ ਜਾਣੂ ਕਰਵਾਇਆ ਤੇ ਅਪੀਲ ਕੀਤੀ ਕਿ ਯੋਗ ਲਾਭਪਾਤਰੀ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ।ਮਾਵਾਂ-ਧੀਆਂ ਸਤਿਕਾਰ ਯੋਜਨਾ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਇਹ ਯੋਜਨਾ ਮਹਿਲਾਵਾਂ ਦੀ ਆਰਥਿਕ ਮਜ਼ਬੂਤੀ ਲਈ ਇੱਕ ਮਹੱਤਵਪੂਰਨ ਕਦਮ ਹੈ।ਉਨ੍ਹਾਂ ਕਿਹਾ ਕਿ ਹਰ ਯੋਗ ਮਹਿਲਾ ਨੂੰ ਇਸ ਸਕੀਮ ਦਾ ਲਾਭ ਮਿਲੇਗਾ। ਉਨ੍ਹਾਂ ਵਿਸ਼ਵਾਸ ਜਤਾਇਆ ਕਿ 2027 ਵਿੱਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਵੀ ਇਹ ਯੋਜਨਾ ਜਾਰੀ ਰਹੇਗੀ ਤੇ ਹਰ ਮਹਿਲਾ ਤੱਕ ਇਸ ਦਾ ਲਾਭ ਪਹੁੰਚਾਇਆ ਜਾਵੇਗਾ।ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਆਮ ਆਦਮੀ ਪਾਰਟੀ ਦੇ ਆਗੂ, ਵਰਕਰ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਉਤਸ਼ਾਹ ਨਾਲ ਮਨਾਇਆ ਤੀਆਂ ਦਾ ਤਿਉਹਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਵਿਖੇ ਔਰਤਾਂ ਵਲੋਂ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਿਮ ਰੀਟ੍ਰੀਟ ਹਾਲ ਵਿੱਚ ਮਨਾਏ ਗਏ ਇਸ ਤਿਉਹਾਰ ਦੌਰਾਨ ਮੁੱਖ ਮਹਿਮਾਨ ਵਜੋਂ ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਮੋਹਿਤ ਕੁੰਦਰਾ ਦੀ ਪਤਨੀ ਪੂਜਾ ਕੁੰਦਰਾ ਨੇ ਸ਼ਮੂਲੀਅਤ ਕੀਤੀ। ਔਰਤਾਂ ਵੱਲੋਂ ਇਕੱਠੇ ਹੋ ਕੇ ਗਿੱਧਾ, ਬੋਲੀਆਂ ਤੇ ਹੋਰ ਸੱਭਿਆਚਾਰਕ ਗੀਤ ਪੇਸ਼ ਕਰਕੇ ਤੀਆਂ ਦਾ ਰੰਗ ਬੰਨ੍ਹਿਆ ਗਿਆ। ਮੁੱਖ ਮਹਿਮਾਨ ਪੂਜਾ ਕੁੰਦਰਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਨ੍ਹਾਂ ਪੁਰਾਤਨ ਵਿਰਸੇ ਨਾਲ ਸੰਬੰਧਤ ਤਿਉਹਾਰ 'ਚ ਸਾਨੂੰ ਵੱਧ ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ। ਇਸ ਮੌਕੇ ਰਾਜ ਕੰਗ, ਗੋਲਡੀ, ਪ੍ਰੋਮਿਲਾ ਨਾਗਪਾਲ, ਅਮਨ ਚਾਵਲਾ, ਮਨਜੀਤ ਕੌਰ ਵੀ ਮੌਜੂਦ ਸਨ।

## ਡਰੇਨ ਜੰਗਲੀ ਬੂਟੀ ਨਾਲ ਭਰੀ, ਇਲਾਕੇ ਦੇ ਕਿਸਾਨਾਂ ਤੇ ਵਸਨੀਕ ਚਿੰਤਤ





**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਪਿੰਡ ਮਾਛੀਕੇ, ਹਿੰਮਤਪੁਰਾ ਤੇ ਭਾਗੀਕੇ ਕੋਲੋਂ ਲੰਘਦੀ ਡਰੇਨ ਇਸ ਸਮੇਂ ਪੂਰੀ ਤਰ੍ਹਾਂ ਜੰਗਲੀ ਬੂਟੀ ਨਾਲ ਭਰ ਚੁੱਕੀ ਹੈ, ਜਿਸ ਕਾਰਨ ਇਲਾਕੇ ਦੇ ਕਿਸਾਨਾਂ ਤੇ ਵਸਨੀਕਾਂ ਵਿੱਚ ਚਿੰਤਾ ਦਾ ਮਾਹੌਲ ਹੈ।ਇਹ ਡਰੇਨ ਪਿੱਛੇ ਵਾਲੇ ਇਲਾਕੇ ਤੋਂ ਚੱਲ ਕੇ ਸੈਦੋਕੇ ਖਾਈ ਰਾਹੀਂ ਪੱਖਰਵੱਡ ਵਿਖੇ ਦੋ ਹੋਰ ਡਰੇਨਾਂ ਵਿੱਚ ਜਾ ਮਿਲਦੀ ਹੈ।ਇਲਾਕਾ ਵਾਸੀਆਂ ਤੇ ਕਿਸਾਨ ਆਗੂ ਸਰਬਜੀਤ ਸਿੰਘ ਮਾਛੀਕੇ ਦਾ ਕਹਿਣਾ ਹੈ ਕਿ ਡਰੇਨ ਵਿੱਚ ਜੰਗਲੀ ਬੂਟੀ ਦੀ ਭਰਮਾਰ ਹੋਣ ਕਾਰਨ ਪਾਣੀ ਦਾ ਵਹਾਅ ਲਗਭਗ ਰੁਕ ਗਿਆ ਹੈ।ਬਰਸਾਤਾਂ ਦੇ ਮੌਸਮ ਨੂੰ ਦੇਖਦੇ ਹੋਏ ਜੇਕਰ ਭਾਰੀ ਮੀਂਹ ਪੈਂਦਾ ਹੈ ਤਾਂ ਆਲੇ-ਦੁਆਲੇ ਦੇ ਖੇਤਾਂ ਵਿੱਚ ਪਾਣੀ ਭਰਨ ਤੇ ਫਸਲਾਂ ਦੇ ਨੁਕਸਾਨ ਦਾ ਖ਼ਤਰਾ ਬਣ ਸਕਦਾ ਹੈ।ਸਥਾਨਕ ਲੋਕਾਂ ਤੇ ਕਿਸਾਨ ਆਗੂ ਸਰਬਜੀਤ ਸਿੰਘ ਮਾਛੀਕੇ ਨੇ ਦੱਸਿਆ ਕਿ ਜੰਗਲੀ ਬੂਟੀ ਹੇਠਾਂ ਖੜ੍ਹੇ ਗੰਦੇ ਪਾਣੀ ਵਿੱਚ ਵੱਡੀ ਗਿਣਤੀ ਵਿੱਚ ਸੱਪ ਤੇ ਹੋਰ ਜ਼ਹਿਰੀਲੇ ਜੀਵ ਰਹਿੰਦੇ ਹਨ, ਜਿਸ ਨਾਲ ਕਿਸਾਨਾਂ ਤੇ ਰਾਹਗੀਰਾਂ ਦੀ ਸੁਰੱਖਿਆ ਨੂੰ ਵੀ ਖ਼ਤਰਾ ਪੈਦਾ ਹੋ ਗਿਆ ਹੈ।ਇਲਾਕਾ ਵਾਸੀਆਂ ਤੇ ਕਿਸਾਨ ਆਗੂ ਸਰਬਜੀਤ ਸਿੰਘ ਮਾਛੀਕੇ ਨੇ ਡਰੇਨੇਜ ਵਿਭਾਗ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦੇ ਹੋਏ ਇਸ ਨੂੰ ਲਾਪ੍ਰਵਾਹੀ ਕਰਾਰ ਦਿੱਤਾ ਹੈ।ਉਨ੍ਹਾਂ ਸਬੰਧਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਬਰਸਾਤਾਂ ਤੋਂ ਪਹਿਲਾਂ ਡਰੇਨ ਦੀ ਤੁਰੰਤ ਸਫਾਈ ਕਰਵਾ ਕੇ ਪਾਣੀ ਦਾ ਨਿਕਾਸ ਸੁਚਾਰੂ ਬਣਾਇਆ ਜਾਵੇ, ਤਾਂ ਜੋ ਕਿਸੇ ਵੀ ਤਰ੍ਹਾਂ ਦੇ ਜਾਨੀ ਜਾਂ ਮਾਲੀ ਨੁਕਸਾਨ ਤੋਂ ਬਚਿਆ ਜਾ ਸਕੇ।

## ਮਿਸ਼ਨ 2027 ਨੂੰ ਲੈ ਕੇ ਹਲਕੇ 'ਚ ਮੀਟਿੰਗਾਂ ਕੀਤੀਆਂ ਜਾਣਗੀਆਂ : ਨਿਰਮਲ ਭੱਟੀਆਂ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਪਾਰਟੀ ਦੇ ਮਿਸ਼ਨ 2027 ਨੂੰ ਸਫ਼ਲ ਬਣਾਉਣ ਦੇ ਉਦੇਸ਼ ਨਾਲ ਹਲਕਾ ਸਨੌਰ ਦੇ ਸੀਨੀਅਰ ਕਾਂਗਰਸੀ ਆਗੂ ਨਿਰਮਲ ਸਿੰਘ ਭੱਟੀਆਂ ਵੱਲੋਂ ਪਾਰਟੀ ਵਰਕਰਾਂ ਦੀ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਸੰਗਠਨ ਨੂੰ ਬੂਥ ਪੱਧਰ ਤੱਕ ਹੋਰ ਮਜ਼ਬੂਤ ਕਰਨ ਤੇ ਲੋਕਾਂ ਨਾਲ ਨਿਰੰਤਰ ਸੰਪਰਕ ਬਣਾਈ ਰੱਖਣ 'ਤੇ ਜ਼ੋਰ ਦਿੱਤਾ ਗਿਆ। ਨਿਰਮਲ ਸਿੰਘ ਭੱਟੀਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਲੋਕਾਂ ਦੇ ਹੱਕਾਂ ਦੀ ਆਵਾਜ਼ ਹੈ ਤੇ ਹਰ ਵਰਕਰ ਪਾਰਟੀ ਦੀ ਸਭ ਤੋਂ ਵੱਡੀ ਤਾਕਤ ਹੈ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪਿੰਡ-ਪਿੰਡ ਤੇ ਘਰ-ਘਰ ਜਾ ਕੇ ਪਾਰਟੀ ਦੀਆਂ ਨੀਤੀਆਂ ਤੇ ਲੋਕ ਹਿੱਤ ਦੇ ਮੁੱਦਿਆਂ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਆਉਣ ਵਾਲੀਆਂ ਚੋਣਾਂ ਲਈ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਨੂੰ ਮੁੜ ਮਜ਼ਬੂਤ ਕਰਨ ਲਈ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਸਰਗਰਮ ਕੀਤਾ ਜਾ ਰਿਹਾ ਹੈ ਤੇ ਪਾਰਟੀ ਵੀ 2027 ਦੀਆਂ ਚੋਣਾਂ ਲਈ ਸੰਗਠਨਾਤਮਕ ਮਜ਼ਬੂਤੀ 'ਤੇ ਜ਼ੋਰ ਦੇ ਰਹੀ ਹੈ। ਇਸ ਮੌਕੇ ਵਰਕਰਾਂ ਨੇ ਹਲਕਾ ਸਨੌਰ ਵਿੱਚ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਕੁਲਦੀਪ ਸਿੰਘ ਕਾਲਾ (ਸਾਬਕਾ ਪ੍ਰਧਾਨ ਨਗਰ ਕੌਂਸਲ ਸਨੌਰ), ਕਾਹਨ ਸਿੰਘ ਰਾਣਾ ਮੰਜਾਲ, ਕਾਲਾ ਰਾਏਪੁਰ (ਸਰਕਲ ਪ੍ਰਧਾਨ ਬਹਾਦਰਗੜ੍ਹ ਕਾਂਗਰਸ), ਨੱਛਤਰ ਸਿੰਘ ਦੌਣ ਕਲਾਂ, ਰਾਮ ਸਿੰਘ ਵਾਲੀਆਂ, ਦਰਸ਼ਨ ਸਿੰਘ ਹਾਜ਼ਰ ਰਹੇ।

## 7 ਦੀ ਚੰਡੀਗੜ੍ਹ ਰੈਲੀ 'ਚ ਡੀ ਟੀ ਐੱਫ ਵੱਲੋਂ ਭਰਵੀਂ ਸ਼ਮੂਲੀਅਤ ਦਾ ਫੈਸਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਮੋਗਾ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ ਦੀ ਅਗਵਾਈ ਹੇਠ ਹੋਈ।ਮੀਟਿੰਗ ਦੌਰਾਨ ਅਧਿਆਪਕਾਂ ਤੇ ਮੁਲਾਜ਼ਮਾਂ ਨਾਲ ਸਬੰਧਤ ਵੱਖ-ਵੱਖ ਅਹਿਮ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਕਈ ਮਹੱਤਵਪੂਰਨ ਫ਼ੈਸਲੇ ਲਏ ਗਏ।ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਪੰਜਾਬ ਦੇ ਮੁਲਾਜ਼ਮਾਂ ਦੀਆਂ ਮੰਗਾਂ 'ਤੇ ਚੁੱਪ ਵੱਟੀ ਬੈਠੀ ਆਪ ਸਰਕਾਰ ਨੂੰ ਜਗਾਉਣ ਲਈ 7 ਅਗਸਤ ਨੂੰ ਸਾਂਝੇ ਮੰਚ, ਪੈਨਸ਼ਨਰਜ਼ ਫਰੰਟ, ਪੰਜਾਬ ਮੁਲਾਜ਼ਮ ਮੰਚ ਤੇ ਆਜ਼ਾਦ ਜਥੇਬੰਦੀਆਂ ਦੇ ਆਧਾਰ 'ਤੇ ਬਣੀ ਜਾਇੰਟ ਕੋਆਰਡੀਨੇਸ਼ਨ ਕਮੇਟੀ ਵੱਲੋਂ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਰੈਲੀ ਵਿੱਚ ਡੀ.ਟੀ.ਐੱਫ. ਮੋਗਾ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਇਸ ਰੈਲੀ ਦੀ ਤਿਆਰੀ ਲਈ ਸਮੂਹ ਬਲਾਕ ਕਮੇਟੀਆਂ ਆਪਣੇ-ਆਪਣੇ ਬਲਾਕਾਂ ਵਿੱਚ ਕਮੇਟੀਆਂ ਦਾ ਗਠਨ ਕਰਕੇ ਸਕੂਲਾਂ ਵਿੱਚ ਅਧਿਆਪਕਾਂ ਨਾਲ ਰਾਬਤਾ ਕਾਇਮ ਕਰਨਗੀਆਂ ਤੇ ਉਨ੍ਹਾਂ ਨੂੰ ਰੈਲੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨਗੀਆਂ।ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਅੱਤ ਦੀ ਗਰਮੀ ਵਿੱਚ ਅਧਿਆਪਕਾਂ ਵੱਲੋਂ ਕੀਤੀ ਗਈ ਜਨਗਣਨਾ ਡਿਊਟੀ ਦਾ ਮਿਹਨਤਾਨਾ ਅਜੇ ਤੱਕ ਉਨ੍ਹਾਂ ਨੂੰ ਨਹੀਂ ਮਿਲਿਆ। ਇਸ ਸਬੰਧੀ ਜਲਦ ਹੀ ਸਬੰਧਤ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਮਿਹਨਤਾਨਾ ਜਾਰੀ ਕਰਵਾਉਣ ਦੀ ਮੰਗ ਉਠਾਉਣ ਦਾ ਫ਼ੈਸਲਾ ਕੀਤਾ ਗਿਆ।ਮੀਟਿੰਗ ਵਿੱਚ ਸੂਬਾ ਪ੍ਰਧਾਨ ਦਿਗ ਵਿਜੈਪਾਲ ਸ਼ਰਮਾ, ਗੁਰਮੀਤ ਸਿੰਘ ਝੋਰੜਾ ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ ਸਵਰਨਦਾਸ, ਵਿੱਤ ਸਕੱਤਰ ਗੁਰਸ਼ਰਨ ਸਿੰਘ, ਜ਼ਿਲ੍ਹਾ ਜੁਆਇੰਟ ਸਕੱਤਰ ਅਮਨਦੀਪ ਮਾਛੀਕੇ, ਅਮਰਦੀਪ ਸਿੰਘ ਬੁੱਟਰ, ਜਗਜੀਤ ਸਿੰਘ ਰਣੀਆਂ, ਦੀਪਕ ਮਿੱਤਲ, ਨਰਿੰਦਰ ਸਿੰਘ ਸਮੇਤ ਹੋਰ ਆਗੂ ਹਾਜ਼ਰ ਸਨ।

## ਪੁਰੀ ਰੈਸਟੋਰੈਂਟ 'ਚ ਤੀਆਂ ਦਾ ਤਿਉਹਾਰ ਮਨਾਇਆ



**ਬਠਿੰਡਾ (ਰਾਜੀਵ ਗੋਇਲ)**-ਸਾਉਣ ਮਹੀਨਾ ਔਰਤਾਂ ਲਈ ਬਹੁਤ ਹੀ ਵਿਸ਼ੇਸ਼ ਹੁੰਦਾ ਹੈ, ਕਿਉਂਕਿ ਇਸ ਮਹੀਨੇ ਔਰਤਾਂ ਇਕੱਠੀਆਂ ਹੋ ਕੇ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ ਤੇ ਆਨੰਦ ਮਾਣਦੀਆਂ ਹਨ। ਇਸੇ ਹੀ ਲੜੀ ਤਹਿਤ ਜ਼ਿਲ੍ਹੇ ਦੇ ਕਸਬਾ ਭਗਤਾ ਭਾਈਕਾ ਵਿਖੇ ਔਰਤਾਂ ਨੇ ਰਲ ਇਕੱਠੀਆਂ ਹੋ ਕੇ ਪੁਰੀ ਰੈਸਟੋਰੈਂਟ ਵਿਖੇ 'ਤੀਆਂ ਦਾ ਤਿਉਹਾਰ' ਮਨਾਇਆ ਅਤੇ ਬੋਲੀਆਂ ਤੇ ਗਿੱਧੇ ਨਾਲ ਪੂਰਾ ਹਾਲ ਗੂੰਜਣ ਲਾ ਦਿੱਤਾ ਅਤੇ ਇਸ ਤਿਉਹਾਰ ਦਾ ਖੂਬ ਆਨੰਦ ਮਾਣਿਆ। ਜਾਣਕਾਰੀ ਦਿੰਦਿਆਂ ਰੈਸਟੋਰੈਂਟ ਦੇ ਮਾਲਕ ਗੁਰਚਰਨ ਪੁਰੀ ਨੇ ਦੱਸਿਆ ਕਿ ਆਏ ਸਾਲ ਇਹ ਔਰਤਾਂ ਇਕੱਠੀਆਂ ਹੋ ਕੇ ਉਨ੍ਹਾਂ ਦੇ ਰੈਸਟੋਰੈਂਟ ਵਿਖੇ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ ਤੇ ਖੂਬ ਆਨੰਦ ਮਾਣਦੀਆਂ ਹਨ। ਇਸ ਮੌਕੇ ਰਮਨਦੀਪ ਕੌਰ, ਕੋਮਲ, ਪੂਜਾ, ਮਨਜੀਤ ਕੌਰ, ਜਸਪ੍ਰੀਤ ਕੌਰ, ਰਾਜਵਿੰਦਰ ਕੌਰ, ਸੁਖਦੇਵ ਕੌਰ, ਵੀਰਪਾਲ ਕੌਰ, ਮਨੀਸ਼ਾ ਸਮੇਤ ਹੋਰ ਵੀ ਔਰਤਾਂ ਸ਼ਾਮਲ ਸਨ।

# ਧਾਲੀਵਾਲ ਨੇ ਦਰਜਨ ਪਿੰਡਾਂ ਨੂੰ ਲਿੰਕ ਕਰਦੀ ਸੜਕ ਦਾ ਰੱਖਿਆ ਨੀਂਹ ਪੱਥਰ

## * ਪੰਜਾਬੀ ਮੁੜ ਮਾਨ ਸਰਕਾਰ ਨੂੰ ਸੱਤਾ 'ਚ ਲਿਆਉਣ ਲਈ ਪੱਬਾਂ ਭਾਰ

ਅੰਮ੍ਰਿਤਸਰ/ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਆਮ ਆਦਮੀ ਪਾਰਟੀ ਦੇ ਸੂਬਾ ਮੁੱਖ ਬੁਲਾਰੇ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡ ਪੱਕ ਗਰਾਈਂ ਨਿੱਜਰਾਂ ਤੋਂ ਵਾਇਆ ਤੇੜੀ, ਕਿਆਮਪੁਰ, ਤੇੜਾ ਕਲਾਂ, ਤੇੜਾ ਖੁਰਦ, ਘੁੱਕੇਵਾਲੀ, ਸਹਿਸਰਾ, ਜਗਦੇਵ ਕਲਾਂ, ਸੰਤੂ ਨੰਗਲ, ਚੇਤਨਪੁਰਾ ਤੱਕ ਕਰੀਬ 20 ਕਿਲੋਮੀਟਰ ਲੰਬੀ ਤੇ ਕਰੀਬ 15 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀ ਨਵੀਂ ਸੜਕ ਦਾ ਸੰਬੰਧ ਤੇ ਪ੍ਰਭਾਵਸ਼ਾਲੀ ਸਮਾਗਮ ਉਪਰੰਤ ਨੀਂਹ ਪੱਥਰ ਰੱਖਣ ਦੀ ਰਸਮ ਅਦਾਇਗੀ ਮੌਕੇ ਮੌਜੂਦ ਪੰਚਾਂ, ਸਰਪੰਚਾਂ ਤੇ ਮੋਹਤਬਰਾਂ ਦੀਆਂ ਤਾੜੀਆਂ ਤੇ ਜ਼ਿੰਦਾਬਾਦ ਨਾਅਰਿਆਂ 'ਚ ਕੀਤੀ ਅਤੇ ਵਿਭਾਗ ਸਮੇਤ ਠੇਕੇਦਾਰਾਂ ਨੂੰ ਨਵ ਨਿਰਮਾਣ ਸੜਕੀ ਵਿਕਾਸ ਕਾਰਜ 'ਚ ਪਾਰਦਰਸ਼ਤਾ ਤੇ ਗੁਣਵੱਤਾ ਬਣਾਈ ਰੱਖਣ ਲਈ ਸੰਖੇਪ ਨਿਰਦੇਸ਼ ਦਿੰਦਿਆਂ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ, ਦੀ ਵੀ ਗੱਲ ਆਖੀ।ਇਸ ਮੌਕੇ ਧਾਲੀਵਾਲ ਨੇ ਕਿਹਾ ਕਿ ਇਤਿਹਾਸਕ ਅਸਥਾਨ ਗੁਰੂ ਕਾ ਬਾਗ ਤੇ ਬਾਬਾ ਮੋਹਰ ਬੁਖਾਰੀ ਸਥਾਨ ਦੀ ਮਹੱਤਤਾ ਦੇ ਬਾਵਜੂਦ ਪਿਛਲੇ 25 ਸਾਲਾਂ ਤੋਂ ਵਿਕਾਸ ਨੂੰ ਤਰਸਦੀ ਇਸ ਖਸਤਾ ਹਾਲਤ ਸੜਕ ਨੂੰ ਨਵਿਆਉਣ ਲਈ ਸਾਬਕਾ ਸਰਕਾਰਾਂ ਨੇ ਸ਼ਰਧਾਲੂਆਂ ਨੂੰ ਵੀ ਅਣਗੌਲੇ ਕਰਕੇ ਕੋਈ ਧਿਆਨ ਨਹੀਂ ਦਿੱਤਾ।ਉਨ੍ਹਾਂ ਨੇ ਸਾਬਕਾ ਸਰਕਾਰਾਂ 'ਤੇ ਵਰ੍ਹਦਿਆਂ ਇਲਜ਼ਾਮ ਲਾਇਆ ਕਿ ਸਾਬਕਾ ਸਰਕਾਰਾਂ ਨੇ ਜਨਤਾ ਦੇ ਗੈਰ-ਸਰਕਾਰੀ ਖ਼ਜ਼ਾਨੇ ਦੀ ਲੁੱਟ-ਖਸੁੱਟ ਕਰਨ ਲਈ ਲੋਕ ਸਰੋਕਾਰਾਂ ਨੂੰ ਪਿੱਠ ਦਿੱਤਾ ਅਤੇ ਹੁਣ ਫਿਰ ਵੋਟਾਂ ਨੇੜੇ ਆਉਂਦਿਆਂ ਹੀ ਅਕਾਲੀ ਸਰਮਾਏਦਾਰੀ ਡੱਡੂਆਂ ਵਾਂਗ ਆਪਣੇ ਘੁਰਨਿਆਂ 'ਚੋਂ ਨਿਕਲ ਕੇ ਮੁੜ ਸੱਤਾ 'ਚ ਆਉਣ ਲਈ ਵੋਟਰਾਂ ਨੂੰ ਗੁੰਮਰਾਹ ਕਰਨ ਲਈ ਕੱਛਾਂ ਵਜਾ ਰਹੇ ਹਨ ਪਰ ਵੋਟਰ ਵਿਕਾਸ ਤੇ ਰੁਜ਼ਗਾਰ ਦੀ ਰਾਜਨੀਤੀ ਤੋਂ ਭਲੀ ਭਾਂਤ ਜਾਣੂੰ ਹੋ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਮੁੜ 'ਆਪ' ਦੀ ਸਰਕਾਰ ਬਣਾਉਣ ਲਈ ਤਿਆਰ ਹੈ। ਬੁਰੀ ਤਰ੍ਹਾਂ ਕਲੇਸ਼ 'ਚ ਸ਼ਿਕਾਰ ਸਾਬਕਾ ਸਰਕਾਰਾਂ ਦੀਆਂ ਪਾਰਟੀਆਂ ਸਮੇਤ ਹੋਰ ਵਿਰੋਧੀ ਰਾਜਸੀ ਧਿਰਾਂ ਨੂੰ ਵੋਟਰ ਮੂੰਹ ਨਹੀਂ ਲਗਾ ਰਹੇ। ਸ. ਧਾਲੀਵਾਲ ਨੇ ਇਹ ਵੀ ਐਲਾਨ ਕੀਤਾ ਕਿ ਹਲਕਾ ਅਜਨਾਲਾ 'ਚ ਸੜਕਾਂ ਦਾ ਪਿਛਲੇ ਸਾਢੇ ਚਾਰ ਸਾਲਾਂ 'ਚ ਕਰੋੜਾਂ ਰੁਪਏ ਦੀ ਲਾਗਤ ਨਾਲ ਲਗਾਤਾਰ ਜਾਲ ਵਿਛਾਇਆ ਗਿਆ ਹੈ ਅਤੇ ਇਸੇ ਲੜੀ ਤਹਿਤ ਹੀ ਕਰੀਬ 29 ਹੋਰ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ ਜਿਸ 'ਤੇ ਕਰੀਬ 40 ਕਰੋੜ ਰੁਪਏ ਲਾਗਤ ਆਉਣ ਦੀ ਸੰਭਾਵਨਾ ਹੈ।ਇਸ ਮੌਕੇ ਸਰਪੰਚ ਜੰਗਾ ਫੇਰੋਵਾਲੀ ਤੇ ਲੰਬਰਦਾਰ ਜਸਵਿੰਦਰ ਸਿੰਘ ਹਾਜ਼ਰ ਸਨ।



# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਵਿਖੇ ਪਲੇਸਮੈਂਟ ਕੈਂਪ ਭਲਕੇ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ/ ਕੰਵਲਜੀਤ ਸਿੰਘ/ਜਗਦੀਸ਼ ਕਮਲੇਸ਼)-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਰੁਪਿੰਦਰ ਪਾਲ ਸਿੰਘ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ)-ਕਮ-ਮੁੱਖ ਕਾਰਜਕਾਰੀ ਅਫਸਰ ਡੀ. ਬੀ. ਈ. ਈ. ਅੰਮ੍ਰਿਤਸਰ ਨੇ ਕੀਤਾ।ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਸੁਰੇਸ਼ ਕੁਮਾਰ ਨੇ ਦੱਸਿਆ ਕਿ 5 ਅਗਸਤ ਦਿਨ ਬੁੱਧਵਾਰ ਨੂੰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਡੀ. ਸੀ. ਦਫਤਰ, ਜ਼ਮੀਨੀ ਮੰਜ਼ਿਲ ਨੇੜੇ ਸੁਵਿਧਾ ਕੇਂਦਰ ਅੰਮ੍ਰਿਤਸਰ ਵਿਖੇ ਕੈਂਪ ਲਗਾਇਆ ਜਾ ਰਿਹਾ ਹੈ।ਇਸ ਪਲੇਸਮੈਂਟ ਕੈਂਪ ਵਿੱਚ ਜਸਟ ਡਾਇਲ, ਐਸ. ਆਈ. ਐਸ. ਆਈ. ਬੈਂਕ, ਡੀ-ਮਾਰਟ, ਮਨੀਪਾਲ ਸਿਗਨਾ ਹੈਲਥ ਇੰਸ਼ੋਰੈਂਸ ਵਰਗੀਆਂ ਨਾਮੀ ਕੰਪਨੀਆਂ ਵੱਲੋਂ ਸੇਲਜ਼ ਐਂਡ ਮਾਰਕੀਟਿੰਗ ਰਿਲੇਸ਼ਨਸ਼ਿਪ ਪ੍ਰੋਗਰਾਮ, ਏਰੀਆ ਮੈਨੇਜਰ, ਬ੍ਰਾਂਚ ਮੈਨੇਜਰ, ਫੀਲਡ ਅਫਸਰ, ਪੈਕਰ, ਗੋਦਾਮ ਅਸਿਸਟੈਂਟ, ਇੰਸ਼ੋਰੈਂਸ ਐਡਵਾਈਜ਼ਰ ਆਦਿ ਦੀ ਅਸਾਮੀ ਦੇ ਲਈ ਯੋਗ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ।ਇਸ ਪਲੇਸਮੈਂਟ ਕੈਂਪ ਵਿਚ 10ਵੀਂ, 12ਵੀਂ ਅਤੇ ਗ੍ਰੈਜੂਏਸ਼ਨ ਦੀ ਯੋਗਤਾ ਵਾਲੇ ਉਮੀਦਵਾਰ (ਦੋਵੇਂ ਲੜਕੇ ਅਤੇ ਲੜਕੀਆਂ) ਭਾਗ ਲੈ ਸਕਦੇ ਹਨ।ਚਾਹਵਾਨ ਉਮੀਦਵਾਰ ਆਪਣੇ ਯੋਗਤਾ ਦੇ ਸਰਟੀਫਿਕੇਟ ਲੈ ਕੇ ਬੁੱਧਵਾਰ ਸਵੇਰੇ 10:00 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਡੀ. ਸੀ. ਦਫਤਰ ਨੇੜੇ ਕਚਹਿਰੀ ਚੌਕ ਵਿਖੇ ਪਹੁੰਚਣ।ਵਧੇਰੇ ਜਾਣਕਾਰੀ ਲਈ ਇਸ ਦਫਤਰ ਦੇ ਹੈਲਪਲਾਈਨ ਨੰਬਰ 9915789068 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਪਰੇਸ਼ਨ ਪ੍ਰਹਾਰ 4.0 ਤਹਿਤ 102 ਦੋਸ਼ੀ ਕਾਬੂ

ਬਟਾਲਾ, (ਡਾ. ਮਲਵਿੰਦਰ ਸਿੰਘ)- ਡਾ. ਮਹਿਤਾਬ ਸਿੰਘ ਐੱਸ. ਐੱਸ. ਪੀ. ਬਟਾਲਾ ਨੇ ਦੱਸਿਆ ਕਿ ਗੌਰਵ ਯਾਦਵ ਡਾਇਰੈਕਟਰ ਜਨਰਲ ਪੁਲਸ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਹਰਮਨਬੀਰ ਸਿੰਘ ਗਿੱਲ, ਡਿਪਟੀ ਇੰਸਪੈਕਟਰ ਜਨਰਲ ਪੁਲਸ, ਬਾਰਡਰ ਰੇਂਜ ਅੰਮ੍ਰਿਤਸਰ ਦੀ ਸੁਪਰਵਿਜ਼ਨ ਹੇਠ ਮਾੜੇ ਅਨਸਰਾਂ ਖਿਲਾਫ ਬਟਾਲਾ ਪੁਲਸ ਵੱਲੋਂ 'ਆਪਰੇਸ਼ਨ ਪ੍ਰਹਾਰ 4.0' ਤਹਿਤ ਗੈਂਗਸਟਰਾਂ, ਨਸ਼ਾ ਤਸਕਰੀ, ਗੈਰ-ਕਾਨੂੰਨੀ ਹਥਿਆਰਾਂ ਅਤੇ ਅਪਰਾਧਿਕ ਗਤੀਵਿਧੀਆਂ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੌਰਾਨ ਜ਼ਿਲ੍ਹਾ ਪੁਲਸ ਵੱਲੋਂ ਵਿਸ਼ੇਸ਼ ਟੀਮਾਂ ਬਣਾ ਕੇ ਸ਼ੱਕੀ ਵਿਅਕਤੀਆਂ, ਲੋੜੀਂਦੇ ਮੁਲਜ਼ਮਾਂ ਅਤੇ ਗੈਂਗਸਟਰਾਂ ਦੇ ਸਾਥੀਆਂ ਅਤੇ ਉਨ੍ਹਾਂ ਦੇ ਟਿਕਾਣਿਆਂ 'ਤੇ ਰੇਡ ਕੀਤੇ ਗਏ ਹਨ।ਇਸ ਤੋਂ ਇਲਾਵਾ ਸੰਵੇਦਨਸ਼ੀਲ ਖੇਤਰਾਂ ਦੀ ਘੇਰਾਬੰਦੀ ਕਰਕੇ ਉਨ੍ਹਾਂ ਇਲਾਕਿਆਂ ਦੀ ਸਰਚ ਕੀਤੀ ਜਾ ਰਹੀ ਹੈ।ਇਸ ਆਪਰੇਸ਼ਨ ਦੌਰਾਨ 102 ਦੋਸ਼ੀ ਗ੍ਰਿਫਤਾਰ ਕੀਤੇ ਗਏ, 56 ਗ੍ਰਾਮ ਹੈਰੋਇਨ, 120 ਗੋਲੀਆਂ, 150 ਗ੍ਰਾਮ ਸੋਨਾ, 01 ਮੋਟਰਸਾਈਕਲ, 64 ਰੋਡ ਕਾਰਵਾਈਆਂ, 05 ਪੀ. ਓ. ਗ੍ਰਿਫਤਾਰ ਕੀਤੇ ਗਏ।ਉਨ੍ਹਾਂ ਦੱਸਿਆ ਕਿ ਆਪਰੇਸ਼ਨ ਪ੍ਰਹਾਰ ਤਹਿਤ 04 ਐੱਸ.ਪੀ 08 ਡੀ.ਐੱਸ.ਪੀ, 355 ਐੱਨਜੀਓਜ਼ ਅਤੇ 435 ਈਪੀਓਜ਼ ਤਾਇਨਾਤ ਕੀਤੇ ਗਏ ਸਨ।ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਬਟਾਲਾ ਪੁਲਸ ਸੰਗਠਿਤ ਅਪਰਾਧ, ਗੈਂਗਸਟਰਵਾਦ ਅਤੇ ਨਸ਼ਾ ਤਸਕਰੀ ਪ੍ਰਤੀ ਜ਼ੀਰੋ ਟੋਲਰੈਂਸ ਦੀ ਨੀਤੀ ਅਪਣਾ ਰਹੀ ਹੈ। ਆਮ ਲੋਕਾਂ ਦੀ ਸੁਰੱਖਿਆ ਅਤੇ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਬਣਾਉਣ ਲਈ ਅਜਿਹੀਆਂ ਵਿਸ਼ੇਸ਼ ਮੁਹਿੰਮਾਂ ਭਵਿੱਖ ਵਿੱਚ ਵੀ ਲਗਾਤਾਰ ਜਾਰੀ ਰਹਿਣਗੀਆਂ।ਬਟਾਲਾ ਪੁਲਸ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਕਿਸੇ ਵੀ ਸ਼ੱਕੀ ਵਿਅਕਤੀਆਂ ਜਾਂ ਅਪਰਾਧਿਕ ਗਤੀਵਿਧੀ ਬਾਰੇ ਤੁਰੰਤ ਨਜ਼ਦੀਕੀ ਥਾਣਾ ਜਾਂ ਪੁਲਸ ਹੈਲਪਲਾਈਨ 'ਤੇ ਸੂਚਨਾ ਦੇਣ।ਸੂਚਨਾ ਦੇਣ ਵਾਲੇ ਵਿਅਕਤੀ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।



# ਜ਼ਿਗਲੀ ਪੈੱਟ ਕੇਅਰ ਨੇ ਹੈਪੀ ਪਾਲਤੂ ਜਾਨਵਰ ਦਿਵਸ ਦਾ ਤੀਜਾ ਐਡੀਸ਼ਨ ਮਨਾਇਆ

ਜਲੰਧਰ : ਜ਼ਿਗਲੀ ਪੈੱਟ ਕੇਅਰ ਨੇ ਜਲੰਧਰ ਐਕਸਪੀਰੀਐਂਸ ਸੈਂਟਰ ਵਿਖੇ ਅੰਤਰਰਾਸ਼ਟਰੀ ਹੈਪੀ ਪਾਲਤੂ ਜਾਨਵਰ ਦਿਵਸ ਦੇ ਤੀਜੇ ਐਡੀਸ਼ਨ ਦਾ ਆਯੋਜਨ ਕੀਤਾ।ਪਿਛਲੇ ਦੋ ਐਡੀਸ਼ਨਾਂ ਦੀ ਸਫਲਤਾ 'ਤੇ ਨਿਰਮਾਣ ਕਰਦੇ ਹੋਏ ਦੋਸਤੀ ਦਿਵਸ 'ਤੇ ਇਸ ਸਾਲਾਨਾ ਜਸ਼ਨ ਨੇ ਪਾਲਤੂ ਜਾਨਵਰਾਂ ਦੇ ਮਾਪਿਆਂ ਅਤੇ ਉਨ੍ਹਾਂ ਦੇ ਪਾਲਤੂ ਜਾਨਵਰਾਂ ਨੂੰ ਇਕੱਠਾ ਕੀਤਾ।

ਇਸ ਮੌਕੇ ਬੋਲਦੇ ਹੋਏ ਜ਼ਿਗਲੀ ਪੈੱਟ ਕੇਅਰ ਦੇ ਸੀਈਓ ਰਜਤ ਜੈਨ ਨੇ ਕਿਹਾ ਕਿ ਅੰਤਰਰਾਸ਼ਟਰੀ ਹੈਪੀ ਪਾਲਤੂ ਜਾਨਵਰ ਦਿਵਸ ਹਮੇਸ਼ਾ ਪਾਲਤੂ ਜਾਨਵਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿਚਕਾਰ ਨਿਰਸਵਾਰਥ ਪਿਆਰ ਦਾ ਜਸ਼ਨ ਮਨਾਉਣ ਦਾ ਦਿਨ ਰਿਹਾ ਹੈ।ਇਸ ਸਾਲ ਅਸੀਂ ਬਿਹਤਰ ਪਾਲਤੂ ਜਾਨਵਰਾਂ ਦੀ ਸਿਹਤ ਸੰਭਾਲ ਨੂੰ ਤਰਜੀਹ ਦੇ ਕੇ ਇਸ ਉਦੇਸ਼ ਨੂੰ ਇੱਕ ਕਦਮ ਹੋਰ ਅੱਗੇ ਵਧਾਉਣਾ ਚਾਹੁੰਦੇ ਸੀ।

# ਹਾਵਰਡ ਲੇਨ ਸਕੂਲ ਠੱਠਾ ਵਿਖੇ ਕਰਵਾਇਆ ਕਰੀਅਰ ਕਾਊਂਸਲਿੰਗ ਸੈਮੀਨਾਰ

ਝਬਾਲ (ਹਰਜਿੰਦਰ ਸਿੰਘ ਸੋਨੀ)- ਹਾਵਰਡ ਲੇਨ ਸੀਨੀਅਰ ਸਕੂਲ ਠੱਠਾ, ਤਰਨ ਤਾਰਨ ਵਿਖੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਲਈ ਇੱਕ ਵਿਸ਼ੇਸ਼ ਕਰੀਅਰ ਕਾਊਂਸਲਿੰਗ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਪ੍ਰਸਿੱਧ ਕਰੀਅਰ ਕਾਊਂਸਲਰ ਨਿਤਿਨ ਅਗਰਵਾਲ ਅਤੇ ਸਾਗਰ ਚੁੱਗ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਨਿਤਿਨ ਅਗਰਵਾਲ ਨੇ ਵਿਦਿਆਰਥੀਆਂ ਨੂੰ ਕਰੀਅਰ ਦੀ ਚੋਣ ਸਮੇਂ ਆਪਣੀ ਯੋਗਤਾ, ਰੁਚੀ ਅਤੇ ਕਾਬਲੀਅਤ ਨੂੰ ਧਿਆਨ ਵਿੱਚ ਰੱਖਣ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ।ਉਨ੍ਹਾਂ ਨੇ ਦੱਸਿਆ ਕਿ ਬਦਲਦੇ ਸਮੇਂ ਵਿੱਚ ਰਵਾਇਤੀ ਕਰੀਅਰਾਂ ਦੇ ਨਾਲ-ਨਾਲ ਕਈ ਨਵੇਂ ਅਤੇ ਉੱਭਰਦੇ ਕਰੀਅਰ ਵਿਕਲਪ ਵੀ ਉਪਲਬਧ ਹਨ।ਉਨ੍ਹਾਂ ਨੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀਆਂ ਰੁਚੀਆਂ ਨੂੰ ਸਮਝਦਿਆਂ ਉਨ੍ਹਾਂ ਨੂੰ ਸਹੀ ਦਿਸ਼ਾ ਵਿੱਚ ਅੱਗੇ ਵਧਣ ਲਈ ਉਤਸ਼ਾਹਿਤ ਕਰਨ।ਸਾਗਰ ਚੁੱਗ ਨੇ ਭਾਰਤ ਅਤੇ ਵਿਦੇਸ਼ਾਂ ਵਿੱਚ ਉੱਚ ਸਿੱਖਿਆ ਦੇ ਮੌਕਿਆਂ, ਵੱਖ-ਵੱਖ ਕੋਰਸਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਚੋਣ, ਦਾਖਲਾ ਪ੍ਰਕਿਰਿਆ, ਐੱਲ. ਓ. ਆਰ. ਲੈਟਰ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਉਦੇਸ਼ ਨਿਰਧਾਰਤ ਕਰਕੇ ਯੋਜਨਾਬੱਧ ਤਰੀਕੇ ਨਾਲ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ।ਸੈਮੀਨਾਰ ਦੌਰਾਨ ਅਧਿਆਪਕਾਂ ਅਤੇ ਮਾਪਿਆਂ ਨੂੰ ਵੀ ਬੱਚਿਆਂ ਦੀਆਂ ਸਮਰੱਥਾਵਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਉਚਿਤ ਮਾਰਗਦਰਸ਼ਨ ਦੇਣ ਸੰਬੰਧੀ ਕੀਮਤੀ ਸੁਝਾਅ ਦਿੱਤੇ ਗਏ।ਵਿਦਿਆਰਥੀਆਂ ਨੇ ਦੋਵੇਂ ਮਾਹਿਰਾਂ ਨਾਲ ਖੁੱਲ੍ਹ ਕੇ ਆਪਣੇ ਸਵਾਲ ਸਾਂਝੇ ਕੀਤੇ ਅਤੇ ਉਨ੍ਹਾਂ ਦੇ ਤਸੱਲੀਬਖਸ਼ ਜਵਾਬ ਪ੍ਰਾਪਤ ਕੀਤੇ।ਸਕੂਲ ਪ੍ਰਬੰਧਕਾਂ ਅਤੇ ਪ੍ਰਿੰਸੀਪਲ ਨੇ ਦੋਵੇਂ ਕਰੀਅਰ ਮਾਹਿਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਮਾਰਗਦਰਸ਼ਨ ਸੈਸ਼ਨ ਵਿਦਿਆਰਥੀਆਂ ਨੂੰ ਆਪਣੇ ਭਵਿੱਖ ਬਾਰੇ ਸਹੀ ਫ਼ੈਸਲੇ ਲੈਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਸੈਮੀਨਾਰ ਨੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਨਵੇਂ ਕਰੀਅਰ ਮੌਕਿਆਂ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਉਨ੍ਹਾਂ ਦਾ ਆਤਮਵਿਸ਼ਵਾਸ ਪੈਦਾ ਕੀਤਾ।



# ਸਿੱਕੀ ਦੀ ਅਗਵਾਈ ਹੇਠ ਅਨੇਕਾਂ ਪਰਿਵਾਰ ਕਾਂਗਰਸ 'ਚ ਸ਼ਾਮਲ

ਚੋਹਲਾ ਸਾਹਿਬ (ਰਮਨ ਚੱਢਾ)-ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਨੂੰ ਵੱਡਾ ਬਲ ਮਿਲਿਆ।ਅੱਜ ਉਸ ਵੇਲੇ ਰਵਾਇਤੀ ਪਾਰਟੀਆਂ ਨੂੰ ਵੱਡਾ ਝਟਕਾ ਲੱਗਾ, ਜਦੋਂ ਪਿੰਡ ਚੰਬਾ ਖੁਰਦ ਦੇ ਸੈਂਕੜੇ ਪਰਿਵਾਰਾਂ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਅਤੇ ਮਜ਼ਬੂਤ ਲੀਡਰਸ਼ਿਪ 'ਤੇ ਵਿਸ਼ਵਾਸ ਪ੍ਰਗਟਾਉਂਦਿਆਂ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੀ ਅਗਵਾਈ ਹੇਠ ਕਾਂਗਰਸ ਪਰਿਵਾਰ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਫੌਜੀ ਕਸ਼ਮੀਰ ਸਿੰਘ, ਬਾਬਾ ਪਿਆਰਾ ਸਿੰਘ, ਰਵਿੰਦਰ ਸਿੰਘ (ਰਵੀ ਸੇਖੋਂ), ਫੌਜੀ ਬਲਬੀਰ ਸਿੰਘ, ਕਾਰਜ ਸਿੰਘ, ਕੁਲਵਿੰਦਰ ਸਿੰਘ (ਜੇ.ਈ.), ਜਤਿੰਦਰ ਸਿੰਘ, ਮਨਜੀਤ ਸਿੰਘ, ਪਿਆਰਾ ਸਿੰਘ, ਸਰੂਪ ਸਿੰਘ, ਬੂਟਾ ਸਿੰਘ, ਜਰਨੈਲ ਸਿੰਘ, ਜਸਬੀਰ ਸਿੰਘ, ਹਰਦੇਵ ਸਿੰਘ, ਇਕਬਾਲ ਸਿੰਘ, ਕੁਲਵਿੰਦਰ ਸਿੰਘ, ਵਿਸਾਖਾ ਸਿੰਘ, ਗੁਰਦਿਆਲ ਸਿੰਘ, ਅਜੇ ਸਿੰਘ, ਗੁਰਬਚਨ ਸਿੰਘ, ਚੰਦ ਸਿੰਘ, ਹਰਭਜਨ ਸਿੰਘ, ਪਾਲ ਸਿੰਘ, ਗੁਰਬਾਜ ਸਿੰਘ, ਤੇਗਾ ਸਿੰਘ (ਮੈਂਬਰ ਪੰਚਾਇਤ), ਜਸਬੀਰ ਸਿੰਘ (ਮੌਜੂਦਾ ਮੈਂਬਰ ਪੰਚਾਇਤ), ਚਰਨ ਸਿੰਘ, ਪਰਮਜੀਤ ਸਿੰਘ (ਪੰਮਾ), ਗੁਰਜੰਟ ਸਿੰਘ, ਵਿਰਸਾ ਸਿੰਘ, ਚੰਦ ਸਿੰਘ, ਰਵੀਸ਼ੇਰ ਸਿੰਘ, ਸਾਹਿਬ ਸਿੰਘ (ਫੌਜੀ), ਮਨਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਭੇਜ ਸਿੰਘ, ਅਜਮੇਰ ਸਿੰਘ, ਬਗੀਚਾ ਸਿੰਘ, ਨਿਰਮਲ ਸਿੰਘ, ਜੋਬਨ ਸਿੰਘ, ਬੀਬੀ ਪਰਮਜੀਤ ਕੌਰ ਮੌਜੂਦਾ ਮੈਂਬਰ ਪੰਚਾਇਤ, ਬੀਬੀ ਬਲਬੀਰ ਕੌਰ, ਬੀਬੀ ਸਿਮਰਜੀਤ ਕੌਰ, ਬੀਬੀ ਕਮਲਜੀਤ ਕੌਰ, ਬੀਬੀ ਨਿਰਮਲ ਕੌਰ, ਬੀਬੀ ਕੁਲਦੀਪ ਕੌਰ, ਬੀਬੀ ਪਰਮਜੀਤ ਕੌਰ, ਬੀਬੀ ਸੁਰਜੀਤ ਕੌਰ, ਬੀਬੀ ਦਲਜੀਤ ਕੌਰ, ਬੀਬੀ ਜਸਬੀਰ ਕੌਰ, ਬੀਬੀ ਜਸਵਿੰਦਰ ਕੌਰ, ਬੀਬੀ ਕਰਮ ਕੌਰ, ਬੀਬੀ ਸਵਰਨ ਕੌਰ, ਬੀਬੀ ਬਲਵਿੰਦਰ ਕੌਰ ਅਤੇ ਬੀਬੀ ਕਵਲਜੀਤ ਕੌਰ ਨੇ ਆਪਣੇ ਪਰਿਵਾਰਾਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸ਼ਾਮਲ ਹੋਏ ਪਰਿਵਾਰਾਂ ਅਤੇ ਸਾਰੇ ਨਵੇਂ ਜੁੜੇ ਸਾਥੀਆਂ ਦਾ ਕਾਂਗਰਸ ਪਰਿਵਾਰ ਵਿੱਚ ਦਿਲੋਂ ਸਵਾਗਤ ਹੈ।ਵਿਸ਼ਵਾਸ ਦਿਵਾਇਆ ਜਾਂਦਾ ਹੈ ਕਿ ਪਾਰਟੀ ਵਿੱਚ ਹਰ ਵਰਕਰ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਇਲਾਕੇ ਦੇ ਵਿਕਾਸ ਤੇ ਲੋਕਾਂ ਦੀ ਭਲਾਈ ਲਈ ਮਿਲ ਕੇ ਹੋਰ ਮਜ਼ਬੂਤੀ ਨਾਲ ਕੰਮ ਕੀਤਾ ਜਾਵੇਗਾ।



# ਖਾਲਸਾ ਕਾਲਜ ਮਹਿਤਾ ਦਾ ਬੀ. ਏ./ਬੀ.ਕਾਮ. ਦਾ ਸ਼ਾਨਦਾਰ ਨਤੀਜਾ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਖਾਲਸਾ ਕਾਲਜ ਮਹਿਤਾ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਬੀ. ਏ ਅਤੇ ਬੀ. ਕਾਮ. ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਲਜ ਦਾ ਨਾਮ ਰੋਸ਼ਨ ਕੀਤਾ ਹੈ। ਬੀ. ਏ. ਦੇ ਰੌਬਿਨ ਸਿੰਘ ਤੇ ਸਰਬਜੀਤ ਕੌਰ ਨੇ 80% ਸਤਿੰਦਰ ਕੌਰ ਤੇ ਜੋਬਨਪ੍ਰੀਤ ਕੌਰ 79%, ਜਸਮੀਤ ਕੌਰ ਤੇ ਜੈਸਮੀਨ ਕੌਰ 76% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਹਾਸਲ ਕੀਤਾ।ਕਾਮਰਸ ਵਿਭਾਗ ਦੇ ਸੁਖਮਨਦੀਪ ਕੌਰ ਤੇ ਮਨਦੀਪ ਕੌਰ 82%, ਜਗਪ੍ਰੀਤ ਕੌਰ ਤੇ ਹਰਪ੍ਰੀਤ ਕੌਰ 79%, ਸੁਖਮਨਦੀਪ ਕੌਰ 76% ਅੰਕ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਜੋਬਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਬਿਕਰਮਜੀਤ ਸਿੰਘ, ਜਸ਼ਨਦੀਪ ਸਿੰਘ, ਸੁੱਖਜਸ਼ਨ ਸਿੰਘ ਆਦਿ ਨੇ ਵਧੀਆ ਅੰਕ ਪ੍ਰਾਪਤ ਕੀਤੇ।ਪ੍ਰਿੰਸੀਪਲ ਡਾ. ਗੁਰਦੀਪ ਸਿੰਘ ਨੇ ਸਫਲ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਨਤੀਜਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਅਧਿਆਪਕਾਂ ਦੀ ਨਿਰੰਤਰ ਮਾਰਗਦਰਸ਼ਨ ਦਾ ਨਤੀਜਾ ਹੈ।ਇਸ ਮੌਕੇ ਸਫਲ ਵਿਦਿਆਰਥੀਆਂ ਨੇ ਆਪਣੀ ਸਫਲਤਾ ਦਾ ਸਿਹਰਾ ਕਾਲਜ ਦੇ ਅਧਿਆਪਕਾਂ, ਮਾਪਿਆਂ ਅਤੇ ਕਾਲਜ ਵੱਲੋਂ ਮਿਲੇ ਉਚਿਤ ਅਕਾਦਮਿਕ ਮਾਹੌਲ ਨੂੰ ਦਿੱਤਾ।ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਡਾ. ਜਤਿੰਦਰ ਸ਼ਰਮਾ, ਕੁਲਦੀਪ ਕੌਰ, ਸੁਖਦੇਵ ਸਿੰਘ, ਮਨਜੀਤ ਕੌਰ, ਗੁਰਵਿੰਦਰ ਕੌਰ, ਰੁਪਿੰਦਰ ਕੌਰ, ਨਵਨੀਤ ਕੌਰ, ਸੰਦੀਪ ਕੌਰ, ਸੁਪ੍ਰੀਤ ਕੌਰ, ਗੁਰਸ਼ਰਨਪ੍ਰੀਤ ਕੌਰ, ਸੁਖਮਨਦੀਪ ਕੌਰ, ਪਵਨਪ੍ਰੀਤ ਕੌਰ, ਅਮਨਦੀਪ ਕੌਰ, ਬਲਜੀਤ ਕੌਰ, ਮਨਦੀਪ ਕੌਰ, ਪੂਰਤੀ ਸ਼ਰਮਾ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।



# ਸਾਹਿਲਦੀਪ ਕੌਰ ਦਾ ਭੋਗ ਅੱਜ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਪੰਚਾਇਤ ਸੈਕਟਰੀ ਮੇਵਾ ਸਿੰਘ ਸਾਧਪੁਰ ਜਿਨ੍ਹਾਂ ਦੀ ਹੋਣਹਾਰ ਬੇਟੀ ਸਾਹਿਲਦੀਪ ਕੌਰ ਦਾ ਬੇਵਕਤ ਦਿਹਾਂਤ ਹੋ ਗਿਆ ਸੀ, ਨਮਿੱਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅੱਜ 4 ਅਗਸਤ ਦਿਨ ਮੰਗਲਵਾਰ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਪੈਣ ਉਪਰੰਤ ਕੀਰਤਨ, ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਬਾਬਾ ਦੀਪ ਸਿੰਘ ਸਾਧਪੁਰ ਵਿਖੇ ਦੁਪਹਿਰ 12 ਤੋਂ 1 ਵਜੇ ਤੱਕ ਹੋਵੇਗਾ ਜਿਸ ਵਿੱਚ ਵੱਖ-ਵੱਖ ਸ਼ਖ਼ਸੀਅਤਾਂ ਹਾਜ਼ਰੀ ਭਰ ਕੇ ਮੇਵਾ ਸਿੰਘ ਦੇ ਦੁੱਖ ਦਰਦ ਨੂੰ ਵੰਡਾਉਣਗੀਆਂ।

# ਦਿਲ ਦੇ ਜਮਾਂਦਰੂ ਰੋਗ ਦਾ ਮੁਫ਼ਤ ਇਲਾਜ ਕਰਵਾਇਆ



ਚੋਹਲਾ ਸਾਹਿਬ (ਰਮਨ ਚੱਢਾ)-ਸਿਵਲ ਸਰਜਨ ਤਰਨ ਤਾਰਨ ਡਾ. ਸੰਦੀਪ ਧਵਨ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐੱਚਸੀ ਸਰਹਾਲੀ ਕਲਾਂ ਦੀ ਯੋਗ ਅਗਵਾਈ ਹੇਠ ਆਰਬੀਐੱਸਕੇ ਟੀਮ ਵੱਲੋਂ ਸਰਕਾਰੀ ਸਕੂਲ ਦੀ ਵਿਦਿਆਰਥਣ ਜਿਸ ਨੂੰ ਦਿਲ ਦਾ ਜਮਾਂਦਰੂ ਰੋਗ ਸੀ, ਦਾ ਮੁਫ਼ਤ ਇਲਾਜ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਕਰਮਬੀਰ ਸਿੰਘ ਏਐੱਮਓ ਨੇ ਦੱਸਿਆ ਕਿ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਫਤਿਹਾਬਾਦ ਦੀ ਵਿਦਿਆਰਥਣ ਮਨਪ੍ਰੀਤ ਕੌਰ ਪੁੱਤਰੀ ਸੰਦੀਪ ਸਿੰਘ ਉਮਰ 16 ਸਾਲ ਵਾਸੀ ਪਿੰਡ ਖੇਲਾ ਜ਼ਿਲ੍ਹਾ ਤਰਨ ਤਾਰਨ ਜੋ ਲੰਮੇ ਸਮੇਂ ਤੋਂ ਦਿਲ ਦੇ ਜਮਾਂਦਰੂ ਰੋਗ ਤੋਂ ਪੀੜ੍ਹਤ ਸੀ ਅਤੇ ਘਰ ਵਿੱਚ ਗਰੀਬੀ ਹੋਣ ਕਾਰਨ ਇਲਾਜ ਕਰਵਾਉਣ ਵਿੱਚ ਭਾਰੀ ਦਿੱਕਤਾਂ ਆ ਰਹੀਆਂ ਸਨ। ਆਰਬੀਐੱਸਕੇ ਪ੍ਰੋਗਰਾਮ ਅਧੀਨ ਮਨਪ੍ਰੀਤ ਕੌਰ ਦਾ ਇਲਾਜ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਤੋਂ ਮੁਫ਼ਤ ਸਫਲਤਾ ਪੂਰਵਕ ਕਰਵਾਇਆ ਗਿਆ ਹੈ। ਹੁਣ ਮਨਪ੍ਰੀਤ ਕੌਰ ਤੰਦਰੁਸਤ ਹੈ ਅਤੇ ਆਪਣਾ ਵਧੀਆ ਜੀਵਨ ਜੀ ਰਹੀ ਹੈ ਅਤੇ ਉਸਦੇ ਮਾਪੇ ਇਸ ਸਰਕਾਰੀ ਸਹੂਲਤ ਤੋਂ ਖੁਸ਼ ਹਨ ਤੇ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਸਰਹਾਲੀ ਕਲਾਂ, ਏਐੱਮਓ ਕਰਮਬੀਰ ਸਿੰਘ, ਸਟਾਫ ਨਰਸ ਕਵਲਜੀਤ ਕੌਰ, ਸਟਾਫ ਨਰਸ ਅਮਨਦੀਪ ਕੌਰ ਦਾ ਤਹਿ ਦਿਲੋਂ ਧੰਨਵਾਦ ਕਰ ਰਹੇ ਹਨ। ਇਸ ਸਮੇਂ ਡਾ. ਜਤਿੰਦਰ ਸਿੰਘ ਗਿੱਲ ਨੇ ਦੱਸਿਆ ਆਰਬੀਐੱਸਕੇ ਅਧੀਨ ਜ਼ਰੂਰਤਮੰਦ ਵਿਦਿਆਰਥੀਆਂ ਦੇ ਮੁਫ਼ਤ ਇਲਾਜ ਕਰਵਾਏ ਜਾ ਰਹੇ ਹਨ।

# ਡੇਰਾ ਤਪੋਬਨ ਸਾਹਿਬ ਵਿਖੇ ਉਸਾਰੀ ਅਧੀਨ ਸਰਾਂ ਦੀ ਚੌਥੀ ਮੰਜ਼ਿਲ ਦਾ ਲੈਂਟਰ ਪਾਇਆ



ਚੋਹਲਾ ਸਾਹਿਬ (ਰਮਨ ਚੱਢਾ)- ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁੱਖ ਕੇਂਦਰ ਡੇਰਾ ਤਪੋਬਨ ਸਾਹਿਬ (ਨਵਾਂ ਪੜਾਅ) ਵਿਖੇ ਉਸਾਰੀ ਅਧੀਨ ਪੰਜ ਮੰਜ਼ਿਲਾ ਐੱਨ. ਆਰ. ਆਈ. ਸਰਾਂ ਦੀ ਚੌਥੀ ਮੰਜ਼ਿਲ ਦਾ ਲੈਂਟਰ ਸੰਗਤਾਂ ਦੇ ਸਹਿਯੋਗ ਨਾਲ ਪਾਇਆ ਗਿਆ।ਇਸ ਮੌਕੇ ਸੰਪਰਦਾਇ ਦੇ ਸੇਵਾਦਾਰਾਂ ਅਤੇ ਇਲਾਕੇ ਦੀਆਂ ਸੰਗਤਾਂ ਨੇ ਉਤਸ਼ਾਹ ਨਾਲ ਸੇਵਾ ਵਿੱਚ ਹਿੱਸਾ ਲਿਆ।ਜ਼ਿਕਰਯੋਗ ਹੈ ਕਿ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਬਾਨੀ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਇਸੇ ਪਾਵਨ ਅਸਥਾਨ ਵਿਖੇ 1 ਜਨਵਰੀ 1987 ਨੂੰ ਸੱਚਖੰਡ ਪਿਆਨਾ ਕੀਤਾ ਸੀ।ਮਹਾਂਪੁਰਖਾਂ ਦੀ ਪਵਿੱਤਰ ਯਾਦ ਵਿੱਚ ਹਰ ਸਾਲ 31 ਦਸੰਬਰ ਤੋਂ 2 ਜਨਵਰੀ ਤੱਕ ਤਿੰਨ ਰੋਜ਼ਾ ਸਾਲਾਨਾ ਬਰਸੀ ਸਮਾਗਮ ਕਰਵਾਇਆ ਜਾਂਦਾ ਹੈ।ਇਸ ਸਮਾਗਮ ਵਿੱਚ ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਅਤੇ ਵਿਦੇਸ਼ਾਂ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤ ਹਾਜ਼ਰੀ ਭਰਦੀ ਹੈ।ਬਰਸੀ ਸਮਾਗਮ ਅਤੇ ਹੋਰ ਧਾਰਮਿਕ ਸਮਾਗਮਾਂ ਦੌਰਾਨ ਦੇਸ਼-ਵਿਦੇਸ਼ ਤੋਂ ਪਹੁੰਚਣ ਵਾਲੀ ਸੰਗਤ ਦੀ ਰਿਹਾਇਸ਼ ਨੂੰ ਸੁਖਾਲਾ ਬਣਾਉਣ ਲਈ ਇਸ ਵਿਸ਼ਾਲ ਸਰਾਂ ਦੀ ਉਸਾਰੀ ਕੀਤੀ ਜਾ ਰਹੀ ਹੈ।ਪੰਜ ਮੰਜ਼ਿਲਾ ਇਮਾਰਤ ਵਿੱਚ ਕੁੱਲ 65 ਏਅਰ ਕੰਡੀਸ਼ਨਡ ਕਮਰੇ ਬਣਾਏ ਜਾਣਗੇ।ਇਸ ਦੇ ਨਾਲ ਹੀ ਆਧੁਨਿਕ ਬਾਥਰੂਮ ਬਲਾਕ ਅਤੇ ਸੰਗਤ ਦੀਆਂ ਹੋਰ ਲੋੜੀਂਦੀਆਂ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਜਾਵੇਗਾ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਪਰਦਾਇ ਮੁਖੀ ਸੰਤ ਬਾਬਾ ਸੁੱਖਾ ਸਿੰਘ ਨੇ ਦੱਸਿਆ ਕਿ ਡੇਰਾ ਤਪੋਬਨ ਸਾਹਿਬ ਵਿਖੇ ਸਾਰਾ ਸਾਲ ਸੰਗਤਾਂ ਦੀ ਆਵਾਜਾਈ ਲੱਗੀ ਰਹਿੰਦੀ ਹੈ।ਸੰਗਤਾਂ ਦੀ ਵਧ ਰਹੀ ਗਿਣਤੀ ਨੂੰ ਧਿਆਨ ਵਿੱਚ ਰੱਖਦਿਆਂ ਸਰਾਂ ਦੀ ਉਸਾਰੀ ਤੇਜ਼ੀ ਨਾਲ ਕਰਵਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਸਾਲ 2025-26 ਦੇ ਬਰਸੀ ਸਮਾਗਮ ਤੱਕ ਸਰਾਂ ਦੀਆਂ ਦੋ ਮੰਜ਼ਿਲਾਂ ਤਿਆਰ ਹੋ ਚੁੱਕੀਆਂ ਸਨ ਅਤੇ ਹੁਣ ਚੌਥੀ ਮੰਜ਼ਿਲ ਦਾ ਲੈਂਟਰ ਪੈਣ ਨਾਲ ਉਸਾਰੀ ਕਾਰਜ ਨੇ ਇੱਕ ਹੋਰ ਮਹੱਤਵਪੂਰਨ ਪੜਾਅ ਪੂਰਾ ਕਰ ਲਿਆ ਹੈ।

# ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ ਵਿਖੇ ਦਸ ਰੋਜ਼ਾ ਡੇਅਰੀ ਫਾਰਮਿੰਗ ਸਿਖਲਾਈ ਕੋਰਸ ਸੰਪੰਨ




ਮਜੀਠਾ (ਸੋਇਮ ਆਨੰਦ)-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਆਈ. ਸੀ. ਏ. ਆਰ.-ਅਟਾਰੀ ਜ਼ੋਨ-1, ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ (ਅੰਮ੍ਰਿਤਸਰ) ਵਿਖੇ 10 ਰੋਜ਼ਾ ਡੇਅਰੀ ਫਾਰਮਿੰਗ ਕਿੱਤਾ-ਮੁਖੀ ਸਿਖਲਾਈ ਕੋਰਸ ਕਾਮਯਾਬੀ ਨਾਲ ਪੂਰਾ ਹੋਇਆ।ਇਸ ਕੋਰਸ ਵਿੱਚ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਕਪੂਰਥਲਾ ਜ਼ਿਲ੍ਹਿਆਂ ਤੋਂ 51 ਕਿਸਾਨ ਵੀਰਾਂ, ਕਿਸਾਨ ਬੀਬੀਆਂ ਅਤੇ ਪੇਂਡੂ ਨੌਜਵਾਨਾਂ ਨੇ ਭਾਗ ਲਿਆ। ਕੋਰਸ ਦੀ ਯੋਗ ਅਗਵਾਈ ਡਾ. ਬਿਕਰਮਜੀਤ ਸਿੰਘ, ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕੇ.ਵੀ.ਕੇ. ਨਾਗ ਕਲਾਂ ਨੇ ਕੀਤੀ।ਪਹਿਲੇ ਦਿਨ ਉਨ੍ਹਾਂ ਨੇ ਭਾਗੀਦਾਰਾਂ ਨੂੰ ਕੇ.ਵੀ.ਕੇ. ਦੇ ਕੰਮਕਾਜ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਖੇਤੀਬਾੜੀ ਵਿੱਚ ਡੇਅਰੀ ਫਾਰਮਿੰਗ ਨੂੰ ਸਹਾਇਕ ਕਿੱਤੇ ਵਜੋਂ ਅਪਨਾਉਣ ਅਤੇ ਆਪਣੀ ਆਮਦਨ ਵਧਾਉਣ ਲਈ ਪ੍ਰੇਰਿਤ ਕੀਤਾ।ਕੋਰਸ ਕੋਆਰਡੀਨੇਟਰ ਡਾ. ਕੰਵਰਪਾਲ ਸਿੰਘ ਢਿੱਲੋਂ, ਸਹਾਇਕ ਪ੍ਰੋਫੈਸਰ (ਪਸ਼ੂ ਵਿਗਿਆਨ) ਨੇ ਘਰੇਲੂ ਤੋਂ ਲੈ ਕੇ ਵਪਾਰਕ ਪੱਧਰ ਤੱਕ ਡੇਅਰੀ ਫਾਰਮਿੰਗ ਲਈ ਉਚ ਨਸਲਾਂ ਦੀ ਚੋਣ, ਸੰਤੁਲਿਤ ਖੁਰਾਕ, ਰਿਹਾਇਸ਼ੀ ਪ੍ਰਬੰਧ, ਸਾਫ਼-ਸੁਥਰਾ ਦੁੱਧ ਉਤਪਾਦਨ, ਪਸ਼ੂਆਂ ਦੀ ਸਾਂਭ-ਸੰਭਾਲ, ਮਲੱਪ-ਰਹਿਤ ਕਰਨਾ, ਟੀਕਾਕਰਨ ਪ੍ਰੋਗਰਾਮ ਅਤੇ ਆਮ ਬਿਮਾਰੀਆਂ ਦੀ ਰੋਕਥਾਮ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ।ਸਿਖਲਾਈ ਦੌਰਾਨ ਡੇਅਰੀ ਪਸ਼ੂਆਂ ਉਤੇ ਤਿੰਨ ਵਿਧੀ ਪ੍ਰਦਰਸ਼ਨੀਆਂ ਵੀ ਕਰਵਾਈਆਂ ਗਈਆਂ। ਡਾ. ਰਮਿੰਦਰ ਕੌਰ, ਪ੍ਰੋਫੈਸਰ (ਫਸਲ ਉਤਪਾਦਨ) ਨੇ ਸਾਰਾ ਸਾਲ ਹਰੇ ਚਾਰੇ ਦੀ ਉਪਲਬਧਤਾ ਲਈ ਚਾਰਾ ਉਤਪਾਦਨ ਦੀ ਯੋਜਨਾਬੰਦੀ ਬਾਰੇ ਵਿਸਤਾਰ ਨਾਲ ਦੱਸਿਆ।ਡਾ. ਮਨਪ੍ਰੀਤ ਕੌਰ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਦੁੱਧ ਅਤੇ ਦੁੱਧ ਉਤਪਾਦਾਂ ਦੇ ਮੁੱਲ ਵਾਧੇ ਅਤੇ ਮਾਰਕੀਟਿੰਗ ਰਣਨੀਤੀਆਂ ਸਾਂਝੀਆਂ ਕੀਤੀਆਂ।ਡਾ. ਪੁਨੀਤ ਸਿੰਘ, ਵੈਟਰਨਰੀ ਅਫਸਰ ਅੰਮ੍ਰਿਤਸਰ ਨੇ ਪਸ਼ੂ ਪਾਲਣ ਵਿਭਾਗ ਵੱਲੋਂ ਉਪਲਬਧ ਸਹੂਲਤਾਂ ਅਤੇ ਕੇ.ਸੀ.ਸੀ. ਤੇ ਐੱਨ.ਐੱਲ.ਐੱਮ. ਵਰਗੀਆਂ ਸਰਕਾਰੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ।ਰਜੀਵ ਕੁਮਾਰ, ਡੇਅਰੀ ਇੰਸਪੈਕਟਰ, ਪੰਜਾਬ ਡੇਅਰੀ ਵਿਕਾਸ ਬੋਰਡ ਨੇ ਸਬਸਿਡੀ ਸਕੀਮਾਂ ਅਤੇ ਪਸ਼ੂ ਬੀਮੇ ਦੇ ਲਾਭਾਂ ਉੱਤੇ ਵਿਚਾਰ-ਵਟਾਂਦਰਾ ਕੀਤਾ।ਵਿਦਾਂਤ ਇੰਗਵਲੇ, ਖੇਤੀਬਾੜੀ ਅਫਸਰ, ਪੰਜਾਬ ਨੈਸ਼ਨਲ ਬੈਂਕ ਨੇ ਡੇਅਰੀ ਫਾਰਮਿੰਗ ਲਈ ਬੈਂਕ ਕਰਜ਼ਾ ਅਤੇ ਪਸ਼ੂ ਬੀਮਾ ਯੋਜਨਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ।ਸਿਖਲਾਈ ਦੌਰਾਨ ਚਾਰ ਵਿਦਿਅਕ ਦੌਰੇ ਕਰਵਾਏ ਗਏ।ਪਿੰਡ ਜਹਾਂਗੀਰ ਵਿਖੇ ਗੁਰਪ੍ਰੀਤ ਸਿੰਘ, ਪਿੰਡ ਨਾਗ ਖੁਰਦ ਵਿਖੇ ਦਿਲਪ੍ਰੀਤ ਸਿੰਘ ਅਤੇ ਪਿੰਡ ਨੰਗਲ ਪੰਨੂਆਂ ਵਿਖੇ ਆਲਮਜੀਤ ਸਿੰਘ (ਪੁਰਸਕਾਰ ਪ੍ਰਾਪਤ) ਦੇ ਫਾਰਮਾਂ ਦਾ ਦੌਰਾ ਕੀਤਾ ਗਿਆ।ਖਾਲਸਾ ਕਾਲਜ ਆਫ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਅੰਮ੍ਰਿਤਸਰ ਵਿਖੇ ਵੈਟਰਨਰੀ ਕਲੀਨਿਕਲ ਕੰਪਲੈਕਸ ਅਤੇ ਡੇਅਰੀ ਫਾਰਮ ਦਾ ਵਿਸਤ੍ਰਿਤ ਦੌਰਾ ਕੀਤਾ ਗਿਆ, ਜਿੱਥੇ ਡਾ. ਸੁਖਵਿੰਦਰ ਸਿੰਘ, ਡਾ. ਅਮਨਿੰਦਰ ਸਿੰਘ ਅਤੇ ਡਾ. ਹੈਪਲਰਾਜ ਸਿੰਘ ਸਮੇਤ ਮਾਹਿਰਾਂ ਨੇ ਵੱਖ-ਵੱਖ ਵਿਸ਼ਿਆਂ ਉਤੇ ਜਾਣਕਾਰੀ ਦਿੱਤੀ।ਭਾਗੀਦਾਰਾਂ ਨੇ ਮੈਡੀਸਨ, ਸਰਜਰੀ, ਗਾਇਨੀਕੋਲੋਜੀ ਅਤੇ ਡਾਇਗਨੋਸਟਿਕਸ ਵਿਭਾਗਾਂ ਦੇ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਪ੍ਰਯੋਗਸ਼ਾਲਾਵਾਂ ਦਾ ਵੀ ਦੌਰਾ ਕੀਤਾ।ਸਿਖਲਾਈ ਦੇ ਅੰਤ ਵਿੱਚ ਟ੍ਰੇਨਿੰਗ ਤੋਂ ਬਾਅਦ ਗਿਆਨ ਪ੍ਰੀਖਿਆ ਲਈ ਗਈ ਅਤੇ ਸਿਖਿਆਰਥੀਆਂ ਨੂੰ ਡੇਅਰੀ ਫਾਰਮਿੰਗ ਸਬੰਧੀ ਕਿਤਾਬਾਂ ਵੀ ਵੰਡੀਆਂ ਗਈਆਂ।

# ਛੇਹਰਟਾ-ਗੁਮਾਨਪੁਰਾ ਫਾਟਕ 'ਤੇ ਫਲਾਈਓਵਰ ਜਾਂ ਹੋਰ ਢੁੱਕਵੇਂ ਪ੍ਰਬੰਧਾਂ ਲਈ ਬਣੇਗੀ ਅਧਿਕਾਰੀਆਂ ਦੀ ਸਾਂਝੀ ਕਮੇਟੀ: ਡਾ. ਸੰਧੂ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਪੱਛਮੀ ਤੋਂ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਛੇਹਰਟਾ ਫਾਟਕ 'ਤੇ ਲੰਬੇ ਸਮੇਂ ਤੋਂ ਚੱਲ ਰਹੀ ਟ੍ਰੈਫਿਕ ਸਮੱਸਿਆ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਛੇਹਰਟਾ ਫਾਟਕ 'ਤੇ ਫਲਾਈਓਵਰ ਬਣਾਇਆ ਜਾਵੇ ਜਾਂ ਟ੍ਰੈਫਿਕ ਦੀ ਸਮੱਸਿਆ ਦੇ ਸਥਾਈ ਹੱਲ ਲਈ ਕੋਈ ਹੋਰ ਢੁੱਕਵਾਂ ਬਦਲਵਾਂ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਜੇਕਰ ਛੇਹਰਟਾ ਫਾਟਕ 'ਤੇ ਫਲਾਈਓਵਰ ਤਕਨੀਕੀ ਕਾਰਨਾਂ ਕਰਕੇ ਸੰਭਵ ਨਾ ਹੋਵੇ ਤਾਂ ਨੇੜਲੇ ਗੁਮਾਨਪੁਰਾ ਫਾਟਕ ਨੂੰ ਵੀ ਇਸ ਯੋਜਨਾ ਲਈ ਵਿਚਾਰਿਆ ਜਾਵੇ। ਵਿਧਾਨ ਸਭਾ ਵਿੱਚ ਆਪਣਾ ਪੱਖ ਰੱਖਦਿਆਂ ਡਾ. ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਇਹ ਸੜਕ ਧਾਰਮਿਕ ਅਤੇ ਇਤਿਹਾਸਕ ਪੱਖੋਂ ਬਹੁਤ ਮਹੱਤਵਪੂਰਨ ਹੈ। ਇਹ ਮਾਰਗ ਗੁਰਦੁਆਰਾ ਛੇਹਰਟਾ ਸਾਹਿਬ ਤੋਂ ਸ਼ੁਰੂ ਹੋ ਕੇ ਗੁਰੂ ਕੀ ਵਡਾਲੀ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਅਸਥਾਨ), ਬਾਸਰਕੇ ਗਿੱਲਾਂ (ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਜਨਮ ਅਸਥਾਨ) ਅਤੇ ਅੱਗੇ ਬੀੜ ਬਾਬਾ ਬੁੱਢਾ ਸਾਹਿਬ ਤੱਕ ਜਾਂਦਾ ਹੈ। ਇਸ ਕਾਰਨ ਇਸ ਰੂਟ 'ਤੇ ਹਰ ਰੋਜ਼ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਅਤੇ ਆਮ ਲੋਕਾਂ ਦੀ ਆਵਾਜਾਈ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਛੇਹਰਟਾ ਰੇਲਵੇ ਫਾਟਕ ਬੰਦ ਹੋਣ ਸਮੇਂ ਲੰਬੇ ਟ੍ਰੈਫਿਕ ਜਾਮ ਲੱਗ ਜਾਂਦੇ ਹਨ, ਜਿਸ ਕਾਰਨ ਕਰੀਬ 25 ਪਿੰਡਾਂ ਦੇ ਲੋਕਾਂ ਨੂੰ ਰੋਜ਼ਾਨਾ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮੱਸਿਆ ਦੇ ਸਥਾਈ ਹੱਲ ਲਈ ਸਰਕਾਰ ਵੱਲੋਂ ਤੁਰੰਤ ਕਾਰਵਾਈ ਕੀਤੇ ਜਾਣ ਦੀ ਲੋੜ ਹੈ। ਡਾ. ਜਸਬੀਰ ਸਿੰਘ ਸੰਧੂ ਦੇ ਪ੍ਰਸ਼ਨ ਦਾ ਜਵਾਬ ਦਿੰਦਿਆਂ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਵਿਧਾਨ ਸਭਾ ਵਿੱਚ ਐਲਾਨ ਕੀਤਾ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇੱਕ ਹਫ਼ਤੇ ਦੇ ਅੰਦਰ ਲੋਕ ਨਿਰਮਾਣ ਵਿਭਾਗ, ਮੰਡੀ ਬੋਰਡ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੀ ਇੱਕ ਸਾਂਝੀ ਕਮੇਟੀ ਗਠਿਤ ਕੀਤੀ ਜਾਵੇਗੀ। ਇਹ ਕਮੇਟੀ ਡਾ. ਜਸਬੀਰ ਸਿੰਘ ਸੰਧੂ ਦੀ ਅਗਵਾਈ ਹੇਠ ਮੀਟਿੰਗ ਕਰੇਗੀ ਅਤੇ ਫਲਾਈਓਵਰ ਜਾਂ ਹੋਰ ਢੁੱਕਵੇਂ ਹੱਲ ਨਾਲ ਸਬੰਧਤ ਤਕਨੀਕੀ, ਪ੍ਰਸ਼ਾਸਨਿਕ, ਜ਼ਮੀਨ ਐਕਵਾਇਰ ਕਰਨ ਅਤੇ ਯੂਟਿਲਿਟੀ ਸ਼ਿਫਟਿੰਗ ਸਮੇਤ ਸਾਰੇ ਪਹਿਲੂਆਂ ਦਾ ਵਿਸਥਾਰ ਨਾਲ ਅਧਿਐਨ ਕਰਕੇ ਆਪਣੀ ਰਿਪੋਰਟ ਪੇਸ਼ ਕਰੇਗੀ। ਡਾ. ਸੰਧੂ ਨੇ ਸਰਕਾਰ ਦੇ ਇਸ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਅੰਮ੍ਰਿਤਸਰ ਪੱਛਮੀ ਦੇ ਲੋਕਾਂ ਨਾਲ ਜੁੜੇ ਹਰ ਮੁੱਦੇ ਨੂੰ ਵਿਧਾਨ ਸਭਾ ਅਤੇ ਸਰਕਾਰ ਅੱਗੇ ਪੂਰੀ ਦ੍ਰਿੜਤਾ ਨਾਲ ਉਠਾਉਂਦੇ ਰਹਿਣਗੇ।

# ਸੰਤ ਗੋਪਾਲ ਪਬਲਿਕ ਸਕੂਲ ਵਡਾਲਾ 'ਚ ਮਨਾਇਆ ਤੀਆਂ ਦਾ ਤਿਉਹਾਰ



ਚਵਿੰਡਾ ਦੇਵੀ/ਮਜੀਠਾ (ਖੁਸ਼ਹਾਲ ਸੁੰਦਰ/ਸੋਇਮ ਆਨੰਦ)- ਸੰਤ ਗੋਪਾਲ ਪਬਲਿਕ ਸਕੂਲ ਵਡਾਲਾ ਵਿਖੇ 'ਤੀਆਂ ਦਾ ਤਿਉਹਾਰ' ਬੜੀ ਸ਼ਾਨੋ-ਸ਼ੌਕਤ, ਰਵਾਇਤੀ ਰੰਗ, ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਸਮਾਗਮ ਵਿੱਚ ਪਿੰਡ ਦੀਆਂ ਮਹਿਲਾਵਾਂ, ਸਕੂਲ ਸਟਾਫ ਅਤੇ ਵਿਦਿਆਰਥਣਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲੈ ਕੇ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਦੀ ਸੁੰਦਰ ਝਲਕ ਪੇਸ਼ ਕੀਤੀ।ਸਕੂਲ ਦੇ ਵਿਹੜੇ ਨੂੰ ਰੰਗ-ਬਿਰੰਗੀ ਸਜਾਵਟ ਨਾਲ ਸਵਾਰਿਆ ਗਿਆ ਅਤੇ ਤੀਆਂ ਦੀ ਰਵਾਇਤ ਅਨੁਸਾਰ ਪੀਂਘਾਂ ਲਗਾਈਆਂ ਗਈਆਂ। ਸਮਾਗਮ ਦੀ ਸ਼ੁਰੂਆਤ ਵਿਦਿਆਰਥਣਾਂ ਵੱਲੋਂ ਸਾਵਣ ਨਾਲ ਸੰਬੰਧਿਤ ਲੋਕ-ਗੀਤਾਂ ਦੀ ਮਨਮੋਹਕ ਪੇਸ਼ਕਾਰੀ ਨਾਲ ਹੋਈ।ਇਸ ਉਪਰੰਤ ਮਹਿਲਾਵਾਂ ਨੇ ਢੋਲ ਦੀ ਥਾਪ 'ਤੇ ਗਿੱਧਾ ਪਾ ਕੇ ਸਮਾਗਮ ਵਿੱਚ ਖ਼ੂਬ ਰੰਗ ਭਰੇ।ਬੋਲੀਆਂ, ਲੋਕ-ਰਸਮਾਂ ਅਤੇ ਪਰੰਪਰਾਗਤ ਖੇਡਾਂ ਨੇ ਹਰ ਕਿਸੇ ਦਾ ਮਨ ਮੋਹ ਲਿਆ।ਰੰਗ-ਬਿਰੰਗੇ ਪੰਜਾਬੀ ਸੂਟ, ਪਰਾਂਦੇ, ਚੂੜੇ ਅਤੇ ਰਵਾਇਤੀ ਗਹਿਣਿਆਂ ਨਾਲ ਸਜੀਆਂ ਮਹਿਲਾਵਾਂ ਨੇ ਤੀਆਂ ਦੇ ਤਿਉਹਾਰ ਦੀ ਰੌਣਕ ਨੂੰ ਹੋਰ ਵੀ ਨਿਖਾਰ ਦਿੱਤਾ। ਸਕੂਲ ਦੀਆਂ ਅਧਿਆਪਕਾਵਾਂ ਨੇ ਵੀ ਗਿੱਧੇ ਵਿੱਚ ਭਾਗ ਲੈ ਕੇ ਵਿਦਿਆਰਥਣਾਂ ਅਤੇ ਮਹਿਲਾਵਾਂ ਦਾ ਉਤਸ਼ਾਹ ਵਧਾਇਆ।ਸਕੂਲ ਦੀ ਪ੍ਰਿੰਸੀਪਲ ਪੂਨਮ ਮਲਹੋਤਰਾ ਅਤੇ ਰੁਪਿੰਦਰ ਕੌਰ ਨੇ ਸਮਾਗਮ ਦੀ ਸਫਲਤਾ ਲਈ ਕੀਤੀਆਂ ਤਿਆਰੀਆਂ ਅਤੇ ਪ੍ਰਬੰਧਾਂ ਦੀ ਸਰਾਹਨਾ ਪ੍ਰਾਪਤ ਕੀਤੀ।ਇਸ ਮੌਕੇ ਗੁਰਦੀਸ਼ ਕੌਰ, ਮਲਕੀਤ ਕੌਰ ਅਤੇ ਪਿੰਡ ਦੀਆਂ ਹੋਰ ਪ੍ਰਮੁੱਖ ਮਹਿਲਾਵਾਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੀਆਂ।ਪ੍ਰਿੰਸੀਪਲ ਪੂਨਮ ਮਲਹੋਤਰਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ, ਰਵਾਇਤਾਂ ਅਤੇ ਆਪਸੀ ਸਾਂਝ ਦਾ ਪ੍ਰਤੀਕ ਹੈ।

ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਜੀਵੰਤ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਸਮਾਗਮ ਦੇ ਅੰਤ ਵਿੱਚ ਹਾਜ਼ਰ ਮਹਿਲਾਵਾਂ ਨੇ ਸਕੂਲ ਪ੍ਰਬੰਧਕਾਂ ਦਾ ਧੰਨਵਾਦ ਪ੍ਰਗਟ ਕਰਦਿਆਂ ਭਵਿੱਖ ਵਿੱਚ ਵੀ ਪੰਜਾਬੀ ਸੱਭਿਆਚਾਰ ਅਤੇ ਰਵਾਇਤਾਂ ਨੂੰ ਪ੍ਰਫੁੱਲਤ ਕਰਨ ਲਈ ਇਸ ਤਰ੍ਹਾਂ ਦੇ ਸਮਾਗਮ ਕਰਵਾਉਣ ਦਾ ਸੰਕਲਪ ਲਿਆ।

# 'ਏਕ ਪੇੜ ਮਾਂ ਕੇ ਨਾਮ 3.0' ਮੁਹਿੰਮ ਤਹਿਤ 400 ਬੂਟੇ ਵੰਡੇ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸੈਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ ਵੱਲੋਂ 'ਏਕ ਪੇੜ ਮਾਂ ਕੇ ਨਾਮ 3.0' ਮੁਹਿੰਮ ਤਹਿਤ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ 400 ਬੂਟੇ ਵੰਡੇ ਗਏ।ਨਿੰਮ, ਟਾਹਲੀ, ਸਾਗਵਾਨ, ਅਮਰੂਦ ਅੰਬ, ਜਾਮਨੂੰ, ਕਿੰਨੂ ਸਮੇਤ ਹੋਰ ਕਈ ਪ੍ਰਕਾਰ ਦੇ ਬੂਟੇ ਵੰਡ ਕੇ ਸਕੂਲ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਾਤਾਵਰਨ ਬਚਾਉਣ ਲਈ ਅੱਗੇ ਆਉਣ ਦਾ ਸੁਨੇਹਾ ਦਿੱਤਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਕੂਲ ਚੇਅਰਮੈਨ ਕੰਧਾਲ ਸਿੰਘ ਬਾਠ ਨੇ ਕਿਹਾ ਕਿ ਤੇਜ਼ੀ ਨਾਲ ਗੰਧਲੇ ਹੋ ਰਹੇ ਵਾਤਾਵਰਨ ਨੂੰ ਸ਼ੁੱਧ ਬਣਾਉਣ ਲਈ ਰੁੱਖ ਲਗਾਉਣਾ ਸਮੇਂ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਆਕਸੀਜਨ ਤੇ ਸਾਫ਼ ਹਵਾ ਦੇਣ ਵਾਲੇ ਰੁੱਖਾਂ ਨੂੰ ਵੱਢ ਕੇ ਅਸੀਂ ਆਪਣੇ ਪੈਰਾਂ 'ਤੇ ਆਪ ਕੁਹਾੜੀ ਮਾਰ ਰਹੇ ਹਾਂ।ਉਨ੍ਹਾਂ ਦੱਸਿਆ ਕਿ 'ਏਕ ਪੇੜ ਮਾਂ ਕੇ ਨਾਮ 3.0' ਤਹਿਤ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਚਾਰ ਸੌ ਬੂਟੇ ਵੰਡਣ ਤੋਂ ਇਲਾਵਾ ਸਕੂਲ ਵਿੱਚ ਚਾਲੀ ਦੇ ਕਰੀਬ ਨਵੇਂ ਬੂਟੇ ਲਗਾ ਕੇ ਵਿਦਿਆਰਥੀਆਂ ਨੂੰ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।ਉਨ੍ਹਾਂ ਕਿਹਾ ਕਿ ਵਾਤਾਵਰਨ ਨੂੰ ਮੁੜ ਤੋਂ ਸ਼ੁੱਧ ਬਣਾਉਣ ਲਈ ਵਿਦਿਆਰਥੀਆਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ।ਉਨ੍ਹਾਂ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ, ਰਿਸ਼ਤੇਦਾਰਾਂ ਤੇ ਘਰ ਨੇੜੇ ਰਹਿੰਦੇ ਲੋਕਾਂ ਨੂੰ ਦਿਨੋਂ-ਦਿਨ ਗੰਧਲੇ ਹੋ ਰਹੇ ਵਾਤਾਵਰਨ ਪ੍ਰਤੀ ਜਾਗਰੂਕ ਕਰ ਕੇ ਵੱਧ ਤੋਂ ਵੱਧ ਰੁੱਖ ਲਗਾਉਣ ਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਲਈ ਪ੍ਰੇਰਿਆ।

ਅੰਤ ਵਿੱਚ ਸਕੂਲ ਪ੍ਰਿੰਸੀਪਲ ਮੈਡਮ ਲਖਬੀਰ ਕੌਰ ਨੇ ਵੀ ਵਿਦਿਆਰਥੀਆਂ ਨੂੰ ਰੁੱਖਾਂ ਦੀ ਸਾਂਭ-ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦਾ ਸੁਨੇਹਾ ਦਿੱਤਾ।ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

# ਕੈਰੋਂਵਾਲ ਦੇ ਲੋਕਾਂ ਗੰਦੇ ਪਾਣੀ ਦੀ ਨਿਕਾਸੀ ਦਾ ਮੁੱਦਾ ਉਠਾਇਆ




ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਅਸ਼ੀਰਵਾਦ ਯਾਤਰਾ ਤਹਿਤ ਹਲਕਾ ਇੰਚਾਰਜ ਕਰਨਬੀਰ ਸਿੰਘ ਬੁਰਜ ਪਿੰਡ ਕੈਰੋਂਵਾਲ ਪੁੱਜੇ।ਪਿੰਡ ਪਹੁੰਚਣ ਤੇ ਪਿੰਡ ਵਾਸੀਆਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ।ਇਸ ਮੌਕੇ ਪਿੰਡ ਵਾਸੀਆਂ ਨੇ ਹਲਕਾ ਇੰਚਾਰਜ ਨੂੰ ਆਪਣੇ ਇਲਾਕੇ ਦੀਆਂ ਮੁੱਖ ਸਮੱਸਿਆਵਾਂ ਤੋਂ ਜਾਣੂ ਕਰਵਾਇਆ।ਪਿੰਡ ਵਾਸੀਆਂ ਨੇ ਦੱਸਿਆ ਕਿ ਗੰਦੇ ਪਾਣੀ ਦੀ ਨਿਕਾਸੀ ਲਈ ਢੁੱਕਵੇਂ ਪ੍ਰਬੰਧ ਨਾ ਹੋਣ ਕਾਰਨ ਗਲੀਆਂ ਵਿੱਚ ਪਾਣੀ ਖੜ੍ਹਾ ਰਹਿੰਦਾ ਹੈ ਜਿਸ ਕਾਰਨ ਆਵਾਜਾਈ ਵਿੱਚ ਦਿੱਕਤਾਂ ਆ ਰਹੀਆਂ ਹਨ ਅਤੇ ਨਾਲ ਹੀ ਬਿਮਾਰੀਆਂ ਫੈਲਣ ਦਾ ਖ਼ਤਰਾ ਵੀ ਬਣਿਆ ਹੋਇਆ ਹੈ।ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਗੰਦੇ ਪਾਣੀ ਦੀ ਨਿਕਾਸੀ ਲਈ ਜਲਦੀ ਤੋਂ ਜਲਦੀ ਪ੍ਰਭਾਵਸ਼ਾਲੀ ਪ੍ਰਬੰਧ ਕੀਤੇ ਜਾਣ ਤਾਂ ਜੋ ਲੋਕਾਂ ਨੂੰ ਇਸ ਸਮੱਸਿਆ ਤੋਂ ਰਾਹਤ ਮਿਲ ਸਕੇ।ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ ਕਰਨਬੀਰ ਸਿੰਘ ਬੁਰਜ ਨੇ ਭਰੋਸਾ ਦਿਵਾਇਆ ਕਿ ਇਸ ਮਸਲੇ ਨੂੰ ਪਹਿਲ ਦੇ ਆਧਾਰ ਤੇ ਸਬੰਧਤ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਅਤੇ ਇਸ ਦਾ ਜਲਦੀ ਹੱਲ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਅਸ਼ੀਰਵਾਦ ਯਾਤਰਾ ਦਾ ਮੁੱਖ ਮਕਸਦ ਲੋਕਾਂ ਨਾਲ ਸਿੱਧਾ ਸੰਪਰਕ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਜਾਣਨਾ ਅਤੇ ਉਨ੍ਹਾਂ ਦੇ ਹੱਲ ਲਈ ਯਤਨ ਕਰਨਾ ਹੈ।ਇਸ ਮੌਕੇ ਪ੍ਰਤਾਪ ਸਿੰਘ ਕੈਰੋਂਵਾਲ ਵਾਇਸ ਪ੍ਰਧਾਨ ਬਲਾਕ ਤਰਨ ਤਾਰਨ, ਲਖਬੀਰ ਸਿੰਘ ਕੈਰੋਂਵਾਲ, ਕੇਵਲ ਸਿੰਘ ਮੈਂਬਰ, ਬਲਜਿੰਦਰ ਸਿੰਘ ਮੈਂਬਰ, ਕਸ਼ਮੀਰ ਸਿੰਘ, ਲਵਪ੍ਰੀਤ ਸਿੰਘ, ਸੁਖਦੇਵ ਸਿੰਘ, ਵਿਜੇ ਕੈਰੋਂਵਾਲ, ਮਨੀ ਕੈਰੋਂਵਾਲ, ਨਛੱਤਰ ਸਿੰਘ ਆਦਿ ਹਾਜ਼ਰ ਸਨ।

# ਗੈਰ-ਅਧਿਕਾਰਤ ਡੇਅਰੀਆਂ ਖ਼ਿਲਾਫ਼ ਨਗਰ ਨਿਗਮ ਅੰਮ੍ਰਿਤਸਰ ਨੇ ਕੀਤੀ ਵੱਡੀ ਕਾਰਵਾਈ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਨਗਰ ਨਿਗਮ ਅੰਮ੍ਰਿਤਸਰ ਵੱਲੋਂ ਪੂਰਬੀ ਵਿਧਾਨ ਸਭਾ ਹਲਕੇ ਦੇ ਵਾਰਡ ਨੰਬਰ 22 ਅਧੀਨ ਮੋਹਕਮਪੁਰਾ ਇਲਾਕੇ ਵਿੱਚ ਚੱਲ ਰਹੀਆਂ ਤਿੰਨ ਗੈਰ-ਅਧਿਕਾਰਤ ਡੇਅਰੀਆਂ ਵਿਰੁੱਧ ਵਿਸ਼ੇਸ਼ ਐਨਫੋਰਸਮੈਂਟ ਮੁਹਿੰਮ ਚਲਾਈ ਗਈ। ਇਸ ਦੌਰਾਨ ਛੇ ਪਸ਼ੂ ਜ਼ਬਤ ਕਰਕੇ ਨਗਰ ਨਿਗਮ ਦੀ ਗਊਸ਼ਾਲਾ ਵਿੱਚ ਭੇਜੇ ਗਏ। ਇਹ ਕਾਰਵਾਈ ਨਗਰ ਨਿਗਮ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਅਤੇ ਵਧੀਕ ਨਗਰ ਨਿਗਮ ਕਮਿਸ਼ਨਰ ਡਾ. ਜੈ ਇੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਮੈਡੀਕਲ ਅਫ਼ਸਰ ਆਫ਼ ਹੈਲਥ (ਐੱਮਓਐੱਚ) ਡਾ. ਕਿਰਨ ਦੀ ਨਿਗਰਾਨੀ ਹੇਠ ਕੀਤੀ ਗਈ ਮੁਹਿੰਮ ਦੌਰਾਨ ਨਗਰ ਨਿਗਮ ਦੇ ਨਿਯਮਾਂ ਦੀ ਉਲੰਘਣਾ ਕਰਦਿਆਂ ਚੱਲ ਰਹੀਆਂ ਤਿੰਨ ਗੈਰ-ਅਧਿਕਾਰਤ ਡੇਅਰੀਆਂ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਹਾਈ ਕੋਰਟ ਦੇ ਹੁਕਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਇਹ ਕਾਰਵਾਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਕੀਤੀ ਗਈ। ਸਾਂਝੀ ਐਨਫੋਰਸਮੈਂਟ ਟੀਮ ਵਿੱਚ ਨਾਇਬ ਤਹਿਸੀਲਦਾਰ ਅੰਗਦ ਸਿੰਘ, ਮੁੱਖ ਸੈਨਿਟਰੀ ਅਫ਼ਸਰ (ਸੀਐੱਸਓ) ਜੇ. ਪੀ. ਬੱਬਰ, ਮੁੱਖ ਸੈਨਿਟਰੀ ਇੰਸਪੈਕਟਰ (ਸੀਐੱਸਆਈ) ਵਿਜੈ ਗਿੱਲ, ਮੁੱਖ ਸੈਨੀਟਰੀ ਇੰਸਪੈਕਟਰ (ਸੀਐੱਸਆਈ) ਸਰਬਜੀਤ ਸਿੰਘ, ਐੱਸ. ਆਈ. ਰਵਿੰਦਰ ਕੁਮਾਰ ਸਮੇਤ ਨਗਰ ਨਿਗਮ ਅੰਮ੍ਰਿਤਸਰ ਅਤੇ ਪੰਜਾਬ ਪੁਲਸ ਦੇ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਸਨ। ਨਗਰ ਨਿਗਮ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਰਿਹਾਇਸ਼ੀ ਅਤੇ ਮਨਾਹੀਸ਼ੁਦਾ ਖੇਤਰਾਂ ਵਿੱਚ ਚੱਲ ਰਹੀਆਂ ਗੈਰ-ਅਧਿਕਾਰਤ ਡੇਅਰੀਆਂ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਗਈ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਗੈਰ-ਕਾਨੂੰਨੀ ਡੇਅਰੀਆਂ ਗੰਦਗੀ ਫੈਲਾਉਣ ਦੇ ਨਾਲ-ਨਾਲ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦੀਆਂ ਹਨ ਅਤੇ ਲੋਕਾਂ ਦੀ ਸਿਹਤ ਲਈ ਗੰਭੀਰ ਖ਼ਤਰਾ ਬਣਦੀਆਂ ਹਨ। ਕਮਿਸ਼ਨਰ ਨੇ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸ਼ਹਿਰ ਦੀ ਹੱਦ ਅੰਦਰ ਕੋਈ ਵੀ ਗੈਰ-ਅਧਿਕਾਰਤ ਡੇਅਰੀ ਚੱਲਦੀ ਹੋਈ ਮਿਲੀ ਤਾਂ ਉਸ ਵਿਰੁੱਧ ਪਸ਼ੂ ਜ਼ਬਤ ਕਰਨ, ਗੈਰ-ਕਾਨੂੰਨੀ ਉਸਾਰੀਆਂ ਨੂੰ ਢਾਹੁਣ ਜਾਂ ਹਟਾਉਣ, ਜੁਰਮਾਨੇ ਲਗਾਉਣ ਅਤੇ ਕਾਨੂੰਨ ਅਨੁਸਾਰ ਹੋਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਗੈਰ-ਅਧਿਕਾਰਤ ਡੇਅਰੀਆਂ ਵਿਰੁੱਧ ਇਹ ਵਿਸ਼ੇਸ਼ ਮੁਹਿੰਮ ਸ਼ਹਿਰ ਦੇ ਸਾਰੇ ਜ਼ੋਨਾਂ ਵਿੱਚ ਲਗਾਤਾਰ ਜਾਰੀ ਰਹੇਗੀ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਨਗਰ ਨਿਗਮ ਅੰਮ੍ਰਿਤਸਰ ਨੇ ਸਮੂਹ ਡੇਅਰੀ ਮਾਲਕਾਂ ਨੂੰ ਅਪੀਲ ਕੀਤੀ ਕਿ ਉਹ ਨਗਰ ਨਿਗਮ ਦੇ ਨਿਰਦੇਸ਼ਾਂ ਦੀ ਸਵੈਇੱਛਾ ਨਾਲ ਪਾਲਣਾ ਕਰਦੇ ਹੋਏ ਆਪਣੀਆਂ ਡੇਅਰੀਆਂ ਨੂੰ ਫਤਾਹਪੁਰ ਡੇਅਰੀ ਕੰਪਲੈਕਸ ਵਿੱਚ ਤਬਦੀਲ ਕਰਨ ਅਤੇ ਇੱਕ ਸਾਫ਼-ਸੁਥਰੇ, ਸਿਹਤਮੰਦ ਅਤੇ ਸੁਚੱਜੇ ਅੰਮ੍ਰਿਤਸਰ ਦੀ ਉਸਾਰੀ ਵਿੱਚ ਆਪਣਾ ਯੋਗਦਾਨ ਪਾਉਣ।

# ਆਜ਼ਾਦੀ ਦਿਹਾੜਾ ਮਨਾਉਣ ਸਬੰਧੀ ਐੱਸ ਡੀ ਐੱਮ ਵੱਲੋਂ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ ਸਬ ਡਵੀਜ਼ਨ ਪੱਧਰ ਤੇ ਆਜ਼ਾਦੀ ਦਿਵਸ ਮਨਾਉਣ ਨੂੰ ਲੈ ਕੇ ਲਸ਼ਮਣ ਸਿੰਘ ਐੱਸਡੀਐੱਮ ਡੇਰਾ ਬਾਬਾ ਨਾਨਕ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ।ਇਸ ਮੌਕੇ ਐੱਸਡੀਐੱਮ ਨੇ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ।ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਸ ਵਾਰ ਸਬ ਡਵੀਜ਼ਨ ਡੇਰਾ ਬਾਬਾ ਨਾਨਕ ਵਿਖੇ ਆਜ਼ਾਦੀ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ। ਇਸ ਪ੍ਰੋਗਰਾਮ ਨੂੰ ਸੁਚੱਜੇ ਢੰਗ ਨਾਲ ਮਨਾਉਣ ਸਬੰਧੀ ਤਿੰਨ ਰਿਹਰਸਲਾਂ ਵੀ ਕਰਵਾਈਆਂ ਜਾਣਗੀਆਂ ।15 ਅਗਸਤ ਨੂੰ ਆਜ਼ਾਦੀ ਸਮਾਗਮ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਦੀ ਚੋਣ 5 ਅਗਸਤ ਨੂੰ ਕੀਤੀ ਜਾਵੇਗੀ,10 ਅਗਸਤ ਨੂੰ ਦੂਸਰੀ ਰਿਹਰਸਲ ਅਤੇ 13 ਅਗਸਤ ਨੂੰ ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ ਫੁੱਲ ਡਰੈੱਸ ਰਿਹਰਸਲ ਹੋਵੇਗੀ, ਜਿਸ ਵਿੱਚ ਸੱਭਿਆਚਾਰਕ ਸਮਾਗਮ ਦੌਰਾਨ ਸਕੂਲੀ ਬੱਚਿਆਂ ਵੱਲੋਂ ਵੱਖ-ਵੱਖ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ । ਉਨਾਂ ਕਿਹਾ ਕਿ ਉਸ ਤੋਂ ਇਲਾਵਾ ਪੰਜਾਬ ਪੁਲਸ ਦੀ ਟੁਕੜੀ ਵੱਲੋਂ ਪਰੇਡ ਕਰਨ ਉਪਰੰਤ ਤਿਰੰਗੇ ਝੰਡੇ ਨੂੰ ਸਲਾਮੀ ਵੀ ਦਿੱਤੀ ਜਾਵੇਗੀ ।ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਮੌਕੇ ਹਿੱਸਾ ਲੈਣ ਵਾਲੇ ਸਕੂਲੀ ਬੱਚਿਆਂ ਸਮੇਤ ਸੁਤੰਤਰਤਾ ਸੈਨਾਨੀਆਂ ਦੇ ਪਰਵਾਰਿਕ ਮੈਂਬਰਾਂ ਅਤੇ ਵੱਖ-ਵੱਖ ਮਹਿਕਮਿਆਂ ਵਿੱਚ ਤਨਦੇਹੀ ਨਾਲ ਡਿਊਟੀ ਕਰਨ ਵਾਲੇ ਕਰਮਚਾਰੀਆਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਵੀ ਕੀਤਾ ਜਾਵੇਗਾ ।

ਇਸ ਮੌਕੇ ਨਾਇਬ ਤਹਿਸੀਲਦਾਰ ਕੁਲਵੰਤ ਸਿੰਘ, ਆਰ ਸੀ ਸਰਬਜੀਤ ਸਿੰਘ, ਐੱਸ ਐੱਚ ਓ ਅਸ਼ੋਕ ਕੁਮਾਰ ਸ਼ਰਮਾ, ਐੱਸ. ਐੱਮ. ਓ. ਡਾ. ਪ੍ਰਗਤੀ ਸਿੰਘ, ਐੱਸ ਡੀ ਓ ਪਾਵਰਕਾਮ ਜਗਦੀਸ਼ ਸਿੰਘ, ਸਟੈਨੋ ਐੱਸਡੀਐੱਮ ਇੰਦਰਜੀਤ, ਸਟੇਜ ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਜਸਮੀਤ ਸਿੰਘ ਏਐੱਫਐੱਸਓ, ਬਲਾਕ ਖੇਤੀਬਾੜੀ ਅਫਸਰ ਡਾਕਟਰ ਸੁਖਦੀਪ ਸਿੰਘ, ਪੰਚਾਇਤ ਸਕੱਤਰ ਨਰਿੰਦਰ ਸਿੰਘ, ਮੈਡਮ ਹਰਸਿਮਰਨ ਕੌਰ ਮਾਰਕਫੈੱਡ, ਸਿਕੰਦਰ ਸਿੰਘ, ਕਲਰਕ ਜਸਵਿੰਦਰ ਸਿੰਘ, ਕਲਰਕ ਰਣਜੀਤ ਸਿੰਘ, ਕਲਰਕ ਨੀਰਜ ਕੁਮਾਰ, ਰਣਜੀਤ ਸਿੰਘ, ਹੈਪੀ ਬੇਦੀ, ਡੀ. ਪੀ. ਰਾਮ ਸਰੂਪ, ਡੀ. ਪੀ. ਅਨਿਲ ਕੁਮਾਰ ਆਦਿ ਹਾਜ਼ਰ ਸਨ ।

## ਬੇਜ਼ਮੀਨੇ ਮਜ਼ਦੂਰਾਂ ਵੱਲੋਂ ਵਿਸ਼ਾਲ ਰੈਲੀ ਤੇ ਮੁਜ਼ਾਹਰਾ ਭਲਕੇ

**ਜਲੰਧਰ (ਗਿਆਨ ਸੈਦਪੁਰੀ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਭਲਕੇ 5 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬ ਪੱਧਰੀ ਵਿਸ਼ਾਲ ਰੈਲੀ ਦੀਆਂ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ , ਜਿਸ ਵਿਚ ਹਜ਼ਾਰਾਂ ਮਜ਼ਦੂਰ ਆਪਣੇ ਪਰਵਾਰਾਂ ਸਮੇਤ ਸ਼ਾਮਲ ਹੋਣਗੇ। ਜਥੇਬੰਦੀਆਂ ਦੇ ਆਗੂਆਂ, ਸਰਬਸਾਥੀ, ਦਰਸ਼ਨ ਨਾਹਰ, ਤਰਸੇਮ ਪੀਟਰ, ਦੇਵੀ ਕੁਮਾਰੀ ਸਰਹਾਲੀ ਕਲਾਂ, ਜ਼ੋਰਾ ਸਿੰਘ ਨਸਰਾਲੀ, ਗੋਬਿੰਦ ਸਿੰਘ ਛਾਜਲੀ, ਪ੍ਰਗਟ ਸਿੰਘ ਕਾਲਾਝਾੜ, ਮੁਕੇਸ਼ ਮਲੌਦ ਅਤੇ ਸਤਪਾਲ ਬਹੂੜ ਨੇ ਕਿਹਾ ਕਿ ਰੈਲੀ ਤੋਂ ਉਪਰੰਤ ਮਜ਼ਦੂਰ ਮਰਦ ਔਰਤਾਂ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਜਲੰਧਰ ਸਥਿਤ ਕੋਠੀ ਵੱਲ ਮਾਰਚ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਮਜ਼ਦੂਰ ਮੰਗ ਕਰਦੇ ਹਨ ਕਿ ਮੋਦੀ ਸਰਕਾਰ ਵਲੋਂ ਬਣਾਏ ਤੇ ਲਾਗੂ ਕੀਤੇ ਜਾ ਰਹੇ ਮਜ਼ਦੂਰ ਵਿਰੋਧੀ ਕਾਨੂੰਨ ਰੱਦ ਹੋਣ ਜੋ ਰੁਜ਼ਗਾਰ ਖੋਹਣ ਵਾਲੇ ਹਨ ਅਤੇ ਮਜ਼ਦੂਰਾਂ ਦੀ ਕੰਮ ਦਿਹਾੜੀ ਨੂੰ ਲੰਮਾਂ ਕਰਨ ਵਾਲੇ ਹਨ, ਔਰਤਾਂ ਦੇ ਖਾਤੇ ਵਿੱਚ ਪਿਛਲੇ ਸਾਢੇ ਚਾਰ ਦੇ ਪੈਸੇ ਵੀ ਪਾਉਣ, ਵਿਧਵਾ ਬੁਢਾਪਾ ਅੰਗਹੀਣ ਪੈਨਸ਼ਨ ਘੱਟੋ ਘੱਟ 5000/- ਕਰਨ, ਜ਼ਮੀਨੀ ਸੁਧਾਰ ਕਾਨੂੰਨ ਲਾਗੂ ਕਰਨ, ਪੰਚਾਇਤੀ ਜ਼ਮੀਨ 'ਚੋਂ ਤੀਜੇ ਹਿੱਸੇ ਦੀ ਜ਼ਮੀਨ ਮਜ਼ਦੂਰਾਂ ਨੂੰ ਦੇਣ, ਲੋੜਵੰਦ ਲੋਕਾਂ ਨੂੰ ਰਿਹਾਇਸ਼ੀ ਪਲਾਟ ਦੇਣ, ਸਰਵਜਨਕ ਜਨਤਕ ਵੰਡ ਪ੍ਰਣਾਲੀ ਸੰਚਾਰੂ ਰੂਪ ਵਿਚ ਲਾਗੂ ਕਰਨ, ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮਾਫ਼ ਕਰਨ ਆਦਿ ਵਰਗੀਆਂ ਮੰਗਾਂ ਲਈ ਮਜ਼ਦੂਰ ਸੰਘਰਸ਼ ਕਰ ਰਹੇ ਹਨ ਪਰ ਸਰਕਾਰ ਨੇ ਮਜ਼ਦੂਰਾਂ ਨੂੰ ਬਿਲਕੁਲ ਵਸਾਰ ਦਿੱਤਾ ਹੈ, ਉਨ੍ਹਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਜਲੰਧਰ ਰੈਲੀ ਤੇ ਪਹੁੰਚੋ।

## ਬੱਲਾਂ ਵਿਖੇ ਵਿਧਾਇਕ ਨੇ ਰਾਸ਼ਨ ਕਿੱਟਾਂ ਵੰਡੀਆਂ

**ਕਿਸ਼ਨਗੜ (ਸੁਖਜੀਤ ਕੁਮਾਰ)** ਨਜਦੀਕ ਪਿੰਡ ਬੱਲਾਂ ਵਿਖੇ ਸ੍ਰੀ ਗੁਰੂ ਰਵਿਦਾਸ ਯੂਥ ਫੈਡਰੇਸ਼ਨ ਬੱਲ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਕਰਵਾਏ ਗਏ ਇੱਕ ਭਰਵੇਂ ਸਮਾਗਮ ਦੌਰਾਨ ਹਲਕਾ ਵਿਧਾਇਕ ਕਰਤਾਰਪੁਰ ਬਲਕਾਰ ਸਿੰਘ ਵੱਲੋਂ ਪਿੰਡ 'ਚ ਹੋਣ



ਵਾਲੇ ਵਿਕਾਸ ਕਾਰਜਾਂ ਸਬੰਧੀ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਪਿੰਡ ਵਾਸੀਆਂ ਵਲੋਂ ਅਤੇ ਪ੍ਰਧਾਨ ਸੁਖਦੇਵ ਸੁੱਖੀ, ਰਾਮ ਪ੍ਰਕਾਸ਼, ਨੰਬਰਦਾਰ ਸੰਦੀਪ ਵਿਰਦੀ, ਬਲਾਕ ਪ੍ਰਧਾਨ ਕਿਸਾਨ ਵਿੰਗ ਸੰਦੀਪ ਸਿੰਘ ਹੋਠੀ ਅਤੇ ਸਕੱਤਰ ਮਦਨ ਲਾਲ ਨੇ ਪਿੰਡ ਦੇ ਵਿਕਾਸ ਕਾਰਜਾਂ ਲਈ ਆਪਣੀਆਂ ਮੰਗਾਂ ਰੱਖੀਆਂ ਬਲਕਾਰ ਸਿੰਘ ਵਲੋਂ ਰੱਖੀਆਂ ਮੰਗਾਂ ਨੂੰ ਜਲਦ ਤੋਂ ਜਲਦ ਪੂਰੀਆਂ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਤੇ ਸੰਬੋਧਨ ਕਰਦੇ ਹੋਏ ਸਰਦਾਰ ਵਿਧਾਇਕ ਬਲਕਾਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋੜਵੰਦ ਪਰਵਾਰਾਂ ਦੇ ਬਿਜਲੀ ਦੇ ਬਿੱਲਾਂ ਸਬੰਧੀ 600 ਯੂਨਿਟ ਮੁਆਫ ਕੀਤੇ ਗਏ ਹਨ। ਇਲਾਜ ਵਾਸਤੇ 10 ਲੱਖ ਸਿਹਤ ਬੀਮਾ ਯੋਜਨਾ, ਪੋਸਟ ਮੈਟਰਿਕ ਸਕੀਮ ਤਹਿਤ ਵਿਦਿਆਰਥੀਆਂ ਨੂੰ ਸਲਾਨਾ ਸਕਾਲਰਸ਼ਿਪ ਸਕੀਮ, ਮਾਵਾਂ ਧੀਆਂ ਸਤਿਕਾਰਯੋਗ ਯੋਜਨਾ ਦੀ ਤਹਿਤ ਔਰਤਾਂ ਨੂੰ 1000-1500 ਰੁਪਏ ਅਤੇ ਮੇਰੀ ਰਸੋਈ ਯੋਜਨਾ ਦੇ ਤਹਿਤ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਤੇ ਵਿਧਾਇਕ ਬਲਕਾਰ ਸਿੰਘ ਵੱਲੋਂ ਮੇਰੀ ਰਸੋਈ ਸਕੀਮ ਦੇ ਤਹਿਤ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਵੀ ਵੰਡੀਆਂ ਗਈਆਂ। ਵਿਧਾਇਕ ਬਲਕਾਰ ਸਿੰਘ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਤੇਜਾ ਸਿੰਘ, ਸੁਖਬੀਰ ਸਿੰਘ ਬਿੱਟੂ, ਜਸਵਿੰਦਰ ਬੱਲ, ਲਵਪ੍ਰੀਤ ਵਿਰਦੀ, ਬੋਬੀ ਬੱਲ, ਸੁਖਦੇਵ ਰਾਜ, ਬਲਵੀਰ ਕੁਮਾਰ ਲੱਕੀ, ਬਲਵਿੰਦਰ ਕੁਮਾਰ, ਅਮਰੀਕ ਲਾਲ, ਜਗਦੀਸ਼ ਲਾਲ, ਅਮਰਜੀਤ ਵਿਰਦੀ, ਰੇਸ਼ਮ ਚੰਦ ਆਦਿ ਵੀ ਹਾਜ਼ਰ ਸਨ।

## ਸਫ਼ਾਈ ਯੂਨੀਅਨ ਦੀਆਂ ਮੰਗਾਂ ਪ੍ਰਵਾਨ ਨਾ ਹੋਣ 'ਤੇ ਪੁਤਲੇ ਫੂਕ ਪ੍ਰਦਰਸ਼ਨ ਕਰਾਂਗੇ ਸ਼ੁਰੂ : ਤਰਸੇਮ ਲਾਲ, ਮਾਇਆ



**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਨਗਰ ਕੌਂਸਲ ਸਫ਼ਾਈ ਸੇਵਕ ਅਤੇ ਕਰਮਚਾਰੀ ਯੂਨੀਅਨ ਵੱਲੋਂ ਬੀਤੇ ਦਿਨੀ ਬਰਨਾਲਾ ਵਿਖੇ ਆਪਣੀਆਂ ਮੰਗਾਂ ਨੂੰ ਲੈ ਕੇ ਸ਼ਾਂਤਮਈ ਢੰਗ ਨਾਲ ਕੱਢੇ ਜਾ ਰਹੇ ਰੋਸ ਮਾਰਚ ਵਿੱਚ ਸ਼ਾਮਿਲ ਔਰਤਾਂ ਅਤੇ ਬਜ਼ੁਰਗਾਂ ਉਤੇ ਬਰਨਾਲਾ ਪੁਲਸ ਨੇ ਲਾਠੀਚਾਰਜ ਕੀਤਾ ਉਸ ਦੇ ਰੋਸ ਵਜੋਂ ਪੰਜਾਬ ਭਰ ਵਿੱਚ ਚੱਲ ਰਹੀ ਹੜਤਾਲ ਤਹਿਤ ਟਾਂਡਾ ਵਿਖੇ ਸਫ਼ਾਈ ਸੇਵਕ ਯੂਨੀਅਨ ਦੀ ਪ੍ਰਧਾਨ ਮਾਇਆ, ਚੇਅਰਮੈਨ ਜਸਪਾਲ ਅਤੇ ਵਾਈਸ ਪ੍ਰਧਾਨ ਜਤਿੰਦਰ ਕੁਮਾਰ ਹੰਸ ਦੇ ਦਿਸ਼ਾ ਨਿਰਦੇਸ਼ ਅਨੁਸਾਰ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਤਰਸੇਮ ਲਾਲ ਦੀ ਅਗਵਾਈ ਵਿੱਚ 9 ਦਿਨਾਂ ਤੋਂ ਹੜਤਾਲ ਤੇ ਬੈਠੇ ਸਫ਼ਾਈ ਸੇਵਕਾਂ ਤੇ ਕਰਮਚਾਰੀ ਯੂਨੀਅਨ ਦੇ ਮੈਂਬਰਾਂ ਨੇ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਆਪਣੀਆਂ ਮੰਗਾਂ ਸਬੰਧੀ ਨਗਰ ਕੌਂਸਲ ਟਾਂਡਾ ਦੇ ਪ੍ਰਧਾਨ ਹਰਿ ਕ੍ਰਿਸ਼ਨ ਸੈਣੀ ਨੂੰ ਮੰਗ ਪੱਤਰ ਦਿੱਤਾ। ਰੋਸ ਪ੍ਰਦਰਸ਼ਨ ਵਿਚ ਸ਼ਾਮਿਲ ਰਜਿੰਦਰ ਕੁਮਾਰ, ਦੀਪਕ ਕੁਮਾਰ, ਸ਼ਨੀ ਕੁਮਾਰ, ਵਿਜੇ ਕੁਮਾਰ, ਅਮਨਦੀਪ, ਗਗਨਦੀਪ ਭੱਟੀ, ਅਜੇ ਕੁਮਾਰ, ਬਖਸ਼ੀਸ਼ ਸਿੰਘ, ਵਿੱਕੀ ਕੁਮਾਰ, ਅਮਰਜੀਤ ਲਾਲ, ਸੁਰਿੰਦਰ ਕੁਮਾਰ, ਸ਼ੁਭਮ ਭੱਟੀ, ਜਤਿੰਦਰ ਕੁਮਾਰ ਹੰਸ, ਨੀਰਜ ਭੱਟੀ, ਵਿਪਿਨ, ਨੀਰਜ ਮੱਟੂ, ਗੁਲਸ਼ਨ, ਦੀਪਕ ਹੰਸ, ਅਵਿਨਾਸ਼ ਹੰਸ, ਪਰਵੀਨ, ਮਮਤਾ, ਸੁਖਵਿੰਦਰ ਕੌਰ, ਪਰਮਜੀਤ ਪੰਮਾ, ਕਰਨ, ਸ਼ੇਖਰ, ਅਮਰਜੀਤ, ਸੰਦੀਪ, ਰੇਨੂ, ਸ਼ੀਤਲ ਕੁਮਾਰ, ਪਰਮਜੀਤ ਸਿੰਘ, ਰਵੀ ਪਾਲ, ਪੂਨਮ, ਜਾਨਵੀ, ਰਜਨੀ, ਪਿੰਕੀ, ਨਵਨੀਤ, ਪੱਪੂ, ਰਾਧਾ ਰਾਣੀ, ਰਮਨ, ਨਿਸ਼ਾਨ ਬ੍ਰਿਜ, ਰੋਕੀ ਅਤੇ ਮੰਜੂ ਤੋਂ ਇਲਾਵਾ ਹੋਰ ਸਫ਼ਾਈ ਕਰਮਚਾਰੀਆਂ ਨੇ ਆਪਣੀਆਂ ਮੰਗਾਂ ਸਰਕਾਰ ਵੱਲੋਂ ਪ੍ਰਵਾਨ ਨਾ ਕਰਨ ਤੇ ਨਾਅਰੇਬਾਜ਼ੀ ਕੀਤੀ। ਆਪਣੇ ਮੰਗ ਪੱਤਰ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਤਰਸੇਮ ਲਾਲ ਨੇ ਕਿਹਾ ਕਿ ਬਰਨਾਲਾ ਵਿਖੇ ਸਫ਼ਾਈ ਸੇਵਕਾਂ ਵੱਲੋਂ ਕੱਢੇ ਗਏ ਰੋਸ ਮਾਰਚ ਵਿੱਚ ਸ਼ਾਮਿਲ ਔਰਤਾਂ ਅਤੇ ਬਜ਼ੁਰਗਾਂ ਤੇ ਬਰਨਾਲਾ ਪੁਲਿਸ ਨੇ ਜਿਸ ਦਹਿਸ਼ਤ ਤਰੀਕੇ ਨਾਲ ਲਾਠੀਚਾਰਜ ਕਰਕੇ ਜਿਹੜਾ ਜ਼ੁਲਮ ਢਾਇਆ ਹੈ ਸਾਡੀ ਯੂਨੀਅਨ ਉਸਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਸਰਕਾਰ ਸਫ਼ਾਈ ਯੂਨੀਅਨ ਦੀਆਂ ਮੰਗਾਂ ਪਹਿਲਾਂ ਪ੍ਰਵਾਨ ਕਰਨ ਦਾ ਭਰੋਸਾ ਦੇ ਕੇ ਫਿਰ ਆਪਣੇ ਕੀਤੇ ਵਾਇਦੇ ਤੋਂ ਮੁੱਕਰਦੀ ਹੋਈ ਸਾਡੀਆਂ ਜਾਇਜ਼ ਮੰਗਾਂ ਨੂੰ ਪ੍ਰਵਾਨ ਨਹੀਂ ਕਰ ਰਹੀ। ਜਦੋਂ ਤੱਕ ਸਰਕਾਰ ਸਾਡੀਆਂ ਮੰਗਾਂ ਪ੍ਰਵਾਨ ਨਹੀਂ ਕਰਦੀ ਉਦੋਂ ਤੱਕ ਇਹ ਹੜਤਾਲ ਜਾਰੀ ਰਹੇਗੀ। ਤਰਸੇਮ ਲਾਲ ਤੇ ਪ੍ਰਧਾਨ ਮਾਇਆ ਨੇ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਾਡੀ ਯੂਨੀਅਨ ਦੀਆਂ ਜਾਇਜ਼ ਮੰਗਾਂ ਜਲਦ ਪ੍ਰਵਾਨ ਨਾ ਕੀਤੀਆਂ ਤਾਂ ਨਗਰ ਕੌਂਸਲ ਦੇ ਦਫ਼ਤਰਾਂ ਨੂੰ ਤਾਲਾ ਲਗਾਉਣ ਤੋਂ ਇਲਾਵਾ ਸੜਕ ਜਾਮ ਕਰਦੇ ਹੋਏ ਪੁਤਲੇ ਫੂਕ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਜਾਣਗੇ।

## ਨਸ਼ੇ ਵਾਲੀਆਂ ਗੋਲੀਆਂ ਸਮੇਤ ਦੋ ਗ੍ਰਿਫ਼ਤਾਰ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਟਾਂਡਾ ਪੁਲਿਸ ਨੇ 2 ਨੌਜਵਾਨਾਂ ਨੂੰ ਨਸ਼ੇ ਵਾਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ ਹੈ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਥਾਣਾ ਟਾਂਡਾ ਦੇ ਮੁਖੀ ਇੰਸਪੈਕਟਰ ਅਮਰਜੀਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਤੇ ਡੀ ਐਸ ਪੀ ਸਬ ਡਿਵੀਜ਼ਨ ਟਾਂਡਾ ਦਵਿੰਦਰ ਸਿੰਘ ਬਾਜਵਾ ਦੀ ਅਗਵਾਈ ਵਿੱਚ ਏ.ਐਸ.ਆਈ ਰਾਜੇਸ਼ ਕੁਮਾਰ ਦੀ ਟੀਮ ਵੱਲੋਂ ਅੱਡਾ ਸਰਾਂ ਤੋਂ ਪਿੰਡ ਹੰਬੜਾਂ ਢਟਾਂ ਦੀ ਗਸ਼ਤ ਦੌਰਾਨ ਢੱਟ ਮੋੜ ਤੇ ਕਾਬੂ ਕੀਤੇ ਗਏ ਕੀਤੇ ਗਏ ਮੁਲਜ਼ਮਾਂ ਦੀ ਪਹਿਚਾਣ ਪ੍ਰਿੰਸ ਪੁੱਤਰ ਸਤਨਾਮ ਸਿੰਘ, ਸਨੀ ਕੁਮਾਰ ਪੁੱਤਰ ਵਿਜੇ ਕੁਮਾਰ ਦੋਨੋਂ ਵਾਸੀ ਪਿੰਡ ਬੈਂਚ ਵਾਜਾ ਵਜੋਂ ਹੋਈ ਹੈ।

ਉਹਨਾਂ ਹੋਰ ਦੱਸਿਆ ਕਿ ਉਕਤ ਮੁਲਜ਼ਮਾਂ ਪਾਸੋਂ ਨਸ਼ੇ ਵਾਲੀਆਂ 80 ਗੋਲੀਆਂ ਬਰਾਮਦ ਕਰਦੇ ਹੋਏ ਉਹਨਾਂ ਖਿਲਾਫ ਐਨ ਡੀ ਪੀ ਐਸ ਐਕਟ ਦੀ ਧਾਰਾ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਉਕਤ ਦੋਸ਼ੀਆਂ ਦੀ ਨਸ਼ੇ ਵਾਲੀ ਸਪਲਾਈ ਲਾਈਨ ਸਬੰਧੀ ਪਤਾ ਲਗਾਇਆ ਜਾ ਰਿਹਾ ਹੈ।

## ਲੋੜਵੰਦ ਖਿਡਾਰੀਆਂ ਨੂੰ ਵੰਡੀਆਂ ਖੇਡ ਕਿੱਟਾਂ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਹਲਕਾ ਸੁਲਤਾਨਪੁਰ ਲੋਧੀ ਦੇ ਪਿੰਡ ਛੰਨਾ ਸ਼ੇਰ ਸਿੰਘ ਵਿਖੇ ਸਮਾਜਸੇਵੀ, ਖੇਡ ਪ੍ਰਮੋਟਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਇੰਦਰਜੀਤ ਸਿੰਘ ਜੋਸ਼ਨ ਵੱਲੋਂ ਲੋੜਵੰਦ ਖਿਡਾਰੀਆਂ ਨੂੰ ਖੇਡ ਕਿੱਟਾਂ ਅਤੇ ਹੋਰ ਖੇਡ ਸਮੱਗਰੀ ਵੰਡੀ ਗਈ। ਇਸ ਦੌਰਾਨ ਵਾਲੀਬਾਲ, ਕ੍ਰਿਕਟ ਬੈਟ,



ਬਾਲਾਂ ਸਮੇਤ ਹੋਰ ਲੋੜੀਂਦਾ ਸਾਮਾਨ ਖਿਡਾਰੀਆਂ ਨੂੰ ਸੌਂਪਿਆ ਗਿਆ।ਸਮਾਗਮ ਵਿੱਚ ਪਿੰਡ ਦੇ ਸਰਪੰਚ, ਸਮੁੱਚੀ ਪੰਚਾਇਤ, ਖਿਡਾਰੀਆਂ ਦੇ ਮਾਪੇ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਰਹੇ। ਖਿਡਾਰੀਆਂ ਨੇ ਇੰਦਰਜੀਤ ਸਿੰਘ ਜੋਸ਼ਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਨਾਲ-ਨਾਲ ਉਨ੍ਹਾਂ ਦਾ ਹੌਂਸਲਾ ਵੀ ਵਧਾਉਂਦੇ ਹਨ।ਇਸ ਮੌਕੇ ਇੰਦਰਜੀਤ ਸਿੰਘ ਜੋਸ਼ਨ ਨੇ ਕਿਹਾ ਕਿ ਖਿਡਾਰੀਆਂ ਦਾ ਸਨਮਾਨ ਕਰਨਾ ਉਨ੍ਹਾਂ ਦਾ ਮੁੱਢਲਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਵਾਰ ਦਾ ਖੇਡਾਂ ਨਾਲ ਪੁਰਾਣਾ ਨਾਤਾ ਰਿਹਾ ਹੈ। ਇਸ ਲਈ ਖੇਡਾਂ ਅਤੇ ਖਿਡਾਰੀਆਂ ਪ੍ਰਤੀ ਸਤਿਕਾਰ ਉਨ੍ਹਾਂ ਨੂੰ ਆਪਣੇ ਪੁਰਖਿਆਂ ਤੋਂ ਵਿਰਾਸਤ ਵਿੱਚ ਮਿਲਿਆ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਹਰ ਪਿੰਡ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਸਟੇਡੀਅਮ ਬਣਾਏ ਜਾਣਗੇ, ਤਾਂ ਜੋ ਪਿੰਡਾਂ ਦੀ ਨੌਜਵਾਨ ਪੀੜ੍ਹੀ ਨੂੰ ਖੇਡਾਂ ਲਈ ਵਧੀਆ ਮਾਹੌਲ ਮਿਲ ਸਕੇ ਅਤੇ ਉਹ ਦੇਸ਼-ਵਿਦੇਸ਼ ਵਿੱਚ ਪੰਜਾਬ ਦਾ ਨਾਮ ਰੌਸ਼ਨ ਕਰ ਸਕਣ।ਸਮਾਗਮ ਦੇ ਅੰਤ ਵਿੱਚ ਪਿੰਡ ਦੇ ਸਰਪੰਚ, ਸਮੁੱਚੀ ਪੰਚਾਇਤ, ਖਿਡਾਰੀਆਂ ਅਤੇ ਪਿੰਡ ਵਾਸੀਆਂ ਨੇ ਇੰਦਰਜੀਤ ਸਿੰਘ ਜੋਸ਼ਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਲੋੜਵੰਦ ਖਿਡਾਰੀਆਂ ਨੂੰ ਖੇਡ ਸਮੱਗਰੀ ਮੁਹੱਈਆ ਕਰਵਾਉਣਾ ਇੱਕ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਯਤਨ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਨਾਲ-ਨਾਲ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣ ਵਿੱਚ ਵੀ ਸਹਾਈ ਸਾਬਤ ਹੁੰਦੇ ਹਨ। ਪਿੰਡ ਵਾਸੀਆਂ ਨੇ ਆਸ ਪ੍ਰਗਟਾਈ ਕਿ ਇੰਦਰਜੀਤ ਸਿੰਘ ਜੋਸ਼ਨ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਖੇਡਾਂ ਅਤੇ ਸਮਾਜ ਸੇਵਾ ਲਈ ਆਪਣਾ ਯੋਗਦਾਨ ਦਿੰਦੇ ਰਹਿਣਗੇ। ਇਸ ਮੌਕੇ ਪਿੰਡ ਦੇ ਸਰਪੰਚ ਜੋਗਿੰਦਰ ਸਿੰਘ, ਦਾਰਾ ਸਿੰਘ ਮੈਂਬਰ ਪੰਚਾਇਤ, ਹਰਜੋਸ਼ ਸਿੰਘ, ਰਵੀ, ਕਰਮਜੀਤ ਸਿੰਘ, ਕਾਲਾ, ਸਾਹਿਬ ਸਿੰਘ, ਗਗਨ, ਹਰਪ੍ਰੀਤ ਸਿੰਘ, ਬਨਸੂ, ਹਰਮੀਤ ਸਿੰਘ, ਸੁਖਵਿੰਦਰ ਸਿੰਘ ਪੁੱਤਰ ਸਤਨਾਮ ਸਿੰਘ, ਹਰਬੰਸ ਸਿੰਘ ਜੱਸੀ, ਗੁਰਲਾਲ ਸਿੰਘ, ਗੁਰਵਿੰਦਰ ਸਿੰਘ, ਦੀਪੂ, ਅਜੇ ਆਦਿ ਹਾਜ਼ਰ ਸਨ।

## ਸਫ਼ਾਈ ਕਰਮਚਾਰੀਆਂ ਦੀ ਹੜਤਾਲ ਨਾਲ ਬਿਮਾਰੀਆਂ ਫੈਲਣ ਦਾ ਖਤਰਾ : ਮਿੱਕੀ ਪੰਡਤ



**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਨਗਰ ਕੌਂਸਲ ਸਫ਼ਾਈ ਸੇਵਕਾਂ ਅਤੇ ਕਰਮਚਾਰੀਆਂ ਵੱਲੋਂ ਬਰਨਾਲਾ ਵਿਖੇ ਸਫ਼ਾਈ ਕਰਮਚਾਰੀਆਂ ਤੇ ਕੀਤੇ ਗਏ ਜ਼ੁਲਮ ਦੇ ਰੋਸ ਵਜੋਂ ਪੰਜਾਬ ਭਰ ਦੇ ਸਫ਼ਾਈ ਸੇਵਕਾਂ ਵੱਲੋਂ ਕੀਤੀ ਗਈ ਹੜਤਾਲ ਸਬੰਧੀ ਸ਼ਹਿਰ ਦੇ ਵੱਖ ਵੱਖ ਸਥਾਨਾਂ ਤੇ ਲੱਗੇ ਗੰਦਗੀ ਦੇ ਢੇਰਾਂ ਕਾਰਨ ਸਫ਼ਾਈ ਵਿਵਸਥਾ ਦਾ ਬਹੁਤ ਮਾੜਾ ਹਾਲ ਹੋ ਗਿਆ ਹੈ। ਗੰਦਗੀ ਦੇ ਇਨ੍ਹਾਂ ਢੇਰਾਂ ਕਾਰਨ ਸ਼ਹਿਰ ਅਤੇ ਇਲਾਕੇ ਵਿੱਚ ਕਈ ਪ੍ਰਕਾਰ ਦੀਆਂ ਬਿਮਾਰੀਆਂ ਫੈਲਣ ਦੇ ਖ਼ਤਰੇ ਨੂੰ ਸਰਕਾਰ ਵੱਲੋਂ ਰੋਕਣ ਦੇ ਪ੍ਰਤੇ ਯਤਨ ਨਾ ਕਰਨ ਸਬੰਧੀ ਰੋਸ ਪ੍ਰਗਟਾਵਾ ਕਰਨ ਲਈ ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਭਾਗ ਲਿਆ। ਮੀਟਿੰਗ ਵਿੱਚ ਸ਼ਾਮਿਲ ਸ਼ਿਵ ਸੈਨਾ ਦੋਆਬਾ ਪ੍ਰਧਾਨ ਪੰਡਿਤ ਸ਼ਿਵਮ ਵੈਦ, ਜ਼ਿਲ੍ਹਾ ਪ੍ਰਧਾਨ ਵਿਕਾਸ ਜਸਰਾ, ਸਨਾਤਨ ਧਰਮ ਸਭਾ ਕਲੋਨੀਆਂ ਦੇ ਪ੍ਰਧਾਨ ਆਕਾਸ਼ ਰਾਣਾ, ਬੇਟ ਏਰੀਆ ਯੂਥ ਇੰਚਾਰਜ ਗਗਨ ਪਰੋਜ, ਹਿੰਦੂ ਨੇਤਾ ਗਿੰਦਾ ਪਰੋਜ, ਯੂਥ ਨੇਤਾ ਹਰਜੀਤ ਸਿੰਘ ਬਧਾਲ, ਯੂਥ ਨੇਤਾ ਜਿੰਦਰ ਬਟਿਆਲ, ਹਿੰਦੂ ਨੇਤਾ ਸ਼ਾਮ ਮਲਹੋਤਰਾ, ਹਿੰਦੂ ਨੇਤਾ ਜੱਸਨ, ਯੂਥ ਨੇਤਾ ਸਾਬੀ ਆਦਿ ਹਿੰਦੂ ਨੇਤਾ ਰੌਕ ਤੋਂ ਇਲਾਵਾ ਹੋਰ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਤੇ ਸ਼ਿਵ ਸੈਨਾ ਵਰਕਰਾਂ ਨੇ ਸਰਕਾਰ ਖਿਲਾਫ਼ ਰੋਸ ਦਾ ਪ੍ਰਗਟਾਵਾ ਕੀਤਾ।

## ਸੇਵਾ-ਮੁਕਤੀ 'ਤੇ ਹੈਡਮਿਸਟ੍ਰੈੱਸ ਹਰਿੰਦਰ ਕੌਰ ਸੇਠੀ ਸਨਮਾਨਤ

**ਫਗਵਾੜਾ (ਜਸਵਿੰਦਰ ਢੱਡਾ)**- ਸਿੱਖਿਆ ਵਿਭਾਗ ਵਿੱਚ 32 ਸਾਲਾਂ ਦੀ ਬੇਦਾਗ ਅਤੇ ਸਮਰਪਿਤ ਸੇਵਾਵਾਂ ਤੋਂ ਬਾਅਦ ਹੈਡਮਿਸਟ੍ਰੈਸ ਹਰਿੰਦਰ ਕੌਰ ਸੇਠੀ ਸਰਕਾਰੀ ਹਾਈ ਸਕੂਲ ਮੇਹਟਾਂ ਤੋਂ ਸੇਵਾ ਮੁਕਤ ਹੋ ਗਏ । ਸਾਇੰਸ ਟੀਚਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਅਤੇ ਸਿੱਖਿਆ ਵਿਭਾਗ ਨੂੰ ਸਮਰਪਿਤ ਸੇਵਾਵਾਂ ਦੇ ਸਨਮਾਨ ਲਈ ਸਾਇੰਸ ਟੀਚਰਜ਼ ਐਸੋਸੀਏਸ਼ਨ ਯੂਨਿਟ ਫਗਵਾੜਾ ਵੱਲੋਂ ਸੇਵਾਮੁਕਤੀ ਦੇ ਮੌਕੇ ਉਨ੍ਹਾਂ ਦੇ ਗੁਰੂ ਹਰਗੋਬਿੰਦ ਨਗਰ ਫਗਵਾੜਾ ਸਥਿਤ ਨਿਵਾਸ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਗਮ ਆਯੋਜਿਤ ਕੀਤਾ ਗਿਆ।ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਗੁਰਸ਼ਰਨ ਸਿੰਘ ਦੀ ਅਗਵਾਈ ਹੇਠ ਪਹੁੰਚੇ ਸਾਇੰਸ ਟੀਚਰਜ਼ ਐਸੋਸੀਏਸ਼ਨ ਦੇ ਵਫ਼ਦ ਨੇ ਮੈਡਮ ਸੇਠੀ ਨੂੰ ਸਨਮਾਨ ਚਿੰਨ੍ਹ ਅਤੇ ਸ਼ਾਲ ਭੇਟ ਕਰਕੇ ਉਨ੍ਹਾਂ ਵੱਲੋਂ ਸਿੱਖਿਆ ਵਿਭਾਗ ਅਤੇ ਸਾਇੰਸ ਟੀਚਰਜ਼ ਐਸੋਸੀਏਸ਼ਨ ਪੰਜਾਬ ਲਈ ਨਿਭਾਈਆਂ ਗਈਆਂ ਸਮਰਪਿਤ, ਇਮਾਨਦਾਰ ਅਤੇ ਸ਼ਲਾਘਾਯੋਗ ਸੇਵਾਵਾਂ ਲਈ ਦਿਲੋਂ ਧੰਨਵਾਦ ਪ੍ਰਗਟ ਕੀਤਾ। ਗੁਰਸ਼ਰਨ ਸਿੰਘ, ਸਿੱਖਿਆ ਰਤਨ ਗੁਰਮੀਤ ਸਿੰਘ ਅਤੇ ਨਰੇਸ਼ ਕੋਹਲੀ ਨੇ ਕਿਹਾ ਕਿ ਹਰਿੰਦਰ ਕੌਰ ਸੇਠੀ ਨੇ ਆਪਣੇ ਸੇਵਾਕਾਲ ਦੌਰਾਨ ਅਧਿਆਪਕ ਭਾਈਚਾਰੇ ਦੇ ਹਿਤਾਂ ਦੀ ਰਾਖੀ, ਸਿੱਖਿਆ ਦੇ



ਮਿਆਰ ਨੂੰ ਉੱਚਾ ਚੁੱਕਣ ਅਤੇ ਐਸੋਸੀਏਸ਼ਨ ਨੂੰ ਮਜ਼ਬੂਤ ਕਰਨ ਲਈ ਬੇਮਿਸਾਲ ਯੋਗਦਾਨ ਪਾਇਆ ਹੈ। ਉਨ੍ਹਾਂ ਦੀ ਲੀਡਰਸ਼ਿਪ, ਸਮਰਪਣ ਅਤੇ ਸੇਵਾ ਭਾਵਨਾ ਹਮੇਸ਼ਾ ਅਧਿਆਪਕ ਵਰਗ ਲਈ ਪ੍ਰੇਰਣਾ ਸਰੋਤ ਬਣੀ ਰਹੇਗੀ। ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਦੇ ਪ੍ਰਧਾਨ ਵਰਿੰਦਰ ਸ਼ਰਮਾ, ਲੈਕ. ਹਰਿੰਦਰ ਗੋਗਨਾ ਅਤੇ ਮਿੰਨੀ ਨੇ ਕਿਹਾ ਕਿ ਹਰਿੰਦਰ ਸੇਠੀ ਦੇ ਇਮਾਨਦਾਰੀ ਅਤੇ ਵਿਸ਼ਵਾਸ ਭਰਪੂਰ ਕੰਮ ਕਰਨ ਦੇ ਤਰੀਕੇ ਨਾਲ ਊਰਜਾਮਈ ਮਾਹੌਲ ਦੀ ਰਚਨਾ ਹੁੰਦੀ ਹੈ ਜਿਸ ਵਿੱਚ ਕੰਮ ਕਰਨ ਦਾ ਆਨੰਦ ਆਉਂਦਾ ਹੈ।ਯੂਨਿਟ ਪ੍ਰਧਾਨ ਰਾਜੀਵ ਸੋਨੀ ਅਤੇ ਲੈਕ. ਸੰਤੋਖ ਸਿੰਘ ਨੇ ਪਿਛਲੇ ਸਾਲ ਅਧਿਆਪਕ ਦਿਵਸ ਮੌਕੇ ਪਾਰਟੀ ਕਰਨ ਦੀ ਬਜਾਏ ਹੜ੍ਹ ਪੀੜਤਾਂ ਦੀ ਮਦਦ ਦਾ ਪ੍ਰੋਜੈਕਟ ਤੇ ਰਾਜ ਪੱਧਰੀ ਸਾਇੰਸ ਪ੍ਰਦਰਸ਼ਨੀ ਆਯੋਜਨ ਦੌਰਾਨ ਮੈਡਮ ਹਰਿੰਦਰ ਸੇਠੀ ਦੇ ਕੌਸ਼ਲ ਅਤੇ ਲੀਡਰਸ਼ਿਪ ਦੀ ਤਾਰੀਫ਼ ਕੀਤੀ । ਹਾਜ਼ਰ ਸਮੂਹ ਮੈਂਬਰਾਂ ਨੇ ਮੈਡਮ ਸੇਠੀ ਨੂੰ ਉਨ੍ਹਾਂ ਦੇ ਸੇਵਾਮੁਕਤ ਜੀਵਨ ਲਈ ਸੁਖਮਈ, ਤੰਦਰੁਸਤ, ਖੁਸ਼ਹਾਲ ਅਤੇ ਲੰਬੀ ਉਮਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਵਿਸ਼ਵਾਸ ਪ੍ਰਗਟਾਇਆ ਕਿ ਉਹ ਭਵਿੱਖ ਵਿੱਚ ਵੀ ਆਪਣੇ ਤਜਰਬੇ ਅਤੇ ਮਾਰਗਦਰਸ਼ਨ ਨਾਲ ਅਧਿਆਪਕ ਸਮਾਜ ਦੀ ਸੇਵਾ ਕਰਦੇ ਰਹਿਣਗੇ।ਇਸ ਮੌਕੇ ਅਮਰਜੀਤ ਸਿੰਘ ਅਤੇ ਗੁਰਦੀਪ ਕੌਰ ਨੇ ਸਭ ਦਾ ਧੰਨਵਾਦ ਕੀਤਾ।ਇਸ ਮੌਕੇ ਰਾਜਨ ਚੋਪੜਾ, ਜੀਵਨ ਆਨੰਦ, ਨੀਰੂ ਸ਼ਰਮਾ, ਧੀਰਜ ਸ਼ਰਮਾ, ਪਰਮਜੀਤ ਕੌਰ, ਕਮਲ ਗੁਪਤਾ, ਅਜੇ ਸ਼ਰਮਾ, ਹਾਜ਼ਰ ਸਨ ।

## ਸਾਬਕਾ ਫੌਜੀ ਕਰਦਾ ਹੈ ਜ਼ਖਮੀ ਤੇ ਬਿਮਾਰ ਪਸ਼ੂ, ਪੰਛੀਆਂ ਦੀ ਸੇਵਾ

**ਭਲਾਣ (ਹਰਭਜਨ ਢਿੱਲੋਂ)**- ਸਾਬਕਾ ਫੌਜੀ ਬਲਵੀਰ ਸਿੰਘ ਖੇੜਾ ਕਲਮੋਟ ਪਿਛਲੇ ਪੰਜ ਸਾਲਾਂ ਤੋਂ ਜਖਮੀ ਜਾਂ ਬੀਮਾਰ ਜੰਗਲੀ ਜੀਵ, ਪਸ਼ੂ ਅਤੇ ਪੰਛੀਆਂ ਦੀ ਸੇਵਾ ਕਰਦੇ ਆ ਰਹੇ ਹਨ। ਜੇਕਰ ਇਹ ਬੀਮਾਰ ਹੋ ਜਾਣ ਜਾਂ ਜ਼ਖਮੀ



ਹੋਣ ਤਾਂ ਉਹ ਖੁਦ ਉਹਨਾਂ ਦਾ ਇਲਾਜ ਕਰਦੇ ਹਨ। ਅੱਜ ਉਹਨਾਂ ਇੱਕ ਕੁੱਤੇ ਦੇ ਜ਼ਖਮੀ ਹੋਏ ਜਿਸ ਨੂੰ ਕੀੜੇ ਪਏ ਹੋਏ ਹਨ, ਨੂੰ ਦਵਾਈ ਦੇਣ ਤੋਂ ਬਾਅਦ ਟੀਕਾ ਲਗਾ ਰਹੇ ਹਨ। ਉਹਨਾਂ ਕਿਹਾ ਕਿ ਭਾਵੇਂ ਜੰਗਲੀ ਜੀਵਾਂ ਦੀ ਸੁਰੱਖਿਆ ਕਰਨ ਵਾਲੇ ਵਿਅਕਤੀ ਨੂੰ ਜੰਗਲੀ ਜੀਵ ਰੱਖਿਅਕ ਆਖਿਆ ਜਾਂਦਾ ਹੈ, ਪਰ ਮੈਂ ਤਾਂ ਨਿਮਾਣਾ ਜਿਹਾ ਇਨਸਾਨ ਹਾਂ। ਆਪਣੇ ਸਾਰੇ ਕੰਮ ਕਾਰ ਛੱਡ ਕੇ ਜਖਮੀ ਤੇ ਬੀਮਾਰ ਪਸ਼ੂ, ਪੰਛੀਆਂ ਅਤੇ ਜੰਗਲੀ ਜੀਵਾਂ ਦੀ ਸੁਰੱਖਿਆ ਸੰਬੰਧੀ ਉਹਨਾਂ ਦੀ ਸੇਵਾ ਕਰਦਾ ਹਾਂ। ਉਹਨਾਂ ਕਿਹਾ ਕਿ ਉਹ ਹੁਣ ਤੱਕ ਕਈ ਕਾਂ, ਤੋਤਾ, ਬਲਦ ਅਤੇ ਗਾਵਾਂ ਦੀ ਸੁਰੱਖਿਆ ਕਰ ਚੁੱਕੇ ਹਨ।

## ਸ਼ਤਰੰਜ ਮੁਕਾਬਲਿਆਂ 'ਚ ਵਿਕਟੋਰੀਆ ਇੰਟਰਨੈਸ਼ਨਲ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

**ਅੱਡਾ ਸਰਾਂ (ਜਸਵੀਰ ਕਾਜਲ)**- ਬਾਬਾ ਬੁੱਢਾ ਪਬਲਿਕ ਸਕੂਲ ਕੰਧਾਲਾ ਜੱਟਾਂ ਵਿਖੇ ਕਰਵਾਏ ਗਏ ਜ਼ੋਨਲ ਸ਼ਤਰੰਜ ਮੁਕਾਬਲਿਆਂ



ਵਿੱਚ ਵਿਕਟੋਰੀਆ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਂਅ ਰੌਸ਼ਨ ਕੀਤਾ। ਮੁਕਾਬਲਿਆਂ ਦੌਰਾਨ ਸਕੂਲ ਦੀ ਅੰਡਰ-14 ਲੜਕਿਆਂ ਦੀ ਸ਼ਤਰੰਜ ਟੀਮ ਨੇ ਬੇਹਤਰੀਨ ਖੇਡ, ਸੂਝ-ਬੂਝ ਅਤੇ ਰਣਨੀਤਿਕ ਕਾਬਲੀਅਤ ਦਾ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ ਅਤੇ ਸੋਨ ਤਗਮਾ ਆਪਣੇ ਨਾਮ ਕੀਤਾ। ਇਸ ਤੋਂ ਇਲਾਵਾ ਅੰਡਰ-17 ਅਤੇ ਅੰਡਰ-19 ਲੜਕਿਆਂ ਦੀਆਂ ਸ਼ਤਰੰਜ ਟੀਮਾਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਚਾਂਦੀ ਦੇ ਤਗਮੇ ਜਿੱਤੇ।ਸਕੂਲ ਦੀ ਇਸ ਸ਼ਾਨਦਾਰ ਸਫਲਤਾ ਦਾ ਸਿਹਰਾ ਖਿਡਾਰੀਆਂ ਦੀ ਸਖ਼ਤ ਮਿਹਨਤ, ਨਿਯਮਿਤ ਅਭਿਆਸ ਅਤੇ ਮਾਰਗਦਰਸ਼ਕਾਂ ਦੇ ਸਮਰਪਿਤ ਯਤਨਾਂ ਨੂੰ ਜਾਂਦਾ ਹੈ।

ਮੁਕਾਬਲਿਆਂ ਦੌਰਾਨ ਡੀ ਪੀ ਆਰਤੀ ਨੇ ਖਿਡਾਰੀਆਂ ਦਾ ਲਗਾਤਾਰ ਹੌਸਲਾ ਅਫ਼ਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਸਹੀ ਮਾਰਗਦਰਸ਼ਨ ਦਿੱਤਾ, ਜਿਸ ਦਾ ਨਤੀਜਾ ਇਹ ਸ਼ਾਨਦਾਰ ਪ੍ਰਦਰਸ਼ਨ ਰਿਹਾ।

ਇਸ ਮਾਣਮੱਤੀ ਪ੍ਰਾਪਤੀ 'ਤੇ ਸਕੂਲ ਦੇ ਡਾਇਰੈਕਟਰ ਪ੍ਰੋ. ਜੀ ਐੱਸ ਮੁਲਤਾਨੀ, ਨੀਰੂ ਮੁਲਤਾਨੀ ਅਤੇ ਪ੍ਰਿੰਸੀਪਲ ਪੂਜਾ ਪਟਿਆਲ ਨੇ ਜੇਤੂ ਖਿਡਾਰੀਆਂ ਅਤੇ ਡੀ.ਪੀ. ਆਰਤੀ ਨੂੰ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥੀਆਂ ਦੇ ਅਨੁਸ਼ਾਸਨ, ਇਕਾਗਰਤਾ, ਖੇਡ ਭਾਵਨਾ ਤੇ ਉੱਤਮ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੇ ਰੌਸ਼ਨ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਨੌਜਵਾਨਾਂ ਵੱਲੋਂ ਹਰ ਪਿੰਡ 'ਚ ਫੈਡਰੇਸ਼ਨ ਦੇ ਯੂਨਿਟ ਬਣਾਉਣ ਦਾ ਐਲਾਨ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨੌਜਵਾਨ ਫੈਡਰੇਸ਼ਨ ਦੇ ਟੌਂਸਾ ਯੂਨਿਟ ਵੱਲੋਂ ਕਰਵਾਏ ਗਏ ਨੌਜਵਾਨ ਕਨਵੈਨਸ਼ਨ ਵਿੱਚ ਨਸ਼ਿਆਂ ਅਤੇ ਵਾਤਾਵਰਣ ਪ੍ਰਦੂਸ਼ਣ ਵਿਰੁੱਧ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਅਹਿਮ ਫੈਸਲਾ ਲਿਆ ਗਿਆ। ਕਨਵੈਨਸ਼ਨ ਵਿੱਚ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਇਕੱਠੇ ਹੋ ਕੇ ਲੜਨ ਅਤੇ ਆਪਣੇ ਪਿੰਡਾਂ ਦੇ ਵਿਕਾਸ ਲਈ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ ਗਿਆ। ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਨਾਲ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਦੇ ਜਨਰਲ



ਸਕੱਤਰ ਕਰਨ ਸਿੰਘ ਰਾਣਾ ਨੇ ਕਿਹਾ ਕਿ ਫੈਡਰੇਸ਼ਨ ਦੀ ਨਸ਼ਾ ਵਿਰੋਧੀ ਮੁਹਿੰਮ ਦੇ ਹੌਸਲਾ ਅਫ਼ਜ਼ਾਈ ਦੇ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਹਵਾ ਅਤੇ ਪਾਣੀ ਦੇ ਵੱਧ ਰਹੇ ਪ੍ਰਦੂਸ਼ਣ ਖ਼ਿਲਾਫ਼ ਵੀ ਜ਼ਮੀਨੀ ਪੱਧਰ 'ਤੇ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਟੌਂਸਾ ਦੇ ਮਿਡਲ ਸਕੂਲ ਨੂੰ ਅਪਗ੍ਰੇਡ ਕਰਵਾਉਣਾ, ਮੁੱਖ ਸੜਕ ਦੀ ਮੁਰੰਮਤ, ਸਾਂਝੀਆਂ ਜ਼ਮੀਨਾਂ 'ਤੇ ਹੋ ਰਹੇ ਨਾਜਾਇਜ਼ ਕਬਜ਼ਿਆਂ ਨੂੰ ਰੋਕਣਾ ਅਤੇ ਪਿੰਡ ਦੇ ਹੋਰ ਜਨਤਕ ਮੁੱਦਿਆਂ ਦਾ ਹੱਲ ਕਰਵਾਉਣਾ ਫੈਡਰੇਸ਼ਨ ਦੀਆਂ ਮੁੱਖ ਤਰਜੀਹਾਂ ਹੋਣਗੀਆਂ। ਇਸ ਲਈ ਨੌਜਵਾਨਾਂ ਨੂੰ ਅੱਗੇ ਆ ਕੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਕਰਨ ਸਿੰਘ ਰਾਣਾ ਨੇ ਬਲਾਚੌਰ ਹਲਕੇ ਦੇ ਹਰ ਪਿੰਡ ਅਤੇ ਸ਼ਹਿਰੀ ਵਾਰਡ ਦੇ ਨੌਜਵਾਨਾਂ ਨੂੰ ਸੰਗਠਿਤ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਟੌਂਸਾ ਯੂਨਿਟ ਵੱਲੋਂ ਹਰ ਪਿੰਡ ਵਿੱਚ ਸ਼ਹੀਦ ਭਗਤ ਸਿੰਘ ਨੌਜਵਾਨ ਫੈਡਰੇਸ਼ਨ ਦੇ ਯੂਨਿਟ ਬਣਾਉਣ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਨੌਜਵਾਨਾਂ ਨੂੰ ਰੁਜ਼ਗਾਰ, ਸਿੱਖਿਆ ਅਤੇ ਸਮਾਜਿਕ ਹੱਕਾਂ ਲਈ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਨੌਜਵਾਨ, ਔਰਤਾਂ, ਕਿਸਾਨ ਅਤੇ ਮਜ਼ਦੂਰ ਮਿਲ ਕੇ ਆਪਣੇ ਪਿੰਡਾਂ ਨੂੰ ਬਚਾਉਣ ਲਈ ਅੱਗੇ ਆਉਣ, ਕਿਉਂਕਿ ਜੇ ਪਿੰਡ ਬਚੇ ਰਹੇ ਤਾਂ ਹੀ ਪੰਜਾਬ ਦੀ ਤਰੱਕੀ ਅਤੇ ਪਛਾਣ ਕਾਇਮ ਰਹੇਗੀ।ਇਸ ਮੌਕੇ ਬੀਬੀ ਸ਼ਸ਼ੀ ਰਾਣਾ (ਸਾਬਕਾ ਸਰਪੰਚ ਅਤੇ ਸਰਪ੍ਰਸਤ), ਪਵਨ ਕੁਮਾਰ (ਸਰਪ੍ਰਸਤ), ਬੀਬੀ ਸੁਖਵਿੰਦਰ ਕੌਰ (ਪੰਚ), ਜਸਵੀਰ ਸਿੰਘ (ਸਾਬਕਾ ਪੰਚ) ਅਤੇ ਮੋਹਨ ਸਿੰਘ (ਪ੍ਰਧਾਨ) ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਨੌਜਵਾਨਾਂ ਨੂੰ ਸਮਾਜਿਕ ਬਦਲਾਅ ਦੀ ਲਹਿਰ ਨਾਲ ਜੁੜਨ ਦਾ ਸੱਦਾ ਦਿੱਤਾ।

## ਸਾਵਣ ਕਵੀ ਦਰਬਾਰ ਕਰਵਾਇਆ

**ਚੰਡੀਗੜ੍ਹ (ਸੁਰਜੀਤ ਸੁਮਨ)**- ਪੰਜਾਬੀ ਸਾਹਿਤ ਸਭਾ ਖਰੜ ਨੇ ਸਾਵਣ ਕਵੀ ਦਰਬਾਰ ਕਰਵਾਇਆ, ਜਿਸ ਦੀ ਪ੍ਰਧਾਨਗੀ ਉੱਘੇ ਨਾਵਲਕਾਰ ਨਕਸ਼ਦੀਪ ਪੰਜਕੋਹਾ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਮਨਮੋਹਨ ਸਿੰਘ ਦਾਊਂ, ਡਾ. ਜਸਪਾਲ ਸਿੰਘ ਜੱਸੀ, ਗੀਤਕਾਰ ਗਾਇਕ ਰਾਜੂ ਨਾਹਰ ਤੇ ਡਾ. ਰੂਪੀ ਹੁੰਦਲ ਸ਼ਾਮਲ ਹੋਏ। ਸਾਵਣ ਕਵੀ ਦਰਬਾਰ ਦਾ ਅਰੰਭ ਗਾਇਕ ਮਲਕੀਤ ਮੰਗਾ ਨਵੀਪੁਰੀਆ ਨੇ ਧਾਰਮਿਕ ਗੀਤ ਨਾਲ ਕੀਤਾ। ਡਾ. ਰੂਪੀ ਹੁੰਦਲ ਨੇ ਸਾਵਣ ਦਾ ਗੀਤ ਗਾ ਕੇ ਹਾਜ਼ਰੀ ਲਗਵਾਈ। ਇਸ ਮੌਕੇ ਕਾਲਾ ਸੈਂਪਲੇ ਵਾਲ, ਬਲਵਿੰਦਰ ਸਿੰਘ ਢਿੱਲੋਂ, ਡਾ. ਗੁਪਿੰਦਰ ਸਾਗਰ, ਬੰਤ ਸਿੰਘ ਦੀਪ, ਦਲਵੀਰ ਸਿੰਘ ਸਰੋਆ, ਬਲਦੇਵ ਸਿੰਘ ਬਿੰਦਰਾ, ਰਤਨ ਬਾਬਕਵਾਲਾ, ਜਗਤਾਰ ਸਿੰਘ ਜੋਗ, ਗੁਰਮੀਤ ਸਿੰਗਲ, ਮੰਦਰ ਗਿੱਲ, ਡਾ. ਬਲਜੀਤ ਸਨੇਟਾ, ਦਲਜੀਤ ਸਿੰਘ ਨਾਮਧਾਰੀ, ਸਰੂਪ ਸਿੰਘ ਦਿਉਲ ਅਤੇ ਸਰਬਜੀਤ ਸਿੰਘ ਪੱਡਾ ਨੇ ਸਾਉਣ ਦੇ ਮਹੀਨੇ ਬਾਰੇ ਭਾਵਪੂਰਤ ਗੀਤ, ਗ਼ਜ਼ਲਾਂ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਐਡਵੋਕੇਟ ਨੀਲਮ ਨਾਰੰਗ ਨੇ ਵਿਅੰਗਮਈ ਰਚਨਾ ਪੇਸ਼ ਕੀਤੀ। ਡਾ. ਜਸਪਾਲ ਜੱਸੀ ਨੇ ਜਿੱਥੇ ਮੰਚ ਸੰਚਾਲਨ ਕੀਤਾ, ਉੱਥੇ ਸਾਉਣ ਦੇ ਮਹੀਨੇ ਵਿੱਚ ਤੀਆਂ ਦਾ ਤਿਉਹਾਰ ਆਇਆ ਗਾ ਕੇ ਕਵੀ ਦਰਬਾਰ ਨੂੰ ਬੁਲੰਦੀਆਂ 'ਤੇ ਪੁਚਾ ਦਿੱਤਾ। ਇਸ ਮੌਕੇ ਮਨਮੋਹਨ ਸਿੰਘ ਦਾਊਂ ਦਾ ਸੱਜਰਾ ਲੇਖ ਸੰਗ੍ਰਹਿ 'ਜੀਵਨ ਰੰਗ ਲੀਲਾ' ਲੋਕ ਅਰਪਣ ਕੀਤਾ ਗਿਆ। ਉਨ੍ਹਾਂ ਗੀਤਾਂ ਦੀ ਤਾਰੀਫ਼ ਕਰਦਿਆਂ ਕਾਵਿਕ ਨੁਕਤਿਆਂ ਰਾਹੀਂ ਵਿਚਾਰ ਸਾਂਝੇ ਕੀਤੇ ਅਤੇ ਆਪਣਾ ਸੱਜਰਾ ਗੀਤ ਪੇਸ਼



ਕਰਕੇ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ। ਡਾ. ਜੱਸੀ ਨੇ ਗੀਤਕਾਰ ਤੇ ਗਾਇਕ ਰਾਜੂ ਦੀ ਗੀਤਕਾਰੀ ਤੇ ਗਾਇਕੀ ਦੇ ਸਫਰ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਰਾਜੂ ਨਾਹਰ ਬਹੁਤ ਲੰਮੇ ਸਮੇਂ ਤੋਂ ਇਸ ਖੇਤਰ ਵਿੱਚ ਆਪਣੀ ਕਲਾ ਰਾਹੀਂ ਮੱਲਾਂ ਮਾਰ ਰਹੇ ਹਨ। ਇਸ ਮੌਕੇ ਉਨ੍ਹਾਂ ਆਪਣੇ ਗੀਤਾਂ ਦੀ ਛਹਿਬਰ ਲਾ ਦਿੱਤੀ। ਸਭਾ ਵੱਲੋਂ ਰਾਜੂ ਨਾਹਰ ਨੂੰ ਸਨਮਾਨਤ ਕੀਤਾ ਗਿਆ। ਨਾਵਲਕਾਰ ਨਕਸ਼ਦੀਪ ਪੰਜਕੋਹਾ ਨੇ ਸਮਾਗਮ ਦੀ ਸ਼ਲਾਘਾ ਕੀਤੀ ਕਰਦਿਆਂ ਮੁੱਲਵਾਨ ਵਿਚਾਰ ਪ੍ਰਗਟਾਏ। ਗੁਰਮੀਤ ਸਿੰਗਲ ਨੇ ਧੰਨਵਾਦੀ ਸ਼ਬਦ ਆਖੇ ਤੇ ਪ੍ਰਿੰ. ਗੁਰਮੀਤ ਸਿੰਘ ਖਰੜ ਨੇ ਸਮੁੱਚੇ ਕਾਰਜ ਦੀ ਸਫਲਤਾ 'ਤੇ ਵਧਾਈ ਦਿੱਤੀ।

## ਪਾਵਰਕਾਮ, ਟਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਦੀ ਮੀਟਿੰਗ



**ਬੰਗਾ (ਅਵਤਾਰ ਕਲੇਰ)**- ਪਾਵਰਕਾਮ ਟਰਾਸਕੋ ਪੈਨਸ਼ਨਰ ਯੂਨੀਅਨ ਏਟਕ ਮੰਡਲ ਨਵਾਂ ਸ਼ਹਿਰ ਦੀ ਮਹੀਨਾਵਾਰ ਮੀਟਿੰਗ ਮੰਡਲ ਮੀਤ ਪ੍ਰਧਾਨ ਜਗਦੀਸ਼ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸਰਕਲ ਪ੍ਰਧਾਨ ਹਸ਼ਮਤ ਅਲੀ ਵਲੋਂ ਸ਼ਿਰਕਤ ਕੀਤੀ ਗਈ ਸਾਰੇ ਪੈਨਸ਼ਨਰਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ ਗਿਆ ਅਤੇ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਮੰਡਲ ਆਗੂ ਵਿਜੇ ਸਿੰਘ, ਰਾਮ ਆਸਰਾ, ਰਾਮ ਲਖਣ, ਲਛਮਣ ਦਾਸ, ਕੁੰਦਨ ਸਿੰਘ ਮੂਸਾਪੁਰੀ, ਕੁਲਵੰਤ ਸਿੰਘ, ਬੂਟਾ ਰਾਮ, ਸੁਖਵਿੰਦਰ ਸਿੰਘ, ਇੰਜ: ਕਸ਼ਮੀਰੀ ਲਾਲ ਜੇ ਈ ਆਦਿ ਸਾਰੇ ਬੁਲਾਰਿਆਂ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਮੰਗ ਕੀਤੀ ਗਈ ਕਿ ਸਾਨੂੰ ਡੀ ਏ ਦੀਆਂ ਬਕਾਇਆ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ। 200 ਰੁਪਈਆ ਹਰ ਮਹੀਨੇ ਕੱਟਿਆ ਜਾਦਾ ਟੈਕਸ ਬੰਦ ਕੀਤਾ ਜਾਵੇ। ਪੈਨਸ਼ਨਰਾਂ ਤੇ ਮੁਲਾਜ਼ਮਾਂ ਲਈ ਮੈਡੀਕਲ ਕੈਸ਼ਲੈਸ ਸਕੀਮ ਲਾਗੂ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ। ਆਊਟਸੋਰਸ ਮੁਲਾਜ਼ਮਾਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ ਅਤੇ ਪੱਕੀ ਭਰਤੀ ਕੀਤੀ ਜਾਵੇ। ਸਰਕਲ ਪ੍ਰਧਾਨ ਹਸ਼ਮਤ ਅਲੀ ਵਲੋਂ ਮੋਹਾਲੀ ਵਿਖੇ ਹੋ ਰਹੀ ਪੰਜਾਬ ਪੱਧਰੀ ਰੋਸ ਮਹਾਂਰੈਲੀ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਲਈ ਜਾਗਰੂਕ ਕੀਤਾ ਗਿਆ। ਸਾਰੇ ਸਾਥੀਆਂ ਨੇ ਰੈਲੀ ਵਿੱਚ ਜਾਣ ਲਈ ਹਾਂ ਪੱਖੀ ਹੁੰਗਾਰਾ ਦਿੱਤਾ।

ਮੀਟਿੰਗ ਵਿੱਚ ਅਸ਼ੋਕ ਕੁਮਾਰ, ਮੱਖਣ ਸਿੰਘ, ਸੁਰਿੰਦਰ ਸਿੰਘ, ਇੰਜ; ਸਵਰਨ ਸਿੰਘ, ਪ੍ਰੇਮ ਲਾਲ, ਸੁਰੇਸ਼ ਕੁਮਾਰ ਅਮਰੀਕ ਸਿੰਘ ਤੋਂ ਇਲਾਵਾ ਹੋਰ ਵੀ ਵੱਡੀ ਗਿਣਤੀ ਵਿੱਚ ਪੈਨਸ਼ਨਰਾਂ ਨੇ ਹਿੱਸਾ ਲਿਆ।

## ਨਾਜਾਇਜ਼ ਮਾਈਨਿੰਗ ਰੋਕਣ ਸੰਬੰਧੀ ਏ ਡੀ ਸੀ ਨੂੰ ਦਿੱਤਾ ਮੰਗ ਪੱਤਰ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਤਰਨਾ ਦਲ ਬਜਵਾੜਾ ਅਤੇ ਸਮਾਜਸੇਵੀ ਸੰਸਥਾਵਾਂ ਵੱਲੋਂ ਸਾਂਝੇ ਤੌਰ ਤੇ ਏ ਡੀ ਸੀ ਅਤੇ ਐਸ ਐਸ ਪੀ ਹੁਸ਼ਿਆਰਪੁਰ ਰਾਹੀਂ ਮੁੱਖ ਮੰਤਰੀ, ਐਮ ਐੱਲ ਏ ਚੱਬੇਵਾਲ ਨੂੰ ਮੰਗ ਪੱਤਰ ਭੇਜਿਆ ਗਿਆ ।ਜਿਸ ਵਿੱਚ ਮੰਗ ਕੀਤੀ ਗਈ ਕਿ ਅੱਡਾ ਕੋਟ ਫਤੂਹੀ ਤੋਂ ਲੈ ਕੇ ਅੱਡਾ ਮੇਟੀਆਣਾ ਤੱਕ ਨਾਜਾਇਜ਼ ਮਾਈਨਿੰਗ ਅਤੇ ਓਵਰਲੋਡ ਟਿੱਪਰਾ ਨੂੰ ਤੁਰੰਤ ਰੋਕਿਆ ਜਾਵੇ ਅਤੇ



ਪ੍ਰਸ਼ਾਸਨ ਨੂੰ ਇੱਕ ਹਫਤੇ ਦਾ ਅਲਟੀਮੇਟਮ ਦਿੰਦਿਆਂ ਦੱਸਿਆ ਗਿਆ ਅਗਰ ਇੱਕ ਹਫਤੇ ਅੰਦਰ ਮਾਈਨਿੰਗ ਮਾਫੀਆ ਨੂੰ ਨਕੇਲ ਨਾ ਪਾਈ ਤਾਂ ਸਾਡੀ ਸਮੁੱਚੀ ਜਥੇਬੰਦੀ ਇਲਾਕਾ ਨਿਵਾਸੀ ਅਤੇ ਗ੍ਰਾਮ ਪੰਚਾਇਤਾਂ ਵੱਲੋਂ ਬਿਸਤ ਦੁਆਬ ਨਹਿਰ ਅਤੇ ਹੁਸ਼ਿਆਰਪੁਰ ਫਗਵਾੜਾ ਰੋਡ ਉੱਪਰ ਭਾਰੀ ਸੰਘਰਸ਼ ਕੀਤਾ ਜਾਵੇਗਾ ਜਿਸ ਦੀ ਜਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ ।ਇਸ ਮੌਕੇ ਉਨਾਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਓਵਰਲੋਡ ਨਾਜਾਇਜ਼ ਮਾਈਨਿੰਗ ਕਰਦੇ ਟਿੱਪਰ,ਸੜਕ ਦੇ ਦੋਵੇਂ ਪਾਸੇ ਬਰਮ ਨਾ ਹੋਣੇ, ਸੜਕ ਉਪਰ ਦਰੱਖਤਾਂ ਦੇ ਲਿਫੇ ਟਾਹਣਿਆਂ ਕਾਰਨ ਇਹ ਭਾਰੀ ਟਿੱਪਰ ਹਾਦਸੇ ਕਰ ਰਹੇ ਹਨ ਅਤੇ ਨਾਲ ਵਗਦੀ ਨਹਿਰ ਵਿੱਚ ਡਿੱਗ ਰਹੇ ਹਨ ।ਇਹ ਨਾਜਾਇਜ਼ ਚਲਦੇ ਟਿੱਪਰ ਸਕੂਲ ਵਾਲੀਆਂ ਬੱਸਾਂ ਦੇ ਹਾਦਸੇ, ਨਹਿਰ ਦੇ ਟੁੱਟਣ ਦਾ ਖਤਰਾ, ਆਮ ਜਨਤਾ ਲਈ ਜਾਨ ਲੇਵਾ ਬਣ ਚੁੱਕੇ ਹਨ ।ਇਸ ਲਈ ਉਪਰੋਕਤ ਜਥੇਬੰਦੀਆਂ ਵੱਲੋਂ ਇਨ੍ਹਾਂ ਨੂੰ ਤੁਰੰਤ ਰੋਕਣ ਲਈ ਮੰਗ ਪੱਤਰ ਦਿੱਤਾ ਗਿਆ ।ਹੋਰਨਾਂ ਇਲਾਵਾ ਬਲਬੀਰ ਸਿੰਘ ਫੁੱਗਲਾਣਾ ਪ੍ਰਧਾਨ, ਜਗਤਾਰ ਸਿੰਘ ਭੂੰਗਰਨੀ ਜਨਰਲ ਸਕੱਤਰ, ਗੁਰਦਿਆਲ ਸਿੰਘ ਜਲਵੇੜਾ, ਸਤਨਾਮ ਸਿੰਘ ਸ਼ਿੰਦੂ, ਨਛੱਤਰ ਸਿੰਘ ਭੱਟੀ, ਜਥੇਦਾਰ ਬਾਬਾ ਗੁਰਦੇਵ ਸਿੰਘ,ਬਲਵਿੰਦਰ ਸਿੰਘ ਭਾਮ, ਬਾਬਾ ਹਰਮਨਜੋਤ ਸਿੰਘ ਪਰਮਾਰ ਆਦਿ ਹਾਜ਼ਰ ਸਨ।

## ਨਵੀਂ ਬਣੀ ਸੜਕ ਦੋ ਹਫਤਿਆਂ 'ਚ ਟੁੱਟਣ ਕਾਰਨ ਲੋਕਾਂ 'ਚ ਰੋਸ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਓਹੜਪੁਰ ਤੋਂ ਬਸੀ ਜਲਾਲ ਰੋਡ ਦੀ ਖਸਤਾ ਹਾਲਤ ਦਾ ਪਿਛਲੇ ਕਈ ਵਰ੍ਹਿਆਂ ਤੋਂ ਸੰਤਾਪ ਚੱਲ ਰਹੇ ਇਲਾਕੇ ਦੇ ਵਾਸੀਆਂ ਨੂੰ ਸਰਕਾਰ ਦੇ ਆਖਰੀ ਪੜਾਅ ਵਿਚ ਨਸੀਬ ਹੋਈ ਸੜਕ ਦੇ ਨਿਰਮਾਣ ਤੋਂ ਦੋ ਹਫਤਿਆਂ ਬਾਅਦ ਹੀ ਟੁੱਟਣ ਕਾਰਨ ਲੋਕਾਂ ਵਿਚ ਭਾਰੀ ਰੋਸ ਹੈ। ਪਿੰਡ ਬਸੀ ਜਲਾਲ ਵਾਸੀਆਂ ਹਰਵਿੰਦਰ ਸਿੰਘ, ਮਨਜੀਤ



ਸਿੰਘ ਮਨੀ, ਹਰਮੇਸ਼ ਬਸੀ ਜਲਾਲ, ਤਰਵਿੰਦਰ ਸਿੰਘ, ਨੰਬਰਦਾਰ ਮਨਜੀਤ ਸਿੰਘ, ਰਜਿੰਦਰ ਸਿੰਘ, ਹਰਮਿੰਦਰ ਸਿੰਘ, ਹਰਭਜਨ ਸਿੰਘ, ਲੱਕੀ ਬਸੀ ਜਲਾਲ ਕਮਲਜੀਤ ਸਿੰਘ, ਕਮਲਦੀਪ ਸਿੰਘ, ਅਮਨਦੀਪ ਸਿੰਘ, ਮਨੀ, ਸਨੀ, ਸੁਖਵਿੰਦਰ ਸਿੰਘ ਆਦਿ ਨੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਦਲਜੀਤ ਸਿੰਘ ਗਿਲਜੀਆਂ ਦੀ ਮੌਜੂਦਗੀ ਵਿਚ ਦੱਸਿਆ ਕਿ ਲੰਬੇ ਇੰਤਜਾਰ ਤੋਂ ਬਾਅਦ ਉਨ੍ਹਾਂ ਦੇ ਪਿੰਡ ਦੀ ਸੜਕ ਬੇਹੱਦ ਜਲਦੀ ਟੁੱਟਣ ਤੋਂ ਬਾਅਦ ਠੇਕੇਦਾਰ ਨੇ ਜੋ ਪੈਂਚ ਵਰਕ ਕੀਤਾ ਉਹ ਵੀ ਉਖੜਨ ਲੱਗ ਪਏ ਹਨ । ਉਨ੍ਹਾਂ ਆਖਿਆ ਕਿ ਘਟੀਆ ਮਟੀਰੀਅਲ ਨਾਲ ਬਣਾਈ ਗਈ ਸੜਕ ਦੇ ਇਸ ਤਰਾਂ ਖੇਰੂ ਹੋਣ ਕਾਰਨ ਉਨ੍ਹਾਂ ਵਿਚ ਰੋਸ ਹੈ । ਇਸ ਮੌਕੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਗਿਲਜੀਆਂ ਨੇ ਇਸ ਨੂੰ ਗੰਭੀਰ ਮਸਲਾ ਦੱਸਦਿਆਂ ਆਖਿਆ ਕਿ ਇਸ ਸੜਕ ਦੀ ਤਰਾਂ ਉਨ੍ਹਾਂ ਦੇ ਨੋਟਿਸ ਵਿਚ ਹੋਰ ਪਿੰਡਾਂ ਦੀਆਂ ਸੜਕਾਂ ਵੀ ਆਈਆਂ ਹਨ ਜੋ ਬੇਹੱਦ ਦੇਰੀ ਨਾਲ ਬਣਨ ਤੋਂ ਜਲਦੀ ਬਾਅਦ ਟੁੱਟਣੀਆਂ ਸ਼ੁਰੂ ਹੋਈਆਂ ਹਨ, ਜੋ ਸਰਕਾਰ ਦੇ ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹਦੀਆਂ ਹਨ।

ਗਿਲਜੀਆਂ ਅਤੇ ਪਿੰਡ ਦੇ ਵਾਸੀਆਂ ਨੇ ਸੰਬੰਧਿਤ ਵਿਭਾਗ ਨੂੰ ਇਸ ਵੱਲ ਧਿਆਨ ਦਿੰਦੇ ਹੋਏ ਜਲਦ ਤੋਂ ਜਲਦ ਸੜਕ ਦੀ ਮਜ਼ਬੂਤੀ ਨਾਲ ਰੀਪੇਅਰ ਕਰਨ ਦੀ ਮੰਗ ਕੀਤੀ ਹੈ ।

## ਸਬਸਿਡੀ 'ਤੇ ਸਰ੍ਹੋਂ ਤੇ ਮੂੰਗਫਲੀ ਤੋਂ ਤੇਲ ਕੱਢਣ ਵਾਲੇ ਯੂਨਿਟ ਲਈ ਅਰਜ਼ੀਆਂ ਦੀ ਮੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਮੁੱਖ ਖੇਤੀਬਾੜੀ ਅਫ਼ਸਰ ਡਾ. ਦਪਿੰਦਰ ਸਿੰਘ ਸੰਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਐਨ.ਐਮ.ਈ.ਓ.-ਓ.ਐਸ. ਯੋਜਨਾ ਤਹਿਤ ਸਰੋਂ ਅਤੇ ਮੂੰਗਫਲੀ ਤੋਂ ਤੇਲ ਕੱਢਣ ਲਈ ਆਇਲ ਐਕਸਟ੍ਰੈਕਸ਼ਨ ਯੂਨਿਟਾਂ ਸਥਾਪਤ ਕੀਤੀਆਂ ਜਾਣੀਆਂ ਹਨ। ਇਸ ਲਈ ਯੋਗ ਸੰਸਥਾਵਾਂ ਤੋਂ 8 ਅਗਸਤ ਤੱਕ ਅਰਜ਼ੀਆਂ ਮੰਗੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਯੋਜਨਾ ਦੀਆਂ ਸ਼ਰਤਾਂ ਅਨੁਸਾਰ ਜ਼ਿਲ੍ਹੇ ਦੀ ਕੋਈ ਵੀ ਫਾਰਮ ਪ੍ਰੋਡਿਊਸਰ ਆਰਗੇਨਾਈਜ਼ੇਸ਼ਨ (ਐਫ ਪੀ ਓ), ਸਹਿਕਾਰੀ ਸੰਸਥਾ, ਸਰਕਾਰੀ ਜਾਂ ਗੈਰ-ਸਰਕਾਰੀ ਉਦਯੋਗ, ਨਿਗਮ ਜਾਂ ਪਹਿਲਾਂ ਤੋਂ ਸਥਾਪਤ ਤੇਲ ਬੀਜ ਪ੍ਰੋਸੈਸਿੰਗ ਯੂਨਿਟ ਇਸ ਯੋਜਨਾ ਦਾ ਲਾਭ ਲੈਣ ਲਈ



ਅਰਜ਼ੀ ਦੇ ਸਕਦੀ ਹੈ। ਚੁਣੀਆਂ ਗਈਆਂ ਇਕਾਈਆਂ ਨੂੰ ਪ੍ਰੋਜੈਕਟ ਲਾਗਤ 'ਤੇ 33 ਫੀਸਦੀ ਸਬਸਿਡੀ, ਵੱਧ ਤੋਂ ਵੱਧ 9.90 ਲੱਖ ਰੁਪਏ ਪ੍ਰਤੀ ਯੂਨਿਟ ਤੱਕ ਪ੍ਰਦਾਨ ਕੀਤੀ ਜਾਵੇਗੀ। ਡਾ. ਸੰਧੂ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਸਰੋਂ ਅਤੇ ਮੂੰਗਫਲੀ ਤੋਂ ਤੇਲ ਕੱਢਣ ਲਈ ਕੁੱਲ ਦੋ ਆਇਲ ਐਕਸਟ੍ਰੈਕਸ਼ਨ ਯੂਨਿਟ ਸਥਾਪਤ ਕੀਤੇ ਜਾਣਗੇ। ਇੱਛੁਕ ਬਿਨੈਕਾਰ 8 ਅਗਸਤ ਤੱਕ ਮੁੱਖ ਖੇਤੀਬਾੜੀ ਅਫ਼ਸਰ ਹੁਸ਼ਿਆਰਪੁਰ ਦੇ ਦਫ਼ਤਰ ਵਿੱਚ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਨਿਰਧਾਰਤ ਗਿਣਤੀ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਚੋਣ ਬਾਰੇ ਅੰਤਿਮ ਫ਼ੈਸਲਾ ਆਇਲਸੀਡਜ਼ ਮਿਸ਼ਨ ਤਹਿਤ ਗਠਿਤ ਜ਼ਿਲ੍ਹਾ ਕਾਰਜਕਾਰੀ ਕਮੇਟੀ ਵੱਲੋਂ ਲਿਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ 8 ਅਗਸਤ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਕਿਸੇ ਵੀ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

## ਸੀ ਟੀ ਪਬਲਿਕ ਸਕੂਲ ਨੇ ਸੰਗੀਤ ਮੁਕਾਬਲੇ 'ਚ ਤੀਜਾ ਸਥਾਨ ਹਾਸਲ ਕੀਤਾ

**ਜਲੰਧਰ (ਸ਼ੈਲੀ ਐਲਬਰਟ)**- ਸੀ ਟੀ ਪਬਲਿਕ ਸਕੂਲ ਨੇ ਜਲੰਧਰ ਸਹੋਦਿਆ ਵੱਲੋਂ ਬੀ ਐੱਲ ਪੀ ਸਕੂਲ ਵਿੱਚ ਕਰਵਾਏ ਗਏ ਪ੍ਰਤਿਸ਼ਠਿਤ 'ਦ ਸਿੰਗਿੰਗ ਸਕੁਆਡ' ਸੰਗੀਤ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮੁਕਾਬਲੇ ਵਿੱਚ ਸ਼ਹਿਰ ਦੇ 34 ਪ੍ਰਮੁੱਖ ਸਕੂਲਾਂ ਨੇ ਉਤਸ਼ਾਹ ਨਾਲ ਭਾਗ ਲਿਆ, ਜਿਸ ਨਾਲ ਮੁਕਾਬਲਾ ਬਹੁਤ ਹੀ ਰੌਚਕ ਅਤੇ ਸਖ਼ਤ ਰਿਹਾ। ਮੁਕਾਬਲੇ ਵਿੱਚ ਐੱਮ ਜੀ ਐੱਨ ਪਬਲਿਕ ਸਕੂਲ, ਮੇਅਰ ਵਰਲਡ ਸਕੂਲ, ਪੁਲਿਸ ਡੀ ਏ ਵੀ ਪਬਲਿਕ ਸਕੂਲ,




ਕੈਂਬ੍ਰਿਜ ਇੰਟਰਨੈਸ਼ਨਲ ਸਕੂਲ, ਦਿੱਲੀ ਪਬਲਿਕ ਸਕੂਲ (ਡੀ ਪੀ ਐੱਸ) ਅਤੇ ਸਵਾਮੀ ਸੰਤ ਦਾਸ ਪਬਲਿਕ ਸਕੂਲ ਸਮੇਤ ਕਈ ਪ੍ਰਸਿੱਧ ਸਕੂਲਾਂ ਨੇ ਆਪਣੀ ਸੰਗੀਤਕ ਕਲਾ ਦਾ ਪ੍ਰਦਰਸ਼ਨ ਕੀਤਾ।ਸੀ ਟੀ ਪਬਲਿਕ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੇ ਆਪਣੀ ਸੁਰੀਲੀ ਗਾਇਕੀ, ਸ਼ਾਨਦਾਰ ਤਾਲਮੇਲ ਅਤੇ ਆਤਮਵਿਸ਼ਵਾਸ ਭਰੇ ਮੰਚ ਪ੍ਰਦਰਸ਼ਨ ਨਾਲ ਦਰਸ਼ਕਾਂ ਅਤੇ ਜੱਜਾਂ ਦਾ ਦਿਲ ਜਿੱਤ ਲਿਆ। ਉਨ੍ਹਾਂ ਦੀ ਸਖ਼ਤ ਮਿਹਨਤ, ਨਿਯਮਿਤ ਰਿਹਰਸਲ ਅਤੇ ਸੰਗੀਤ ਪ੍ਰਤੀ ਸਮਰਪਣ ਸਦਕਾ ਸਕੂਲ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਉਪਲਬਧੀ ਲਈ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਸਕੂਲ ਦੀ ਪ੍ਰਿੰਸੀਪਲ ਮਨੀਸ਼ ਬਸਨੇਟ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ, 'ਇਹ ਸਫਲਤਾ ਸਾਡੇ ਵਿਦਿਆਰਥੀਆਂ ਦੀ ਪ੍ਰਤਿਭਾ, ਲਗਾਤਾਰ ਮਿਹਨਤ ਅਤੇ ਅਧਿਆਪਕਾਂ ਦੇ ਸਮਰਪਿਤ ਮਾਰਗਦਰਸ਼ਨ ਦਾ ਨਤੀਜਾ ਹੈ।ਸੀ ਟੀ ਪਬਲਿਕ ਸਕੂਲ ਵਿੱਚ ਅਸੀਂ ਅਕਾਦਮਿਕ ਉਤਕ੍ਰਿਸ਼ਟਤਾ ਦੇ ਨਾਲ-ਨਾਲ ਹਰ ਵਿਦਿਆਰਥੀ ਦੀ ਰਚਨਾਤਮਕ ਯੋਗਤਾ ਨੂੰ ਵੀ ਨਿਖਾਰਨ ਲਈ ਵਚਨਬੱਧ ਹਾਂ। ਸਾਨੂੰ ਆਪਣੇ ਵਿਦਿਆਰਥੀਆਂ 'ਤੇ ਮਾਣ ਹੈ ਜਿਨ੍ਹਾਂ ਨੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਮੈਂ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਇਸ ਉਪਲਬਧੀ ਲਈ ਦਿਲੋਂ ਵਧਾਈ ਦਿੰਦੀ ਹਾਂ ਅਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੀ ਹਾਂ।' ਸਕੂਲ ਪ੍ਰਬੰਧਕਾਂ ਨੇ ਵੀ ਵਿਦਿਆਰਥੀਆਂ ਅਤੇ ਮਾਰਗਦਰਸ਼ਕ ਅਧਿਆਪਕਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਮਿਹਨਤ, ਲਗਨ ਅਤੇ ਸਮਰਪਣ ਦੀ ਭਰਪੂਰ ਸਰਾਹਨਾ ਕੀਤੀ। ਇਹ ਉਪਲਬਧੀ ਇਸ ਗੱਲ ਦਾ ਪ੍ਰਮਾਣ ਹੈ ਕਿ ਸੀ ਟੀ ਪਬਲਿਕ ਸਕੂਲ ਅਕਾਦਮਿਕ ਖੇਤਰ ਦੇ ਨਾਲ-ਨਾਲ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਵੀ ਉਤਕ੍ਰਿਸ਼ਟਤਾ ਨੂੰ ਉਤਸ਼ਾਹਿਤ ਕਰਦਿਆਂ ਆਤਮਵਿਸ਼ਵਾਸੀ, ਸਿਰਜਣਾਤਮਕ ਅਤੇ ਸਰਵਪੱਖੀ ਸ਼ਖ਼ਸੀਅਤ ਵਾਲੇ ਵਿਦਿਆਰਥੀ ਤਿਆਰ ਕਰ ਰਿਹਾ ਹੈ।

## ਸ਼ਰਧਾਲੂਆਂ ਦੀ ਸਹੂਲਤ ਲਈ ਪੁਖਤਾ ਇੰਤਜ਼ਾਮ ਕੀਤੇ ਜਾਣਗੇ : ਜਿੰਪਾ

**ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਆਉਣ ਵਾਲੇ ਦਿਨਾਂ ਵਿਚ ਮਾਤਾ ਚਿੰਤਪੁਰਨੀ ਦੇ ਮੇਲਿਆਂ ਦੇ ਮੱਦੇਨਜ਼ਰ ਵੱਖ-ਵੱਖ ਪ੍ਰਬੰਧਾਂ ਅਤੇ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਹਰ ਪੱਖੋਂ ਪੁਖਤਾ ਪ੍ਰਬੰਧ ਕੀਤੇ ਜਾਣਗੇ। ਹੁਸ਼ਿਆਰਪੁਰ ਨਾਲ ਸਬੰਧਤ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮਾਤਾ ਚਿੰਤਪੁਰਨੀ ਦੇ ਮੇਲਿਆਂ ਮੌਕੇ ਲੋੜੀਂਦੇ ਪ੍ਰਬੰਧਾਂ ਬਾਰੇ ਚਰਚਾ ਕਰਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਸ਼ਰਧਾਲੂਆਂ ਦੀ ਵੱਡੀ ਗਿਣਤੀ ਵਿਚ ਆਮਦ ਨੂੰ ਲੈ ਕੇ ਜ਼ਿਲ੍ਹੇ ਦੀ ਹਦੂਦ ਅੰਦਰ ਢੁੱਕਵੇਂ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਵੱਖ-ਵੱਖ ਥਾਵਾਂ 'ਤੇ ਲਾਏ ਜਾਣ ਵਾਲੇ ਲੰਗਰਾਂ ਲਈ ਲੋੜੀਂਦੀਆਂ ਸਹੂਲਤਾਂ ਦੇ ਨਾਲ-ਨਾਲ ਸੁਚੱਜੀ ਸਫ਼ਾਈ ਵਿਵਸਥਾ ਨੂੰ ਵੀ ਯਕੀਨੀ ਬਣਾਇਆ ਜਾਵੇਗਾ ਤਾਂ ਜੋ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਆਉਣ ਵਾਲੀ ਸੰਗਤ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ। ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਆਵਾਜਾਈ ਪ੍ਰਬੰਧਾਂ ਬਾਰੇ ਰੱਖੇ ਮਾਮਲਿਆਂ ਨੂੰ ਕੌਮੀ ਰਾਜ ਮਾਰਗ ਅਥਾਰਟੀ ਦੇ ਅਧਿਕਾਰੀਆਂ ਦੇ ਧਿਆਨ ਵਿਚ




ਲਿਆਂਉਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸੜਕਾਂ ਦੀ ਲੋੜੀਂਦੀ ਮੁਰੰਮਤ ਨੂੰ ਤਰਜ਼ੀਹ ਦੇ ਅਧਾਰ 'ਤੇ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਆਵਾਜਾਈ, ਸਫ਼ਾਈ, ਰਾਤ ਸਮੇਂ ਰੌਸ਼ਨੀ, ਲੰਗਰਾਂ ਵਾਲੀਆਂ ਥਾਵਾਂ 'ਤੇ ਬਿਜਲੀ ਸਪਲਾਈ ਅਤੇ ਪੀਣ ਵਾਲੇ ਪਾਣੀ ਦੀ ਵਿਵਸਥਾ ਵੱਲ ਵਿਸ਼ੇਸ਼ ਤਵੱਜੋਂ ਦਿੱਤੀ ਜਾਵੇ ਤਾਂ ਜੋ ਸੰਗਤਾਂ ਨੂੰ ਇਹ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਵੱਖ-ਵੱਖ ਪ੍ਰਬੰਧਾਂ ਦੇ ਨਾਲ-ਨਾਲ ਡਾਕਟਰੀ ਸਹਾਇਤਾ ਨੂੰ ਵੀ ਯਕੀਨੀ ਬਣਾਇਆ ਜਾਵੇ ਤਾਂ ਜੋ ਕਿਸੇ ਵੀ ਐਮਰਜੈਂਸੀ ਮੌਕੇ ਤੁਰੰਤ ਮੈਡੀਕਲ ਸਹਾਇਤਾ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸੁਰੱਖਿਆ ਪ੍ਰਬੰਧਾਂ ਨੂੰ ਵੀ ਪੂਰੀ ਤਰਜ਼ੀਹ ਦਿੰਦਿਆਂ ਸ਼ਰਧਾਲੂਆਂ ਲਈ ਸੁਖਾਲੀ ਆਵਾਜਾਈ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸੜਕਾਂ ਦੇ ਕੰਢਿਆਂ 'ਤੇ ਸਫ਼ਾਈ ਵਿਵਸਥਾ ਨੂੰ ਹਰ ਹਾਲ ਬਰਕਰਾਰ ਰੱਖਿਆ ਜਾਵੇ ਜਿਸ ਨਾਲ ਸੰਗਤਾਂ ਨੂੰ ਮਾਤਾ ਚਿੰਤਪੁਰਨੀ ਜੀ ਦੇ ਦਰਸ਼ਨਾਂ ਲਈ ਜਾਣ ਮੌਕੇ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਇਹ ਧਾਰਮਿਕ ਸਮਾਗਮ ਸੰਸਥਾਵਾਂ ਅਤੇ ਸਰਕਾਰੀ ਵਿਭਾਗਾਂ ਦੇ ਆਪਸੀ ਅਤੇ ਵਧੀਆ ਤਾਲਮੇਲ ਰਾਹੀਂ ਹੋਰ ਵੀ ਵਧੀਆ ਢੰਗ ਨਾਲ ਨੇਪਰੇ ਚਾੜ੍ਹੇ ਜਾ ਸਕਦੇ ਹਨ ਜਿਸ ਲਈ ਸਾਰਿਆਂ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।ਭਾਰੀ ਗਿਣਤੀ ਵਿਚ ਸੰਗਤ ਦੀ ਆਮਦ ਦੇ ਮੱਦੇਨਜ਼ਰ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਪੁਲਿਸ ਅਧਿਕਾਰੀਆਂ ਨੂੰ ਸੁਚਾਰੂ ਟ੍ਰੈਫਿਕ ਵਿਵਸਥਾ ਬਾਰੇ ਨਿਰਦੇਸ਼ ਦਿੰਦਿਆਂ ਕਿਹਾ ਕਿ ਵੱਡੀ ਗਿਣਤੀ ਵਿਚ ਸ਼ਰਧਾਲੂ ਪੈਦਲ ਮਾਤਾ ਚਿੰਤਪੁਰਨੀ ਦੇ ਦਰਸ਼ਨਾਂ ਲਈ ਜਾਂਦੇ ਹਨ ਜਿਨ੍ਹਾਂ ਨੂੰ ਹਿਮਾਚਲ ਪ੍ਰਦੇਸ਼ ਵਿਚ ਪ੍ਰਵੇਸ਼ ਤੱਕ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

## ਐੱਮ ਐੱਸ ਸੀ ਆਈ ਟੀ ਦੇ ਚੌਥੇ ਸਮੈਸਟਰ ਦਾ ਨਤੀਜਾ ਰਿਹਾ ਸ਼ਾਨਦਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਪੰਜਾਬ ਸਰਕਾਰ ਵੱਲੋ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਦੇ ਅੰਦਰ ਚੱਲ ਰਹੇ ਸਰਕਾਰੀ ਕਾਲਜ 'ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ, ਹੁਸ਼ਿਆਰਪੁਰ



ਕੈਂਪਸ' ਜੋ ਕੇ ਵਿਭਾਗ ਵੱਲੋ ਹੋਰ ਕਈ ਜ਼ਿਲ੍ਹਿਆਂ ਵਿੱਚ ਚਲਾਏ ਜਾ ਰਹੇ ਕਈ ਹੋਰ ਸੈਨਿਕ ਇੰਸਟੀਚਿਊਟਸ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਦਾ ਨੋਡਲ ਆਫਿਸ ਵੀ ਹੈ ਤੇ ਆਈ ਕੇ ਜੀ ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ, ਵਿਖੇ ਚੱਲ ਰਹੇ ਐਮ.ਐਸ.ਸੀ ਆਈ.ਟੀ ਦੇ ਚੌਥੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਕੈਂਪਸ ਡਾਇਰੈਕਟਰ-ਕਮ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ (ਰਿਟਾ) ਬਲਜਿੰਦਰ ਸਿੰਘ ਵਿਰਕ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐਮ ਐਸ ਸੀ (ਆਈ ਟੀ) ਦੇ ਚੌਥੇ ਸਮੈਸਟਰ ਵਿੱਚ ਪ੍ਰਭਜੋਤ ਕੌਰ ਨੇ 8.33 ਫੀਸਦੀ ਅੰਕ ਲੈ ਕੇ ਪਹਿਲਾ, ਵੰਸ਼ਿਤਾ ਨੇ 8.00 ਫੀਸਦੀ ਅੰਕ ਲੈ ਕੇ ਦੂਜਾ, ਮਨਿੰਦਰ ਨੇ 7.83 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ।ਇਨ੍ਹਾ ਸ਼ਾਨਦਾਰ ਨਤੀਜਿਆਂ ਲਈ ਸੈਨਿਕ ਇੰਸਟੀਚਿਊਟ ਕੈਂਪਸ ਦੇ ਡਾਇਰੈਕਟਰ-ਕਮ-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਵੱਲੋਂ ਪ੍ਰਿੰਸੀਪਲ ਅਤੇ ਬਾਕੀ ਸਟਾਫ ਪ੍ਰੋ. ਗੀਤੂ ਤਿਵਾਰੀ, ਪ੍ਰੋ. ਸੁਖਵਿੰਦਰ ਸਿੰਘ, ਪ੍ਰੋ. ਜਸਵੀਰ ਸਿੰਘ, ਪ੍ਰੋ. ਚਾਂਦਨੀ ਸ਼ਰਮਾ, ਪ੍ਰੋ. ਸੰਦੀਪ ਕੌਰ , ਪ੍ਰੋ. ਸਿਮਰਨਜੋਤ ਸਿੰਘ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਕਾਲਜ ਪ੍ਰਿੰਸੀਪਲ, ਡਾ : ਪਰਮਿੰਦਰ ਕੌਰ ਸੈਣੀ ਨੇ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਦੇ ਅਕੈਡਮਿਕ ਸਟਾਫ ਵੱਲੋ ਦਿਲ ਲਗਾ ਕੇ ਕਰਵਾਈ ਗਈ ਮਿਹਨਤ ਦੀ ਸ਼ਲਾਘਾ ਕੀਤੀ।